@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 14 August 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 14 ਅਗਸਤ 2025, 30 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 275, qpatrika@gmail.com ਫੋਨ : 9971359517 www.qaumipatrika.org

## 'ਆਧਾਰ ਨਾਗਰਿਕਤਾ ਦਾ ਸਬੂਤ ਨਹੀਂ ਹੈ': ਸੁਪਰੀਮ ਕੋਰਟ

ਨੈਸ਼ਨਲ ਡੈਸਕ 13 ਅਗਸਤ। ਬਿਹਾਰ 'ਚ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (SIR) ਮੁਹਿੰਮ ਸਬੰਧੀ ਸੁਪਰੀਮ ਕੋਰਟ ਨੇ ਵੱਡਾ ਫੈਸਲਾ ਸੁਣਾਇਆ ਹੈ। ਜਸਟਿਸ ਸੂਰਿਆਕਾਂਤ ਨੇ ਚੋਣ ਕਮਿਸ਼ਨ ਦੇ ਸਟੈਂਡ ਨੂੰ ਜਾਇਜ਼ ਠਹਿਰਾਇਆ ਤੇ ਕਿਹਾ ਕਿ ਆਧਾਰ ਕਾਰਡ ਨੂੰ ਨਾਗਰਿਕਤਾ ਦਾ ਨਿਰਣਾਇਕ ਸਬੂਤ ਨਹੀਂ ਮੰਨਿਆ ਜਾ ਸਕਦਾ, ਇਸਦੀ ਪੁਸ਼ਟੀ ਕਰਨਾ ਜ਼ਰੂਰੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਬਿਹਾਰ ਭਾਰਤ ਦਾ ਅਨਿੱਖੜਵਾਂ ਅੰਗ ਹੈ ਅਤੇ ਜੇਕਰ ਬਿਹਾਰ ਵਿੱਚ ਕੋਈ ਦਸਤਾਵੇਜ਼ ਮਾਨਤਾ ਪ੍ਰਾਪਤ ਨਹੀਂ ਹੈ, ਤਾਂ ਦੂਜੇ ਰਾਜਾਂ ਵਿੱਚ ਵੀ ਅਜਿਹਾ ਹੀ ਹੋਵੇਗਾ। ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦੱਸਿਆ ਕਿ ਸਿਰਫ 3.056% ਲੋਕਾਂ ਕੋਲ ਜਨਮ ਸਰਟੀਫਿਕੇਟ ਹੈ, 2.7% ਕੋਲ ਪਾਸਪੋਰਟ ਹੈ, ਜਦੋਂ ਕਿ 14.71% ਲੋਕਾਂ ਕੋਲ ਮੈਟ੍ਰਿਕ ਸਰਟੀਫਿਕੇਟ ਹੈ। ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਭਾਰਤ ਦੀ ਨਾਗਰਿਕਤਾ ਸਾਬਤ ਕਰਨ ਲਈ ਕੁਝ ਸਬੂਤ ਹੋਣਾ ਜ਼ਰੂਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰ ਨਾਗਰਿਕ ਕੋਲ ਪਛਾਣ ਪੱਤਰ ਹਨ, ਜਿਵੇਂ ਕਿ ਸਿਮ ਕਾਰਡ ਪ੍ਰਾਪਤ ਕਰਨ ਲਈ ਲੋੜੀਂਦੇ ਦਸਤਾਵੇਜ਼, OBC/SC/ST ਸਰਟੀਫਿਕੇਟ ਆਦਿ। ਸੁਣਵਾਈ ਦੌਰਾਨ ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਕੀ ਐਸਆਈਆਰ ਪ੍ਰਕਿਰਿਆ ਕਾਨੂੰਨ ਅਨੁਸਾਰ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਇਹ ਪ੍ਰਕਿਰਿਆ ਸ਼ਰਤੀਆ ਯੋਜਨਾ ਦੇ ਤਹਿਤ ਮਨਜ਼ੂਰ ਹੁੰਦੀ ਹੈ, ਤਾਂ ਇਸ 'ਤੇ ਵਿਚਾਰ ਕੀਤਾ ਜਾਵੇਗਾ, ਪਰ ਜੇਕਰ ਇਹ ਸੰਵਿਧਾਨ ਦੇ ਅਨੁਸਾਰ ਨਹੀਂ ਹੈ, ਤਾਂ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣ ਨੇ ਕਿਹਾ ਕਿ ਸੋਧ ਦਾ ਵੱਡੇ ਪੱਧਰ 'ਤੇ ਬਾਈਕਾਟ ਹੋਇਆ ਹੈ ਤੇ ਲਗਭਗ 65 ਲੱਖ ਲੋਕਾਂ ਨੂੰ ਵੋਟਰ ਸੂਚੀ ਤੋਂ ਬਾਹਰ ਰੱਖਿਆ ਗਿਆ ਹੈ।

# ਗਿਆਨੀ ਹਰਪ੍ਰੀਤ ਸਿੰਘ—ਸਰਕਾਰੀ ਏਜੰਸੀਆਂ ਦੀ ਖੇਡ ਸਿੱਖ ਕੌਮ ਨੂੰ ਵੰਡਣ ਦੀ ਸਾਜ਼ਿਸ਼ ?

ਕੌਮੀ ਪਤ੍ਰਿਕਾ
ਵਿਸ਼ੇਸ਼ ਸੰਵਾਦਦਾਤਾ

ਨਵੀਂ ਦਿੱਲੀ 13 ਅਗਸਤ : ਕਦੇ ਆਪਣੇ ਆਪ ਨੂੰ ਗਿਆਨੀ ਹਰਪ੍ਰੀਤ ਸਿੰਘ ਕਹਾਉਣ ਵਾਲਾ ਹੁਣ ਗਿਆਨੀ ਨਹੀਂ ਰਿਹਾ, ਅੱਜ ਉਹ ਸਿਰਫ਼ ਹਰਪ੍ਰੀਤ ਸਿੰਘ ਹੈ ਉਹ ਵਿਅਕਤੀ ਜਿਸਨੂੰ ਪੰਜਾਬ ਵਿੱਚ ਕਿਸੇ ਵੀ ਵੱਡੇ ਵਰਗ ਦਾ ਸਮਰਥਨ ਨਹੀਂ। ਸਿਰਫ਼ ਗਿਣੇ-ਚੁਣੇ ਚਾਰ-ਪੰਜ ਦਾਗ਼ੀ ਆਦਮੀ ਜਿਹੜੇ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਰਾਜਨੈਤਿਕ ਵਿਰੋਧੀ ਹਨ ਉਹ ਹੀ ਇਸ ਦੇ ਨਾਲ ਹਨ ਬਾਕੀ ਤਾਂ ਪੈਸੇ ਵੰਡ ਕੇ ਬੀੜ ਕਿੱਥੋਂ ਦੀ ਇਕੱਠੀ ਕਰ ਲਓ ! ਪੰਜਾਬ ਦੀ ਸਿਆਸਤ ਵਿੱਚ ਹਰਪ੍ਰੀਤ ਸਿੰਘ ਦਾ ਕੋਈ ਵਜ਼ਨ ਨਹੀਂ, ਕਿਉਂਕਿ ਉਹ ਸ਼ੁਰੂ ਤੋਂ ਹੀ ਸਰਕਾਰੀ ਏਜੰਸੀਆਂ ਦਾ "ਪਲਾਂਟ"ਕੀਤਾ ਹੋਇਆ ਆਦਮੀ ਹੈ। ਇਸਨੂੰ ਸਿਰਫ਼ ਸਿੱਖਾਂ ਨੂੰ ਵੰਡਣ ਲਈ ਖੜਾ ਕੀਤਾ ਗਿਆ ਹੈ ਇਸ ਗੱਲ ਦੀ ਆਮ ਚਰਚਾ ਰਾਜਨੀਤਿਕ ਲੋਕਾਂ ਵਿੱਚ ਚੱਲ ਰਹੀ ਹੈ । ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਾਮ ਦਾ ਦੁਰੁਪਯੋਗ ! ਸਰਦਾਰ ਹਰਪ੍ਰੀਤ ਸਿੰਘ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮ ਨੂੰ ਸਿਆਸੀ ਫਾਇਦੇ ਲਈ ਵਰਤ ਰਿਹਾ ਹੈ। ਇਹ ਵੀ ਖੁਲਾਸਾ ਹੋ ਚੁੱਕਾ ਹੈ ਕਿ ਇਸ ਪਿੱਛੇ ਕੁਝ ਸਿਆਸੀ ਏਜੰਸੀਆਂ ਹਨ ਜੋ ਇਸਨੂੰ ਚਲਾ ਰਹੀਆਂ ਹਨ, ਤਾਂ ਜੋ ਸਿੱਖਾਂ ਵਿੱਚ ਫੁੱਟ ਪਾਈ ਜਾ ਸਕੇ। ਇਸਨੂੰ ਸ਼੍ਰੋਮਣੀ ਅਕਾਲੀ ਦਲ ਦਾ ਨਾਮ ਵਰਤਣ ਲਈ ਵੀ ਖੜਾ ਕੀਤਾ ਗਿਆ ਹੈ, ਤਾਂ ਜੋ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਕੌਮ ਨੂੰ ਕਮਜ਼ੋਰ ਕੀਤਾ ਜਾ ਸਕੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਤੋਂ ਬਾਹਰ, ਆ ਕੇ ਸਰਦਾਰ ਹਰਪ੍ਰੀਤ ਸਿੰਘ ਨੂੰ ਸਿੱਧਾ ਅਕਾਲੀ ਦਲ ਦਾ "ਪ੍ਰਧਾਨ"ਬਨਵਾ ਦਿੱਤਾ ਗਿਆ ! ਜਦੋਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਇਸਨੂੰ ਗੁਰਦੁਆਰਾ ਪ੍ਰਬੰਧ ਤੋਂ ਬਾਹਰ ਕੱਢਿਆ, ਤਦੋਂ ਤੋਂ ਹਰਪ੍ਰੀਤ ਸਿੰਘ ਏਜੰਸੀਆਂ ਲਈ ਬੇਕਾਰ ਆਦਮੀ ਹੋ ਗਿਆ ਸੀ। ਪਰ ਹੁਣ ਏਜੰਸੀਆਂ ਨੇ ਇਸਨੂੰ ਸਿੱਧਾ ਅਕਾਲੀ ਦਲ ਦਾ "ਪ੍ਰਧਾਨ"ਬਣਵਾ ਦਿੱਤਾ। ਜੇ ਐਸਾ ਹੀ ਹੈ ਤਾਂ ਫਿਰ ਕੋਈ ਵੀ ਸਿੱਖ ਆਪਣਾ ਸ਼੍ਰੋਮਣੀ "ਅਕਾਲੀ ਦਲ"ਬਣਾਕੇ ਪ੍ਰਧਾਨ ਬਣ ਸਕਦਾ ਹੈ — ਪਰ ਹਕੀਕਤ ਇਹ ਹੈ ਕਿ ਇੱਕ ਸਿਆਸੀ ਪਾਰਟੀ ਚਲਾਉਣ ਲਈ ਕਰੋੜਾਂ-ਅਰਬਾਂ ਰੁਪਏ ਦਾ ਖਜ਼ਾਨਾ, ਬਲਾਕ ਪੱਧਰ ਤੋਂ ਲੈ ਕੇ ਮੁਹੱਲਾ ਪੱਧਰ , ਤਹਿਸੀਲ ਪੱਧਰ ,ਅਤੇ ਜ਼ਿਲ੍ਹਾ ਪੱਧਰ ਤੱਕ ਮਜ਼ਬੂਤ ਕੈਡਰ ਅਤੇ ਹਜ਼ਾਰਾਂ ਵਰਕਰਾਂ ਦੀ ਲੋੜ ਹੁੰਦੀ ਹੈ। ਹਰਪ੍ਰੀਤ ਸਿੰਘ ਕੋਲ ਇਹ ਸਭ ਕੁਝ ਨਹੀਂ ਹੈ। ਇਸ ਦੇ ਕੋਲ ਸਿਰਫ ਸਰਕਾਰੀ ਏਜੰਸੀਆਂ ਹਨ ਅਤੇ ਇੱਕ-ਸੂਤਰੀ ਕਾਰਜਕ੍ਰਮ ਹੈ— ਸਿਰਫ਼ ਸਰਦਾਰ ਸੁਖਬੀਰ ਬਾਦਲ ਨੂੰ ਗਾਲ੍ਹਾਂ ਕੱਢਣੀਆ ਅਤੇ ਭਲਾ ਬੁਰਾ ਕਹਿਣਾ । ਹਰਪ੍ਰੀਤ ਸਿੰਘ ਦਾ ਇੱਕ ਹੀ ਕੰਮ ਹੈ— ਪ੍ਰੈਸ ਕਾਨਫਰਸਾਂ ਕਰਕੇ ਸਿੱਖਾਂ ਨੂੰ ਗੁਮਰਾਹ ਕਰਨਾ ਬਾਕੀ ਨਾ ਇਸਦੇ ਕੋਲ ਪੰਜਾਬ ਦੇ ਅਸਲੀ ਮਸਲਿਆਂ ਦਾ ਕੋਈ ਹੱਲ ਹੈ, ਨਾ ਹੀ ਦੇਸ਼ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਲਈ ਕੋਈ ਯੋਜਨਾ। ਦੇਸ਼ ਦੀ ਸਿਆਸਤ ਵਿੱਚ ਕੀ ਚੱਲ ਰਿਹਾ ਹੈ? ਇਸ ਉੱਤੇ ਵੀ ਇਸਦੇ ਕੋਲ ਕੋਈ ਵਿਚਾਰ ਨਹੀਂ ਹਨ। ਇਸਦਾ ਇਕ-ਸੂਤਰੀ ਕਾਰਜਕ੍ਰਮ ਹੈ— ਸਿੱਖਾਂ ਨੂੰ ਵੰਡਣਾ, ਅਕਾਲੀ ਦਲ ਨੂੰ ਗਾਲ੍ਹਾਂ ਦੇਣਾ, ਸੁੱਖਬੀਰ ਬਾਦਲ ਨੂੰ ਗਾਲ੍ਹਾਂ ਦੇਣਾ, ਤੇ SGPC ਨੂੰ ਬਹੁਤ ਮਾੜਾ ਕਹਿਣਾ।



Contd.............. page-3

# ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਪਾਰਟੀ ਦੇ ਮਹਿਲਾ ਵਿੰਗ ਲੀਡਰਸ਼ਿਪ ਸਿਖਲਾਈ ਪ੍ਰੋਗਰਾਮ ਨੂੰ ਕੀਤਾ ਸੰਬੋਧਨ

ਕੌਮੀ ਪਤ੍ਰਿਕਾ
ਵਿਸ਼ੇਸ਼ ਸੰਵਾਦਦਾਤਾ

ਚੰਡੀਗੜ੍ਹ, 13 ਅਗਸਤ: ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ




ਮਾਨ ਨੇ ਬੁੱਧਵਾਰ ਨੂੰ ਪਾਰਟੀ ਦੇ ਮਹਿਲਾ ਵਿੰਗ ਲੀਡਰਸ਼ਿਪ ਸਿਖਲਾਈ ਪ੍ਰੋਗਰਾਮ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਸਮਾਜਿਕ-ਰਾਜਨੀਤਿਕ ਗਤੀਵਿਧੀਆਂ ਵਿੱਚ ਸਰਗਰਮ ਹਿੱਸਾ ਲੈਣ ਦੀ ਅਪੀਲ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ, ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਆਪ ਪੰਜਾਬ ਪ੍ਰਧਾਨ ਅਮਨ ਅਰੋੜਾ, ਪਾਰਟੀ ਦੀ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਅਤੇ ਮੋਗਾ ਤੋਂ ਵਿਧਾਇਕ ਅਮਨਦੀਪ ਕੌਰ ਅਰੋੜਾ ਅਤੇ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜਲਾਲੀ ਗਿੱਲ ਪ੍ਰੋਗਰਾਮ ਵਿੱਚ ਮੌਜੂਦ ਸਨ। ਅਰਵਿੰਦ ਕੇਜਰੀਵਾਲ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ ਹੀ ਔਰਤਾਂ ਨੂੰ ਸਰਗਰਮ ਰਾਜਨੀਤੀ ਵਿੱਚ ਆਉਣ ਦਾ ਮੌਕਾ ਦਿੰਦੀ ਹੈ। ਹੋਰ ਪਾਰਟੀਆਂ ਰਾਜਨੀਤਿਕ ਉਦੇਸ਼ਾਂ ਲਈ ਔਰਤਾਂ ਦੀ ਵਰਤੋਂ ਕਰਦੀਆਂ ਹਨ। ਉਹ ਆਪਣੇ ਮਹਿਲਾ ਵਿੰਗ ਦੀ ਆਗੂਆਂ ਰਾਹੀਂ ਔਰਤਾਂ ਨੂੰ ਰੈਲੀਆਂ ਵਿੱਚ ਬੁਲਾਉਂਦੀਆਂ ਹਨ ਜਾਂ ਕੁਝ ਮਹਿਲਾ-ਕੇਂਦ੍ਰਿਤ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਹੁੰਦੀ ਹੈ। ਉਹ ਆਮ ਪਰਿਵਾਰਾਂ ਦੀਆਂ ਔਰਤਾਂ ਨੂੰ ਸਰਗਰਮ ਰਾਜਨੀਤੀ ਵਿੱਚ ਨਹੀਂ ਆਉਣ ਦਿੰਦੀਆਂ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ, ਸਾਡੀ ਸਰਕਾਰ ਲਗਾਤਾਰ ਔਰਤਾਂ ਦੀ ਭਲਾਈ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਲਈ ਕੰਮ ਕਰ ਰਹੀ ਹੈ। 'ਆਪ' ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੋਂ ਵੀ ਔਰਤਾਂ ਨੂੰ ਸਭ ਤੋਂ ਵੱਧ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਨਸ਼ਿਆਂ ਤੋਂ ਸਭ ਤੋਂ ਵੱਧ ਦੁੱਖ ਝੱਲਣਾ ਪੈਂਦਾ ਹੈ ਕਿਉਂਕਿ ਨਸ਼ੇ ਉਨ੍ਹਾਂ ਦੇ ਬੱਚੇ ਤੇ ਪਤੀ ਉਨ੍ਹਾਂ ਤੋਂ ਖੋਹ ਲੈਂਦੇ ਹਨ ਅਤੇ ਉਨ੍ਹਾਂ ਦੇ ਘਰ ਬਰਬਾਦ ਕਰ ਦਿੰਦੇ ਹਨ। ਇਸ ਲਈ ਔਰਤਾਂ ਨੂੰ ਵੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਪ੍ਰਮੁੱਖਤਾ ਨਾਲ ਹਿੱਸਾ ਲੈਣਾ ਚਾਹੀਦਾ ਹੈ ਅਤੇ ਪੰਜਾਬ ਵਿੱਚੋਂ ਨਸ਼ਾਖੋਰੀ ਨੂੰ ਖਤਮ ਕਰਨ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਣਾ ਚਾਹੀਦਾ ਹੈ। ਕੇਜਰੀਵਾਲ ਨੇ ਔਰਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਤੁਹਾਡੇ ਬੱਚੇ, ਪਿਤਾ ਜਾਂ ਪਤੀ ਨਸ਼ੇ ਦੀ ਲਤ ਤੋਂ ਪੀੜਤ ਹਨ ਤਾਂ ਬਿਨਾਂ ਕਿਸੇ ਝਿਜਕ ਦੇ ਉਨ੍ਹਾਂ ਨੂੰ ਤੁਰੰਤ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਓ। 'ਆਪ' ਸਰਕਾਰ ਨੇ ਇਨ੍ਹਾਂ ਕੇਂਦਰਾਂ ਵਿੱਚ ਹਰ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਦਾ ਪ੍ਰਬੰਧ ਕੀਤਾ ਹੈ। ਇਨ੍ਹਾਂ ਵਿੱਚ ਏਅਰ ਕੰਡੀਸ਼ਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਮਰੀਜ਼ਾਂ ਨੂੰ ਗਰਮੀ ਕਾਰਨ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਔਰਤਾਂ ਨੂੰ ਆਪਣੇ ਇਲਾਕਿਆਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਉਣ ਦੀ ਅਪੀਲ ਵੀ ਕੀਤੀ। ਕੇਜਰੀਵਾਲ ਨੇ ਕਿਹਾ ਕਿ ਮੇਰੇ ਵਿਚਾਰ ਵਿੱਚ, ਸਭ ਤੋਂ ਪੁੰਨ ਦਾ ਕੰਮ ਨਸ਼ੇ ਦੀ ਲਤ ਤੋਂ ਪੀੜਤ ਲੋਕਾਂ ਨੂੰ ਬਚਾਉਣਾ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਪਸ ਲੀਹ 'ਤੇ ਲਿਆਉਣਾ ਹੈ। ਕੇਜਰੀਵਾਲ ਨੇ ਕਿਹਾ ਕਿ ਅਸੀਂ ਗਰੀਬਾਂ ਦੀ ਭਲਾਈ ਲਈ ਕੰਮ ਕਰਦੇ ਹਾਂ, ਇਸੇ ਲਈ ਅਸੀਂ ਅਜੇ ਵੀ ਰਾਜਨੀਤੀ ਵਿੱਚ ਜ਼ਿੰਦਾ ਹਾਂ। ਸਾਡੇ ਵਿਰੁੱਧ ਕਈ ਸਾਜ਼ਿਸ਼ਾਂ ਰਚੀਆਂ ਗਈਆਂ। ਮੈਨੂੰ ਅਤੇ ਮੇਰੀ ਪਾਰਟੀ ਦੇ ਆਗੂਆਂ ਨੂੰ ਜੇਲ੍ਹ ਭੇਜਿਆ ਗਿਆ ਅਤੇ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਅਸੀਂ ਨਹੀਂ ਟੁੱਟੇ ਕਿਉਂਕਿ ਗਰੀਬਾਂ ਅਤੇ ਆਮ ਲੋਕਾਂ ਦਾ ਆਸ਼ੀਰਵਾਦ ਸਾਡੇ ਨਾਲ ਹੈ। ਅਸੀਂ ਗਰੀਬਾਂ ਦੇ ਬੱਚਿਆਂ ਲਈ ਚੰਗੇ ਸਕੂਲ, ਮੁਹੱਲਾ ਕਲੀਨਿਕ ਅਤੇ ਉਨ੍ਹਾਂ ਦੇ ਇਲਾਜ ਲਈ ਚੰਗੇ ਸਰਕਾਰੀ ਹਸਪਤਾਲ ਬਣਾਏ ਅਤੇ ਉਨ੍ਹਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਕਰ ਦਿੱਤੇ।

Contd.............. page-3

## "ਪਾਕਿਸਤਾਨੀ ਫ਼ੌਜ ਮੁਖੀ ਦੇ ਬਿਆਨ ਦਾ ਭਾਰਤ ਸਰਕਾਰ ਨੂੰ ਦੇਣਾ ਚਾਹੀਦੈ ਰਾਜਨੀਤਿਕ ਜਵਾਬ": ਅਸਦੁੱਦੀਨ ਓਵੈਸੀ

ਨੈਸ਼ਨਲ ਡੈਸਕ 13 ਅਗਸਤ। ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲੀਮੀਨ (ਏ.ਆਈ.ਐੱਮ.ਆਈ.ਐੱਮ.) ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਪਾਕਿਸਤਾਨ ਫੌਜ ਮੁਖੀ ਆਸਿਮ ਮੁਨੀਰ ਵੱਲੋਂ ਅਮਰੀਕੀ ਧਰਤੀ ਤੋਂ ਭਾਰਤ ਨੂੰ ਦਿੱਤੀ ਗਈ ਪ੍ਰਮਾਣੂ ਧਮਕੀ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਮੋਦੀ ਸਰਕਾਰ ਨੂੰ ਇਸ ਦਾ ਰਾਜਨੀਤਿਕ ਜਵਾਬ ਦੇਣਾ ਚਾਹੀਦਾ ਹੈ। ਹੈਦਰਾਬਾਦ ਤੋਂ ਲੋਕ ਸਭਾ ਮੈਂਬਰ ਓਵੈਸੀ ਨੇ ਕਿਹਾ ਕਿ ਭਾਰਤ ਅਮਰੀਕਾ ਦਾ ਰਣਨੀਤਕ ਭਾਈਵਾਲ ਹੈ ਅਤੇ ਅਮਰੀਕੀ ਧਰਤੀ ਦੀ ਇਹ ਦੁਰਵਰਤੋਂ ਭਾਰਤ ਅਤੇ ਭਾਰਤੀਆਂ ਦੋਵਾਂ ਲਈ ਅਸਵੀਕਾਰਨਯੋਗ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਆਪਣਾ ਵਿਰੋਧ ਦਰਜ ਕਰਵਾਏ ਅਤੇ ਇਸ ਮੁੱਦੇ ਨੂੰ ਅਮਰੀਕਾ ਕੋਲ ਜ਼ੋਰਦਾਰ ਢੰਗ ਨਾਲ ਉਠਾਏ। ਓਵੈਸੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, ਭਾਰਤ ਵਿਰੁੱਧ ਪਾਕਿਸਤਾਨੀ ਫੌਜ ਮੁਖੀ ਦੀਆਂ ਧਮਕੀਆਂ ਅਤੇ ਭਾਸ਼ਾ ਨਿੰਦਣਯੋਗ ਹੈ। ਉਨ੍ਹਾਂ ਨੇ ਇਹ ਸਭ ਅਮਰੀਕੀ ਧਰਤੀ ਤੋਂ ਕੀਤਾ, ਜਿਸ ਨਾਲ ਸਥਿਤੀ ਵਿਗੜ ਗਈ ਹੈ। ਇਸ ਲਈ ਮੋਦੀ ਸਰਕਾਰ ਤੋਂ ਰਾਜਨੀਤਿਕ ਜਵਾਬ ਦੀ ਲੋੜ ਹੈ, ਨਾ ਕਿ ਸਿਰਫ ਵਿਦੇਸ਼ ਮੰਤਰਾਲੇ ਦੇ ਬਿਆਨ ਦੀ। ਏ.ਆਈ.ਐੱਮ.ਆਈ.ਐੱਮ. ਮੁਖੀ ਨੇ ਕਿਹਾ ਕਿ ਪਾਕਿਸਤਾਨ ਦੇ ਫੌਜੀ ਇਰਾਦਿਆਂ ਨੂੰ ਜਾਣਦੇ ਹੋਏ, ਭਾਰਤ ਨੂੰ ਆਪਣੀਆਂ ਹਥਿਆਰਬੰਦ ਫੌਜਾਂ ਨੂੰ ਆਧੁਨਿਕ ਬਣਾਉਣ ਦੀ ਲੋੜ ਹੈ।

## ਪੰਜਾਬ ਯੂਨੀਵਰਸਿਟੀ ਦੇ ਹੋਸਟਲ 'ਚ 60 ਲੱਖ ਦਾ ਘਪਲਾ

ਚੰਡੀਗੜ੍ਹ 13 ਅਗਸਤ। ਪੰਜਾਬ ਯੂਨੀਵਰਸਿਟੀ (ਪੀ. ਯੂ.) 'ਚ ਡਾ. ਸੁਸ਼ੀਲ ਨਈਅਰ ਵਰਕਿੰਗ ਵੁਮੈਨ ਹੋਸਟਲ 'ਚ ਵਿਦਿਆਰਥੀਆਂ ਦੀ ਫ਼ੀਸ ਨਾਲ ਹੋਏ 60 ਲੱਖ ਦੇ ਘਪਲੇ ਨੂੰ ਲੈ ਕੇ ਪੀ. ਯੂ. ਪ੍ਰਬੰਧਨ ਨੇ ਮਾਮਲੇ ਦੀ ਜਾਂਚ ਨੂੰ ਲੈ ਕੇ ਐੱਫ. ਆਈ. ਆਰ. ਦਰਜ ਕਰਵਾ ਦਿੱਤੀ ਹੈ। ਪੁਲਸ ਤੱਥਾਂ ਨੂੰ ਲੈ ਕੇ ਜਾਂਚ ਕਰ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਮਾਮਲੇ ਦੀ ਜਾਂਚ ਲਈ ਜੋ ਕਮੇਟੀ ਬਣਾਈ ਗਈ ਸੀ, ਉਸ ਦੀ ਰਿਪੋਰਟ ਵੀ ਤਿਆਰ ਕੀਤੀ ਗਈ ਹੈ। ਉਕਤ ਹੋਸਟਲ 'ਚ ਕੰਮ ਕਰਨ ਵਾਲੀ ਸਾਬਕਾ ਡੈਲੀਵੇਜਰਸ ਮਹਿਲਾ ਮੁਲਾਜ਼ਮ ਨੂੰ ਕਰੀਬ 60 ਲੱਖ ਰੁਪਏ ਆਪਣੇ ਅਕਾਊਂਟ 'ਚ ਟਰਾਂਸਫਰ ਕਰਵਾਉਣ ਦੇ ਦੋਸ਼ 'ਚ ਮੁਅੱਤਲ ਕਰ ਦਿੱਤਾ ਗਿਆ ਸੀ। ਇਹ ਘਪਲਾ ਵਾਰਡਨ ਪ੍ਰੋ. ਅਵਨੀਤ ਕੌਰ ਦੇ ਕਾਰਜਕਾਲ ਦੌਰਾਨ ਹੋਇਆ ਹੈ। ਉਸ ਤੋਂ ਬਾਅਦ ਮਾਮਲੇ ਨੂੰ ਲੈ ਕੇ ਜਾਂਚ ਚੱਲ ਰਹੀ ਹੈ। ਕੁੱਝ ਸਮਾਂ ਪਹਿਲਾਂ ਤੱਕ ਇਹ ਗੱਲ ਇੱਥੇ ਅਟਕੀ ਸੀ ਕਿ ਆਖ਼ਰ ਮਾਮਲੇ ਨੂੰ ਲੈ ਕੇ ਐੱਫ. ਆਈ. ਆਰ. ਕੌਣ ਕਰਵਾਏਗਾ।

# ਰਾਹੁਲ ਮਗਰੋਂ ਹੁਣ ਪ੍ਰਿਅੰਕਾ ਗਾਂਧੀ ਨੇ ਵੀ ਸੁਪਰੀਮ ਕੋਰਟ ਦੇ 'ਆਵਾਰਾ ਕੁੱਤਿਆਂ' ਵਾਲੇ ਆਦੇਸ਼ ਦੀ ਕੀਤੀ ਨਿਖੇਧੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 13 ਅਗਸਤ। ਕਾਂਗਰਸੀ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਕੁਝ ਹਫ਼ਤਿਆਂ ਵਿੱਚ ਸ਼ਹਿਰ ਦੇ ਸਾਰੇ ਆਵਾਰਾ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਭੇਜਣ ਦਾ ਕਦਮ ਉਨ੍ਹਾਂ ਨਾਲ ਬਹੁਤ ਹੀ ਅਣਮਨੁੱਖੀ ਵਿਵਹਾਰ ਹੋਵੇਗਾ। ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਕੁੱਤੇ ਸਭ ਤੋਂ ਸੁੰਦਰ ਅਤੇ ਕੋਮਲ ਜੀਵ ਹਨ ਅਤੇ ਉਹ ਅਜਿਹੇ ਜ਼ਾਲਮਾਨਾ ਸਲੂਕ ਦੇ ਹੱਕਦਾਰ ਨਹੀਂ ਹਨ। ਉਨ੍ਹਾਂ ਦੀ ਇਹ ਟਿੱਪਣੀ ਸੁਪਰੀਮ ਕੋਰਟ ਵੱਲੋਂ ਦਿੱਲੀ-ਰਾਸ਼ਟਰੀ ਰਾਜਧਾਨੀ ਖੇਤਰ (ਐੱਨ.ਸੀ.ਆਰ.) ਦੇ ਅਧਿਕਾਰੀਆਂ ਨੂੰ ਸੜਕਾਂ ਤੋਂ ਸਾਰੇ ਆਵਾਰਾ ਜਾਨਵਰਾਂ ਨੂੰ ਜਿੰਨੀ ਜਲਦੀ ਹੋ ਸਕੇ ਸਥਾਈ ਤੌਰ 'ਤੇ ਸ਼ੈਲਟਰਾਂ ਵਿੱਚ ਤਬਦੀਲ ਕਰਨ ਦੇ ਨਿਰਦੇਸ਼ ਦੇਣ ਤੋਂ ਇੱਕ ਦਿਨ ਬਾਅਦ ਆਈ ਹੈ। ਪ੍ਰਿਯੰਕਾ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, ਕੁਝ ਹਫ਼ਤਿਆਂ ਵਿੱਚ ਸ਼ਹਿਰ ਦੇ ਸਾਰੇ ਆਵਾਰਾ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਭੇਜਣਾ ਉਨ੍ਹਾਂ ਨਾਲ ਬਹੁਤ ਹੀ ਅਣਮਨੁੱਖੀ ਵਿਵਹਾਰ ਹੋਵੇਗਾ। ਉਨ੍ਹਾਂ ਨੂੰ ਰੱਖਣ ਲਈ ਕਾਫ਼ੀ



ਸ਼ੈਲਟਰਾਂ ਨਹੀਂ ਹਨ। ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਸ਼ਹਿਰੀ ਵਾਤਾਵਰਣ ਵਿੱਚ ਜਾਨਵਰਾਂ ਨਾਲ ਦੁਰਵਿਵਹਾਰ ਅਤੇ ਬੇਰਹਿਮੀ ਕੀਤੀ ਜਾਂਦੀ ਹੈ। ਵਾਇਨਾਡ ਤੋਂ ਲੋਕ ਸਭਾ ਮੈਂਬਰ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਸਥਿਤੀ ਨੂੰ ਸੰਭਾਲਣ ਦਾ ਯਕੀਨੀ ਤੌਰ 'ਤੇ ਇੱਕ ਬਿਹਤਰ ਤਰੀਕਾ ਹੈ। ਕੋਈ ਮਨੁੱਖੀ ਤਰੀਕਾ ਲੱਭਿਆ ਜਾ ਸਕਦਾ ਹੈ ਜਿਸ ਵਿੱਚ ਇਨ੍ਹਾਂ ਮਾਸੂਮ ਜਾਨਵਰਾਂ ਦੀ ਦੇਖਭਾਲ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਕੁੱਤੇ ਸਭ ਤੋਂ ਸੁੰਦਰ ਅਤੇ ਕੋਮਲ ਜੀਵ ਹਨ, ਉਹ ਅਜਿਹੇ ਜ਼ਾਲਮ ਸਲੂਕ ਦੇ ਹੱਕਦਾਰ ਨਹੀਂ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਨਿਰਦੇਸ਼ ਦਿੱਤਾ ਕਿ ਦਿੱਲੀ ਸਰਕਾਰ ਅਤੇ ਗੁਰੂਗ੍ਰਾਮ, ਨੋਇਡਾ ਅਤੇ ਗਾਜ਼ੀਆਬਾਦ ਦੀਆਂ ਨਗਰਪਾਲਿਕਾ ਸੰਸਥਾਵਾਂ ਸਾਰੇ ਅਵਾਰਾ ਜਾਨਵਰਾਂ ਨੂੰ ਹਟਾ ਕੇ ਉਨ੍ਹਾਂ ਨੂੰ ਆਸਰਾ ਸਥਾਨਾਂ ਵਿੱਚ ਰੱਖਣ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਆਰ ਮਹਾਦੇਵਨ ਦੇ ਬੈਂਚ ਨੇ ਕਿਹਾ ਕਿ ਅਵਾਰਾ ਕੁੱਤਿਆਂ ਦੇ ਕੱਟਣ ਨਾਲ ਹੋਣ ਵਾਲੀ ਰੇਬੀਜ਼ ਦੀ ਸਮੱਸਿਆ, ਖਾਸ ਕਰਕੇ ਬੱਚਿਆਂ ਵਿੱਚ, ਬਹੁਤ ਗੰਭੀਰ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸਮੇਂ ਦੇ ਨਾਲ ਕੁੱਤਿਆਂ ਲਈ ਆਸਰਾ ਸਥਾਨਾਂ ਦੀ ਗਿਣਤੀ ਵਧਾਉਣੀ ਪਵੇਗੀ। ਅਦਾਲਤ ਨੇ ਦਿੱਲੀ ਅਧਿਕਾਰੀਆਂ ਨੂੰ 6 ਤੋਂ 8 ਹਫ਼ਤਿਆਂ ਦੇ ਅੰਦਰ ਲਗਭਗ 5,000 ਕੁੱਤਿਆਂ ਲਈ ਆਸਰਾ ਸਥਾਨ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।



# ਫਿਰੌਤੀ ਮੰਗਣ ਤੇ ਦੁਕਾਨ 'ਤੇ ਗੋਲੀਬਾਰੀ ਕਰਨ ਵਾਲੇ ਦੋ ਕਾਬੂ, ਨਾਮੀ ਗੈਂਗਸਟਰ ਦੇ ਕਹਿਣ 'ਤੇ ਕੀਤੀ ਸੀ ਵਾਰਦਾਤ

**ਕੌਮੀ ਪੱਤ੍ਰਿਕਾ**

ਗੁਰਦਾਸਪੁਰ 13 ਅਗਸਤ। ਫਿਰੌਤੀ ਦੀ ਮੰਗ ਕਰਨ ਤੇ ਫਤਹਿਗੜ੍ਹ ਚੂੜੀਆ ਵਿਚ ਦਸਤੂਰ-ਏ-ਦਸਤਾਰ ਦੀ ਦੁਕਾਨ 'ਤੇ ਗੋਲੀਆ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਬਟਾਲਾ ਪੁਲਸ ਵਲੋਂ ਕੀਤਾ ਗਿਆ। ਪੁਲਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਿਤੀ 24-7-2025 ਤੇ 25-7-2025 ਨੂੰ ਪਰਮਿੰਦਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਕੋਟਲੀ ਸੂਰਤ ਮੱਲੀ ਨੂੰ ਵਿਦੇਸ਼ ਦੇ ਨੰਬਰ 'ਤੇ ਧਮਕੀ ਆਈ, ਜਿਸ ਨੇ ਕਿਹਾ ਕਿ ਉਹ ਜੈਸਲ ਚੰਬਲ ਬੋਲਦਾ ਹੈ ਜਿਸ ਪਾਸੋਂ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ। ਪਰਮਿੰਦਰ ਸਿੰਘ, ਜਿਸ ਦੀ ਰੇਡੀਮੇਡ ਕੱਪੜਿਆ ਦੀ ਦੁਕਾਨ ਘੈਂਟ ਕੁਲਕੇਸ਼ਨ ਕੋਟਲੀ ਸੂਰਤ ਮੱਲੀ ਤੇ ਫਤਹਿਗੜ੍ਹ ਚੂੜੀਆ ਵਿਚ ਹੈ। ਇਸ ਦੌਰਾਨ ਪਰਮਿੰਦਰ ਸਿੰਘ ਦੇ ਬਿਆਨ 'ਤੇ ਮੁਕੱਦਮਾ ਵੀ ਦਰਜ ਕੀਤਾ ਗਿਆ ਸੀ ਤੇ ਉਸੇ ਵਿਚਕਾਰ ਮਿਤੀ 31-7-2025 ਨੂੰ ਫਤਹਿਗੜ੍ਹ ਚੂੜੀਆ ਏਰੀਏ ਵਿਚ ਦਸਤੂਰ-ਏ-ਦਸਤਾਰ ਦੀ ਦੁਕਾਨ ਤੇ ਦੋ ਅਣਪਛਾਤੇ ਵਿਅਕਤੀਆ ਵੱਲੋ ਗੋਲੀਆਂ



ਮਾਰੀਆਂ ਗਈਆਂ ਸਨ ਜੋ ਇਹ ਦੁਕਾਨ ਘੈਂਟ ਕੁਲਕੇਸ਼ਨ ਦੀ ਨਾਲ ਵਾਲੀ ਦੁਕਾਨ ਹੈ ਜਿਸ ਦੇ ਮਾਲਕ ਪਰਮਿੰਦਰ ਸਿੰਘ ਨੂੰ ਧਮਕੀਆ ਆਈਆ ਸਨ ਤੇ ਪੁਲਸ ਐੱਸ.ਐੱਸ.ਪੀ. ਨੇ ਦੱਸਿਆ ਕਿ ਮੁੱਕਦਮਾ ਨੂੰ ਟਰੇਸ ਕਰਨ ਲਈ ਵੱਖ-ਵੱਖ ਟੀਮਾ ਗਠਿਤ ਕੀਤੀਆਂ ਗਈਆਂ, ਜਿਸ 'ਤੇ ਬਟਾਲਾ ਪੁਲਸ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਦਸਤੂਰ-ਏ-ਦਸਤਾਰ ਦੀ ਦੁਕਾਨ ਤੇ ਗੋਲੀਆਂ ਚਲਾਉਣ ਵਾਲੇ ਦੋਸ਼ੀਆਂ ਰਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਰੋੜੇ ਸਾਹ ਕਾਲੋਨੀ ਅੰਮ੍ਰਿਤਸਰ ਤੇ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਦਵਿੰਦਰਪਾਲ ਸਿੰਘ ਵਾਸੀ ਘੰਣੁਪੁਰ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਮੁੱਕਦਮਾ ਨੂੰ ਟਰੇਸ ਕੀਤਾ ਗਿਆ। ਉੱਥੇ ਹੀ ਪੁਲਸ ਐੱਸਐੱਸਪੀ ਨੇ ਦੱਸਿਆ ਕਿ ਉਕਤ ਦੋਸ਼ੀ ਹਰਪ੍ਰੀਤ ਸਿੰਘ ਨੂੰ ਜਦ ਪੇਸ਼ੀ ਤੋ ਬਾਅਦ ਪੁਲਸ ਰਿਮਾਂਡ ਹਾਸਲ ਕਰਨ ਤੋਂ ਬਾਅਦ ਥਾਣਾ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਸ ਵਲੋਂ ਪੁਲਸ ਪਾਰਟੀ ਦਾ ਪਿਸਤੌਲ ਖੋਹਣ ਦੀ ਕੋਸ਼ਿਸ਼ ਕੀਤੀ ਜਿਸ ਵਿਚਾਲੇ ਪੁਲਸ ਕਰਮੀ ਨਾਲ ਗੁੱਥਮ-ਗੁੱਥੀ ਹੁੰਦੇ ਹੋਏ ਫਾਇਰ ਹੋਇਆ ਅਤੇ ਉਹ ਹਰਪ੍ਰੀਤ ਸਿੰਘ ਦੀ ਲੱਤ 'ਤੇ ਗੋਲੀ ਲੱਗ ਗਈ। ਇਸ ਮਗਰੋਂ ਉਹ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਸਿਵਿਲ ਹਸਪਤਾਲ ਬਟਾਲਾ 'ਚ ਇਲਾਜ ਲਈ ਦਾਖਿਲ ਕਰਵਾਇਆ ਗਿਆ ਹੈ। ਗ੍ਰਿਫਤਾਰ ਨੌਜਵਾਨ ਵਿਦੇਸ਼ ਅਮਰੀਕਾ ਬੈਠੇ ਗੈਂਗਸਟਰ ਜੈਸਲ ਦੇ ਕਹਿਣ 'ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ ਜਦਕਿ ਉਨ੍ਹਾਂ ਖਿਲਾਫ ਪਹਿਲਾ ਵੀ ਅਪਰਾਧਿਕ ਮਾਮਲੇ ਦਰਜ ਹਨ।

## ਹੈਰਿਟੇਜ ਡਿਜ਼ਿਟਲਾਈਜੇਸ਼ਨ ਵੱਲ ਵੱਧਦੇ ਹਰਿਆਣਾ ਦੇ ਕਦਮ, ਸੈਰ-ਸਪਾਟਾ ਮੰਤਰੀ ਨੇ ਕੀਤੀ ਵੈਬਸਾਇਟ ਲਾਂਚ

ਚੰਡੀਗੜ੍ਹ, 13 ਅਗਸਤ: ਹਰਿਆਣਾ ਦੇ ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਮੰਗਲਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿੱਚ ਹਰਿਆਣਾ ਪੁਰਾਤੱਤਵ ਅਤੇ ਅਜਾਇਬਘਰ ਵਿਭਾਗ ਦੀ ਅਧਿਕਾਰਿਕ ਵੈਬਸਾਇਟ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਕਿਹਾ ਕਿ ਵੇਬਸਾਇਟ ਸੂਬੇ ਦੀ ਪੁਰਾਤੱਤ ਵਿਰਾਸਤ ਅਤੇ ਸਭਿਆਚਾਰਕ ਅਮੀਰੀ ਨੂੰ ਦੇਸ਼-ਦੁਨਿਆ ਸਾਹਮਣੇ ਪਹੁੰਚਾਉਣ ਦਾ ਸ਼ਾਨਦਾਰ ਮੰਚ ਸਾਬਿਤ ਹੋਵੇਗੀ। ਮੰਗਲਵਾਰ ਨੂੰ ਕੈਬੀਨੇਟ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਪੁਰਾਤੱਤਵ ਅਤੇ ਅਜਾਇਬਘਰ ਵਿਭਾਗ ਦੀ ਵੇਬਸਾਇਟ ਲਾਂਚ ਕਰਦੇ ਹੋਏ ਕਿਹਾ ਕਿ ਇਹ ਡਿਜ਼ਿਟਲ ਪਹਿਲ ਵਿਰਾਸਤ ਸਰੰਖਣ ਵਿੱਚ ਤਕਨੀਕ ਦੇ ਸਫਲ ਸਮਾਵੇਸ਼ਨ ਦਾ ਪ੍ਰਤੀਕ ਹੈ ਜੋ ਪਾਰਦਰਸ਼ਿਤਾ, ਸਿੱਖਿਆ ਅਤੇ ਜਨਭਾਗੀਦਾਰੀ ਨੂੰ ਵਾਧਾ ਦੇਵੇਗੀ। ਕੈਬੀਨੇਟ ਮੰਤਰੀ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਇਸ ਦੌਰਾਨ ਵਿਭਾਗ ਦੇ ਵੱਖ ਵੱਖ ਪੋ?ਰਜੈਕਟ ਦੀ ਤਰੱਕੀ ਦੀ ਜਾਣਕਾਰੀ ਲਈ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਨੇ ਜਲਦ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ 'ਤੇ ਵਿਰਾਸਤ ਅਤੇ ਸੈਰ-ਸਪਾਟੇ ਵਿਭਾਗ ਦੀ ਪ੍ਰਧਾਨ ਸਕੱਤਰ ਸ੍ਰੀਮਤੀ ਕਲਾ ਰਾਮਚੰਦਰਨ, ਪੁਰਾਤੱਤ ਅਤੇ ਅਜਾਇਬਘਰ ਵਿਭਾਗ ਦੇ ਨਿਦੇਸ਼ਕ ਸ੍ਰੀ ਅਮਿਤ ਖੱਤਰੀ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਅਧਿਕਾਰੀਆਂ ਨੇ ਵੇਬਸਾਇਟ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਵੇਬਸਾਇਟ ਹਰਿਆਣਾ ਦੀ ਖੁਸ਼ਹਾਲ ਸਭਿਆਚਾਰਕ ਅਤੇ ਪੁਰਾਤੱਤਵ ਵਿਰਾਸਤ ਨੂੰ ਡਿਜ਼ਿਟਲ ਰਾਹੀਂ ਆਮ ਜਨਤਾ ਤੱਕ ਪਹੁੰਚਾਉਣ ਦਾ ਇੱਕ ਵਿਆਪਕ ਮੰਚ ਹੈ। ਇਸ ਵਿੱਚ ਰਾਜ ਸੁਰੱਖਿਅਤ ਸਮਾਰਕ, ਪੁਰਾਤੱਤ ਸਥਲ, ਅਜਾਇਬਘਰ, ਖੁਦਾਈ ਅਤੇ ਸ਼ੋਧ ਪ੍ਰਕਾਸ਼ਨਾਂ ਦੀ ਵਿਸਥਾਰ ਜਾਣਕਾਰੀ ਉਪਲਬਧ ਹੈ। ਨਾਲ ਹੀ ਵਿਭਾਗ ਦੀ ਯੋਜਨਾਵਾਂ, ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦੀ ਤਾਜਾ ਅਪਡੇਟ ਵੀ ਦਿੱਤੀ ਜਾਵੇਗੀ।

## ਜੋਨ ਪੱਧਰੀ ਐਥਲੈਟਿਕਸ 'ਚ ਐੱਸ.ਏ.ਐੱਸ. ਇੰਟਰਨੈਸ਼ਨਲ ਸਕੂਲ ਚੀਮਾ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਚੀਮਾ ਮੰਡੀ,13 ਅਗਸਤ: ਐੱਸ.ਏ.ਐੱਸ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਜੋਨ ਪੱਧਰੀ ਮੁਕਾਬਲਿਆਂ 'ਚ ਕਈ ਸੋਨੇ ਦੇ ਤਮਗੇ ਜਿੱਤ ਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਅਤੇ ਆਉਣ ਵਾਲੇ ਜ਼ਿਲ੍ਹਾ ਖੇਡਾਂ ਵਿੱਚ ਆਪਣੀ ਜਗ?ਹਾ ਪੱਕੀ ਕੀਤੀ। ਅੰਡਰ-19 ਵਰਗ ਵਿੱਚ ਇੰਦਰਜੀਤ ਸਿੰਘ ਨੇ 100 ਮੀਟਰ ਹੱਡਲ ਰੇਸ 'ਚ ਸੋਨਾ ਜਿੱਤਿਆ, ਜਦਕਿ ਅਰਸ਼ਦੀਪ ਸਿੰਘ ਨੇ 400 ਮੀਟਰ ਹੱਡਲ ਰੇਸ 'ਚ ਪਹਿਲਾ ਸਥਾਨ ਹਾਸਲ ਕੀਤਾ। ਜਸਮੀਨ ਕੌਰ (ਅੰਡਰ-14) ਅਤੇ ਹਰਸ਼ਪ੍ਰੀਤ ਸਿੰਘ (ਅੰਡਰ-17) ਨੇ ਹਾਈ ਜੰਪ 'ਚ ਸੋਨਾ ਜਿੱਤਿਆ। ਫੀਲਡ ਇਵੈਂਟਸ 'ਚ ਪਰਭਜੋਤ ਸਿੰਘ, ਹਰਜੋਤ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਡਿਸਕਸ ਥ?ਰੋ 'ਚ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਅੰਗਦਵੀਰ ਸਿੰਘ ਅਤੇ ਲਵਪ੍ਰੀਤ ਸਿੰਘ ਨੇ ਲਾਂਗ ਜੰਪ 'ਚ ਪਹਿਲਾ ਸਥਾਨ ਜਿੱਤਿਆ। ਕੁੜੀਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ: ਮਨਪ੍ਰੀਤ ਕੌਰ – ਡਿਸਕਸ ਥ?ਰੋ 'ਚ ਪਹਿਲਾ, ਸ਼ਾਟ ਪੁੱਟ 'ਚ ਦੂਜਾ ਸਥਾਨ ਮਹਕਪ੍ਰੀਤ ਕੌਰ – ਡਿਸਕਸ ਥ?ਰੋ 'ਚ ਪਹਿਲਾ ਸਥਾਨ ਕਮਲਜੀਤ ਕੌਰ – ਲਾਂਗ ਜੰਪ 'ਚ ਪਹਿਲਾ, 200 ਮੀਟਰ ਦੌੜ 'ਚ ਦੂਜਾ ਸਥਾਨ ਲਵਪ੍ਰੀਤ ਕੌਰ – 400 ਮੀਟਰ ਦੌੜ 'ਚ ਦੂਜਾ ਸਥਾਨ ਇਹ ਸਾਰੇ ਖਿਡਾਰੀ ਹੁਣ ਜ਼ਿਲ੍ਹਾ ਖੇਡਾਂ ਵਿੱਚ ਸਕੂਲ ਦੀ ਨੁਮਾਇੰਦਗੀ ਕਰਨਗੇ। ਪ੍ਰਿੰਸੀਪਲ ਨੇ ਨੌਜਵਾਨ ਚੈਂਪੀਅਨਾਂ ਅਤੇ ਉਨ੍ਹਾਂ ਦੇ ਕੋਚ ਅਭਿਜੀਤ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੀ ਮਿਹਨਤ, ਦ੍ਰਿੜਤਾ ਅਤੇ ਖੇਡਾਂ ਪ੍ਰਤੀ ਸਮਰਪਣ ਦੀ ਸਰਾਹਨਾ ਕੀਤੀ। "ਇਹ ਸਫਲਤਾ ਵਿਦਿਆਰਥੀਆਂ ਦੀ ਵਚਨਬੱਧਤਾ ਅਤੇ ਕੋਚ ਦੀ ਰਹਿਨੁਮਾਈ ਦਾ ਨਤੀਜਾ ਹੈ,"ਪ੍ਰਿੰਸੀਪਲ ਨੇ ਕਿਹਾ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

## ਸਵਤੰਤਰਤਾ ਦਿਵਸ ਅਤੇ ਜਨਮਾਅਸ਼ਟਮੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ

ਸਵਤੰਤਰਤਾ ਦਿਵਸ ਅਤੇ ਜਨਮਾਅਸ਼ਟਮੀ ਤਿਉਹਾਰਾਂ ਦੇ ਅਵਸਰ ਉਤੇ ਰੇਲਯਾਤਰੀਆਂ ਦੇ ਸੁਵਿਧਾਜਨ ਆਉਣ-ਜਾਣ ਦੇ ਲਈ ਰੇਲਵੇ ਦੁਵਾਰਾ ਹੇਠਾ ਲਿਖੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ ਕੀਤਾ ਜਾਂ ਰਿਹਾ ਹੈ, ਸਮੇਂ-ਸਾਰਣੀ ਹੇਠਾ ਅਨੁਸਾਰ ਹੈ:-

**ਰੇਲਗੱਡੀ ਨੰ: 01707/01708 ਜਬਲਪੁਰ – ਹਜ਼ਰਤ ਨਿਜ਼ਾਮੁਦੀਟ – ਜਬਲਪੁਰ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 04 ਫੇਰੇ

| ਗੱਡੀ ਨੰ: 01707 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 01708 ਆਉਣਾ | ਜਾਣਾ |
|---|---|---|---|---|
| ---- | 18:30 | ਜਬਲਪੁਰ | 08:10 | ---- |
| 11:10 | ---- | ਹਜ਼ਰਤ ਨਿਜ਼ਾਮੁਦੀਨ | ---- | 12:30 |

ਚਲਨ ਦੇ ਦਿਨ : 01707 ਜਬਲਪੁਰ ਤੋਂ ਮਿਤੀ 14.08.2025 ਤੇ 17.08.2025 (ਵੀਰਵਾਰ ਤੇ ਐਤਵਾਰ) ਨੂੰ ਅਤੇ 01708 ਹਜ਼ਰਤ ਨਿਜ਼ਾਮੁਦੀਨ ਤੋਂ ਮਿਤੀ 15.08.2025 ਤੇ 18.08.2025 (ਸ਼ੁੱਕਰਵਾਰ ਤੇ ਸੋਮਵਾਰ) ਨੂੰ।
ਠਹਿਰਾਵ : ਕਟਨੀ ਮੁੜਵਾਰਾ, ਦਮੋਹ, ਸਾਗਰ, ਵੀਰਗਨਾਂ ਲਖਸ਼ਮੀ ਝਾਂਸੀ ਜੰ:, ਗਵਾਲੀਅਰ ਜੰ:, ਆਗਰਾ ਛਾਵਣੀ ਅਤੇ ਮਥੁਰਾ ਜੰ: ਸਟੇਸ਼ਨ।
ਜਗ੍ਹਾਂ : ਵਾਤਾ. 2 ਟੀਯਰ, ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ ਸ਼੍ਰੇਣੀ।

**ਰੇਲਗੱਡੀ ਨੰ: 04415/04416 ਦਿੱਲੀ ਜੰ: – ਰੀਂਗਸ ਜੰ: – ਦਿੱਲੀ ਜੰ: ਰਿਜ਼ਵਰ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ: 04415 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04416 ਆਉਣਾ | ਜਾਣਾ |
|---|---|---|---|---|
| ---- | 20:40 | ਦਿੱਲੀ ਜੰ: | 13:45 | ---- |
| 04:30 | ---- | ਰੀਂਗਸ ਜੰ: | ---- | 05:05 |

ਚਲਨ ਦੇ ਦਿਨ : 04415 ਦਿੱਲੀ ਜੰ: ਤੋਂ ਮਿਤੀ 14, 15 ਤੇ 16.08.2025 ਨੂੰ ਅਤੇ 04416 ਰੀਂਗਸ ਜੰ: ਤੋਂ ਮਿਤੀ 15, 16 ਤੇ 17.08.2025 ਨੂੰ।
ਠਹਿਰਾਵ : ਦਿੱਲੀ ਸਰਾਏ ਰੋਹਿਲਾ, ਦਿੱਲੀ ਛਾਵਣੀ, ਗੁੜਗਾਂਵ, ਪਟੌਦੀ ਰੋਡ, ਰੇਵਾੜੀ ਜੰ:, ਮਹੇਂਦ੍ਰਗੜ੍ਹ, ਲੋਹਾਰੂ, ਚਿੜਾਵਾ, ਝੁਝੁਨੂੰ, ਨਵਲਗੜ੍ਹ ਅਤੇ ਸੀਕਰ ਜੰ: ਸਟੇਸ਼ਨ।
ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ।

**ਰੇਲਗੱਡੀ ਨੰ: 04418/04417 ਹਜ਼ਰਤ ਨਿਜ਼ਾਮੁਦੀਨ – ਵੀਰਾਂਗਨਾ ਲਖਸ਼ਮੀ ਝਾਂਸੀ ਜੰ: – ਹਜ਼ਰਤ ਨਿਜ਼ਾਮੁਦੀਨ ਰਿਜ਼ਵਰ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 06 ਫੇਰੇ

| ਗੱਡੀ ਨੰ: 04418 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04417 ਆਉਣਾ | ਜਾਣਾ |
|---|---|---|---|---|
| ---- | 17:35 | ਹਜ਼ਰਤ ਨਿਜ਼ਾਮੁਦੀਨ | 12:45 | ---- |
| 03:10 | ---- | ਵੀਰਾਂਗਨਾਂ ਲਖਸ਼ਮੀ ਝਾਂਸੀ ਜੰ: | ---- | 03:45 |

ਚਲਨ ਦੇ ਦਿਨ : 04418 ਹਜ਼ਰਤ ਨਿਜ਼ਾਮੁਦੀਨ ਤੋਂ ਮਿਤੀ 14, 15 ਤੇ 16.08.2025 ਨੂੰ ਅਤੇ 04417 ਵੀਰਾਂਗਨਾ ਲਖਸ਼ਮੀ ਝਾਂਸੀ ਜੰ: ਤੋਂ ਮਿਤੀ 15, 16 ਤੇ 17.08.2025 ਨੂੰ।
ਠਹਿਰਾਵ : ਫਰੀਦਾਬਾਦ, ਪਲਵਲ, ਕੋਸੀ ਕਲਾਂ, ਮਥੁਰਾ ਜੰ:, ਆਗਰਾ ਛਾਵਣੀ ਅਤੇ ਗਵਾਲੀਅਰ ਜੰ: ਸਟੇਸ਼ਨ।
ਜਗ੍ਹਾਂ : ਸਲੀਪਰ ਅਤੇ ਸਮਾਨਯ ਸ਼੍ਰੇਣੀ।

**ਰੇਲਗੱਡੀ ਨੰ: 04422/04421 ਹਜ਼ਰਤ ਨਿਜ਼ਾਮੁਦੀਨ – ਮਥੁਰਾ ਜੰ: – ਹਜ਼ਰਤ ਨਿਜ਼ਾਮੁਦੀਨ ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ** — 04 ਫੇਰੇ

| ਗੱਡੀ ਨੰ: 04422 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04421 ਆਉਣਾ | ਜਾਣਾ |
|---|---|---|---|---|
| ---- | 10:30 | ਹਜ਼ਰਤ ਨਿਜ਼ਾਮੁਦੀਨ | 17:30 | ---- |
| 13:30 | ---- | ਮਥੁਰਾ ਜੰ: | ---- | 14:00 |

ਚਲਨ ਦੇ ਦਿਨ : 04422 ਹਜ਼ਰਤ ਨਿਜ਼ਾਮੁਦੀਨ ਤੋਂ ਮਿਤੀ 15 ਤੇ 16.08.2025 ਨੂੰ ਅਤੇ 04421 ਮਥੁਰਾ ਜੰ: ਤੋਂ ਮਿਤੀ 15 ਤੇ 16.08.2025 ਨੂੰ।
ਠਹਿਰਾਵ : ਓਖਲਾ, ਤੁਗਲਕਾਬਾਦ, ਫਰੀਦਾਬਾਦ, ਫਰੀਦਾਬਾਦ ਨਯੂ ਟਾਊਨ, ਬਲੱਭਗੜ੍ਹ, ਅਸਾਵਟੀ, ਪਲਵਲ, ਰੁਧੀ, ਸ਼ੋਲਾਕਾ, ਬਨਚਾਰੀ, ਹੋਡਲ, ਕੋਸੀ ਕਲਾਂ, ਛਾਤਾ, ਅਝਈ, ਬ੍ਰਿਦਾਬਨ ਰੋਡ ਅਤੇ ਭੂਤੇਸ਼ਵਰ ਸਟੇਸ਼ਨ।
ਜਗ੍ਹਾਂ : ਸਮਾਨਯ ਸ਼੍ਰੇਣੀ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਏਪ ਦੇਖੋ।

**ਰੇਲਗੱਡੀ ਨੰ: 04424/04423 ਹਜ਼ਰਤ ਨਿਜ਼ਾਮੁਦੀਨ – ਮਥੁਰਾ ਜੰ: – ਹਜ਼ਰਤ ਨਿਜ਼ਾਮੁਦੀਨ ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ** — 04 ਫੇਰੇ

| ਗੱਡੀ ਨੰ: 04424 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04423 ਆਉਣਾ | ਜਾਣਾ |
|---|---|---|---|---|
| ---- | 09:45 | ਹਜ਼ਰਤ ਨਿਜ਼ਾਮੁਦੀਨ | 16:30 | ---- |
| 12:40 | ---- | ਮਥੁਰਾ | ---- | 13:00 |

ਚਲਨ ਦੇ ਦਿਨ : 04424 ਹਜ਼ਰਤ ਨਿਜ਼ਾਮੁਦੀਨ ਤੋਂ ਮਿਤੀ 15 ਤੇ 16.08.2025 ਨੂੰ ਅਤੇ 04423 ਮਥੁਰਾ ਜੰ: ਤੋਂ ਮਿਤੀ 15 ਤੇ 16.08.2025 ਨੂੰ।
ਠਹਿਰਾਵ : ਓਖਲਾ, ਤੁਗਲਕਾਬਾਦ, ਫਰੀਦਾਬਾਦ, ਫਰੀਦਾਬਾਦ ਨਯੂ ਟਾਊਨ, ਬਲੱਭਗੜ੍ਹ, ਅਸਾਵਟੀ, ਪਲਵਲ, ਰੁਧੀ, ਸ਼ੋਲਾਕਾ, ਬਨਚਾਰੀ, ਹੋਡਲ, ਕੋਸੀ ਕਲਾਂ, ਛਾਤਾ, ਅਝਈ, ਬ੍ਰਿਦਾਬਨ ਰੋਡ ਅਤੇ ਭੂਤੇਸ਼ਵਰ ਸਟੇਸ਼ਨ।
ਜਗ੍ਹਾਂ : ਸਮਾਨਯ ਸ਼੍ਰੇਣੀ।

**ਰੇਲਗੱਡੀ ਨੰ: 04420/04419 ਦਿੱਲੀ ਜੰ: – ਵਾਰਾਣਸੀ – ਦਿੱਲੀ ਜੰ: ਰਿਜ਼ਵਰ ਐਕਸਪ੍ਰੈਸ ਵਿਸ਼ੇਸ਼ ਰੇਲਗੱਡੀ** — 02 ਫੇਰੇ

| ਗੱਡੀ ਨੰ: 04420 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04419 ਆਉਣਾ | ਜਾਣਾ |
|---|---|---|---|---|
| ---- | 22:20 | ਦਿੱਲੀ ਜੰ: | 09:05 | ---- |
| 09:25 | 09:35 | ਲਖਨਊ ਜੰ: | 22:35 | 22:45 |
| 15:20 | ---- | ਵਾਰਾਣਸੀ | ---- | 17:20 |

ਚਲਨ ਦੇ ਦਿਨ : 04420 ਦਿੱਲੀ ਜੰ: ਤੋਂ ਮਿਤੀ 14.08.2025 ਨੂੰ ਅਤੇ 04419 ਵਾਰਾਣਸੀ ਜੰ: ਤੋਂ ਮਿਤੀ 15.08.2025 ਨੂੰ।
ਠਹਿਰਾਵ : ਨਵੀਂ ਦਿੱਲੀ, ਗਾਜੀਆਬਾਦ, ਹਾਪੁੜ, ਮੁਰਾਦਾਬਾਦ, ਰਾਮਪੁਰ, ਬਰੇਲੀ, ਸ਼ਾਹਜਹਾਂਪੁਰ, ਲਖਨਊ ਜੰ: ਅਤੇ ਸੁਲਤਾਨਪੁਰ ਸਟੇਸ਼ਨ।
ਜਗ੍ਹਾਂ : ਪਹਿਲੀ ਵਾਤਾ., ਵਾਤਾ. 2 ਟੀਯਰ, ਵਾਤਾ., 3 ਟੀਯਰ, ਵਾਤਾ, 3 ਟੀਯਰ ਇਕੋਨਮੀ, ਸਲੀਪਰ ਅਤੇ ਸਮਾਨਯ ਸ਼੍ਰੇਣੀ।

**ਰੇਲਗੱਡੀ ਨੰ: 04145/04146 ਸੂਬੇਦਾਰਗੰਜ – ਆਨੰਦ ਵਿਹਾਰ (ਟ.) – ਸੂਬੇਦਾਰਗੰਜ ਸੁਪਰਫਾਸਟ ਵਿਸ਼ੇਸ਼ ਰੇਲਗੱਡੀ** — 04 ਫੇਰੇ

| ਗੱਡੀ ਨੰ: 04145 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 04146 ਆਉਣਾ | ਜਾਣਾ |
|---|---|---|---|---|
| ---- | 08:00 | ਸੂਬੇਦਾਰਗੰਜ | 06:30 | ---- |
| 17:30 | ---- | ਆਨੰਦ ਵਿਹਾਰ (ਟ.) | ---- | 19:30 |

ਚਲਨ ਦੇ ਦਿਨ : 04145 ਸੂਬੇਦਾਰਗੰਜ ਤੋਂ ਮਿਤੀ 14 ਤੇ 16.08.2025 ਨੂੰ ਅਤੇ 04146 ਆਨੰਦ ਵਿਹਾਰ (ਟ.) ਤੋਂ ਮਿਤੀ 14 ਤੇ 16.08.2025 ਨੂੰ।
ਠਹਿਰਾਵ : ਫਤੇਹਪੁਰ, ਗੋਬਿੰਦਪੁਰੀ, ਟੂੰਡਲਾ ਜੰ:, ਅਲੀਗੜ੍ਹ ਜੰ:, ਖੁਰਜਾ ਜੰ: ਅਤੇ ਗਾਜੀਆਬਾਦ ਸਟੇਸ਼ਨ।
ਜਗ੍ਹਾਂ : ਵਾਤਾ. 3 ਟੀਯਰ, ਸਲੀਪਰ ਅਤੇ ਸਮਾਨਯ ਸ਼੍ਰੇਣੀ।

**ਰੇਲਗੱਡੀ ਨੰ: 14212/14211 ਨਵੀਂ ਦਿੱਲੀ – ਆਗਰਾ ਛਾਵਣੀ – ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ ਦਾ ਗਵਾਲੀਅਰ ਤਕ ਵਿਸਤਾਰ**

| ਗੱਡੀ ਨੰ: 14212 ਆਉਣਾ | ਜਾਣਾ | ਸਟੇਸ਼ਨ | ਗੱਡੀ ਨੰ: 14211 ਆਉਣਾ | ਜਾਣਾ |
|---|---|---|---|---|
| ---- | 17:40 | ਨਵੀਂ ਦਿੱਲੀ | 10:00 | ---- |
| 21:30 | 21:35 | ਆਗਰਾ ਛਾਵਣੀ | 03:40 | 05:30 |
| 22:23 | 22:25 | ਧੋਲਪੁਰ | 02:10 | 02:12 |
| 23:03 | 23:05 | ਮੁਰੈਨਾ | 01:30 | 01:32 |
| 23:45 | ---- | ਗਵਾਲੀਅਰ | ---- | 01:00 |

- ਰੇਲਗੱਡੀ ਨੰ: 14212 ਨਵੀਂ ਦਿੱਲੀ – ਆਗਰਾ ਛਾਵਣੀ ਇੰਟਰਸਿਟੀ ਐਕਸਪ੍ਰੈਸ ਆਗਰਾ ਛਾਵਣੀ ਤੋਂ ਮਿਤੀ 14.08.2025 ਤੋਂ 16.08.2025 (34 ਦਿਨ) ਤਕ ਗਵਾਲੀਅਰ ਤਕ ਜਾਵੇਗੀ।
- ਰੇਲਗੱਡੀ ਨੰ: 14211 ਆਗਰਾ ਛਾਵਣੀ – ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ ਮਿਤੀ 15.08.2025 ਤੋਂ 17.08.2025 (3 ਦਿਨ) ਤਕ ਗਵਾਲੀਅਰ ਤੋਂ ਪ੍ਰਸਥਾਨ ਕਰੇਗੀ।

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਕੌਮੀ ਪੱਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਬਜ਼ੁਰਗਾਂ ਲਈ ਵੱਡੀ ਰਾਹਤ ਭਰੀ ਖ਼ਬਰ, 80 ਸਾਲ ਤੋਂ ਵੱਧ ਉਮਰ ਵਾਲਿਆਂ ਦੇ...

**ਕੌਮੀ ਪਤ੍ਰਿਕਾ**

ਚੰਡੀਗੜ੍ਹ 13 ਅਗਸਤ। ਸ਼ਹਿਰ ’ਚ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਖ਼ੁਸ਼ਖ਼ਬਰੀ ਹੈ। ਸਿਹਤ ਵਿਭਾਗ ਹੁਣ ਉਨ੍ਹਾਂ ਦੇ ਘਰਾਂ ’ਚ ਜਾ ਕੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਯੋਜਨਾ ਦੇ ਪਹਿਲੇ ਪੜਾਅ ’ਚ 1,874 ਬਜ਼ੁਰਗਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ’ਚੋਂ ਬਹੁਤ ਸਾਰੇ ਅਜਿਹੇ ਹਨ, ਜੋ ਇਕੱਲੇ ਰਹਿੰਦੇ ਹਨ, ਜਦੋਂ ਕਿ ਬਹੁਤ ਸਾਰੇ ਆਪਣੇ ਪਰਿਵਾਰਾਂ ਨਾਲ ਰਹਿੰਦੇ ਹੋਏ ਵੀ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸਿਹਤ ਡਾਇਰੈਕਟਰ ਡਾ. ਸੁਮਨ ਸਿੰਘ ਨੇ ਕਿਹਾ ਕਿ ਏ. ਐੱਨ. ਐੱਮ. ਟੀਮ ਨੇ ਹਾਲ ਹੀ ’ਚ ਸ਼ਹਿਰ ’ਚ ਇਹ ਸਰਵੇਖਣ ਪੂਰਾ ਕੀਤਾ ਹੈ। ਇਸ ਤੋਂ ਬਾਅਦ ਵਿਭਾਗ ਨੇ ਇਕ ਪਾਇਲਟ ਪ੍ਰਾਜੈਕਟ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਯੋਜਨਾ ਦਾ ਮਕਸਦ ਬਜ਼ੁਰਗਾਂ ਦੀ ਸਿਹਤ ਤੇ ਮਾਨਸਿਕ ਮਨੋਬਲ ਨੂੰ ਮਜ਼ਬੂਤ ਕਰਨਾ ਹੈ। ਇਸ ਪ੍ਰਾਜੈਕਟ ਦੇ ਤਹਿਤ ਇਕ 5 ਮੈਂਬਰੀ ਟੀਮ ਬਜ਼ੁਰਗਾਂ ਦੇ ਘਰਾਂ ਦਾ ਦੌਰਾ ਕਰੇਗੀ। ਇਸ ਟੀਮ ’ਚ ਡਾਕਟਰ, ਸਟਾਫ਼ ਨਰਸ, ਅਟੈਂਡੈਂਟ ਤੇ ਐਂਬੂਲੈਂਸ ਸੇਵਾ ਸ਼ਾਮਲ ਹੋਵੇਗੀ। ਇਹ ਟੀਮ ਬਜ਼ੁਰਗਾਂ ਦੀ ਨਿਯਮਤ ਜਾਂਚ ਕਰੇਗੀ, ਖ਼ਾਸ ਕਰਕੇ ਬਲੱਡ ਪ੍ਰੈਸ਼ਰ, ਸ਼ੂਗਰ ਵਰਗੀਆਂ ਆਮ ਪਰ ਗੰਭੀਰ ਬਿਮਾਰੀਆਂ ਵੱਲ ਧਿਆਨ ਦੇਵੇਗੀ। ਜੇਕਰ ਲੋੜ ਪਈ ਤਾਂ ਮਰੀਜ਼ ਨੂੰ ਜੀ. ਐੱਮ. ਐੱਸ. ਐੱਚ.-16 (ਸਰਕਾਰੀ ਮਲਟੀ ਸਪੈਸ਼ਲਿਟੀ ਹਸਪਤਾਲ) ’ਚ ਤਬਦੀਲ ਕੀਤਾ ਜਾਵੇਗਾ। ਇਸ ਲਈ ਖ਼ਾਸ ਕਰਕੇ ਬਜ਼ੁਰਗਾਂ ਲਈ ਇਕ ਸਮਰਪਿਤ ਐਂਬੂਲੈਂਸ ਸੇਵਾ ਹੋਵੇਗੀ। ਸਿਹਤ ਨਿਰਦੇਸ਼ਕ ਨੇ ਕਿਹਾ ਕਿ ਇਸ ਯੋਜਨਾ ’ਚ ਉਨ੍ਹਾਂ ਬਜ਼ੁਰਗਾਂ ਨੂੰ ਤਰਜ਼ੀਹ ਦਿੱਤੀ ਜਾਵੇਗੀ, ਜੋ ਇਕੱਲੇ ਰਹਿੰਦੇ ਹਨ, ਤੁਰ ਨਹੀਂ ਸਕਦੇ, ਅਪਾਹਜ ਹਨ ਜਾਂ ਬਿਸਤਰੇ ’ਤੇ ਹਨ। ਅਜਿਹੇ ਬੇਸਹਾਰਾ ਤੇ ਗੰਭੀਰ ਮਰੀਜ਼ਾਂ ਲਈ ਟੀਮ ਨਾ ਸਿਰਫ਼ ਉਨ੍ਹਾਂ ਦੀ ਸਿਹਤ ਦੀ ਨਿਯਮਤ ਤੌਰ ’ਤੇ ਜਾਂਚ ਕਰੇਗੀ, ਸਗੋਂ ਲੋੜ ਪੈਣ ’ਤੇ ਉਨ੍ਹਾਂ ਦੇ ਘਰ ਹਰ ਡਾਕਟਰੀ ਸਹੂਲਤ ਵੀ ਪ੍ਰਦਾਨ ਕਰੇਗੀ। ਇਸ ਦਾ ਮਤਲਬ ਹੈ ਕਿ ਹੁਣ ਇਨ੍ਹਾਂ ਬਜ਼ੁਰਗਾਂ ਨੂੰ ਹਸਪਤਾਲ ਜਾਣ ਦੀ ਪਰੇਸ਼ਾਨੀ ਨਹੀਂ ਹੋਵੇਗੀ, ਸਗੋਂ ਡਾਕਟਰ, ਨਰਸਾਂ, ਅਟੈਂਡੈਂਟ ਤੇ ਐਂਬੂਲੈਂਸ ਸੇਵਾਵਾਂ ਸਿੱਧੇ ਉਨ੍ਹਾਂ ਦੇ ਦਰਵਾਜ਼ੇ ’ਤੇ ਪਹੁੰਚ ਜਾਣਗੀਆਂ। ਬਜ਼ੁਰਗਾਂ ਅਤੇ ਮਰੀਜ਼ਾਂ ਦੀ ਸਹੂਲਤ ਲਈ ਹਸਪਤਾਲ ’ਚ ਨਵੇਂ ਪ੍ਰਬੰਧ ਕੀਤੇ ਜਾ ਰਹੇ ਹਨ। ਹਾਲ ਹੀ ’ਚ ਹੋਈ ਚੌਥੀ ਰੋਗੀ ਕਲਿਆਣ ਸਮਿਤੀ ਦੀ ਮੀਟਿੰਗ ’ਚ ਇਹ ਫ਼ੈਸਲਾ ਲਿਆ ਗਿਆ ਕਿ ਬਜ਼ੁਰਗਾਂ ਤੇ ਬਿਸਤਰੇ ’ਤੇ ਪਏ ਮਰੀਜ਼ਾਂ ਲਈ ਇਕ ਸਮਰਪਿਤ ਐਂਬੂਲੈਂਸ ਸੇਵਾ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਓ. ਪੀ. ਡੀ., ਗਾਇਨੀਕੋਲੋਜੀ ਵਿਭਾਗ ਅਤੇ ਐਮਰਜੈਂਸੀ ਵਾਰਡ ’ਚ ਵਿਸ਼ੇਸ਼ ਹੈਲਪ ਡੈਸਕ ਸਥਾਪਿਤ ਕੀਤੇ ਜਾਣਗੇ, ਤਾਂ ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਤੁਰੰਤ ਮਦਦ ਮਿਲ ਸਕੇ। ਇਸ ਦੇ ਨਾਲ ਹੀ, ਉਨ੍ਹਾਂ ਮਰੀਜ਼ਾਂ ਦੀ ਮਦਦ ਲਈ 6 ਕੇਅਰ ਅਟੈਂਡੈਂਟ ਤਾਇਨਾਤ ਕੀਤੇ ਜਾਣਗੇ, ਜੋ ਬਿਨਾਂ ਕਿਸੇ ਰਿਸ਼ਤੇਦਾਰ ਦੇ ਹਸਪਤਾਲ ਆਉਂਦੇ ਹਨ, ਜੋ ਉਨ੍ਹਾਂ ਦੇ ਇਲਾਜ ਅਤੇ ਹੋਰ ਮਹੱਤਵਪੂਰਨ ਕੰਮਾਂ ’ਚ ਮਦਦ ਕਰਨਗੇ। ਪਹਿਲੇ ਪੜਾਅ ’ਚ 80 ਫਿਰ 70 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਡਾ. ਸੁਮਨ ਸਿੰਘ ਨੇ ਕਿਹਾ ਕਿ ਸ਼ੁਰੂ ’ਚ ਇਸ ਯੋਜਨਾ ’ਚ ਸਿਰਫ਼ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਹੀ ਸ਼ਾਮਲ ਕੀਤਾ ਜਾ ਰਿਹਾ ਹੈ। ਪਹਿਲਾਂ ਅਸੀਂ ਇਨ੍ਹਾਂ ਬਜ਼ੁਰਗਾਂ ਦੀਆਂ ਲੋੜਾਂ ਨੂੰ ਸਮਝਾਂਗੇ, ਫਿਰ ਹੌਲੀ-ਹੌਲੀ 70 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਸਿਹਤ ਵਿਭਾਗ ਦਾ ਮੰਨਣਾ ਹੈ ਕਿ ਘਰ ਜਾ ਕੇ ਸਿਹਤ ਜਾਂਚ ਕਰਨ ਨਾਲ ਬਜ਼ੁਰਗਾਂ ਦਾ ਆਤਮਵਿਸ਼ਵਾਸ ਵਧੇਗਾ। ਬਹੁਤ ਸਾਰੇ ਬਜ਼ੁਰਗ ਹਸਪਤਾਲ ਜਾਣ ਤੋਂ ਝਿਜਕਦੇ ਹਨ ਜਾਂ ਸਰੀਰਕ ਸਮੱਸਿਆਵਾਂ ਕਾਰਨ ਜਾਣ ਤੋਂ ਅਸਮਰੱਥ ਹੁੰਦੇ ਹਨ। ਅਜਿਹੀ ਸਥਿਤੀ ’ਚ ਇਹ ਪਹਿਲ ਉਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ ’ਤੇ ਰਾਹਤ ਦੇਵੇਗੀ। ਇਹ ਯੋਜਨਾ ਸਿਰਫ਼ ਇਲਾਜ ਪ੍ਰਦਾਨ ਕਰਨ ਤੱਕ ਸੀਮਤ ਨਹੀਂ ਹੈ, ਸਗੋਂ ਬਜ਼ੁਰਗਾਂ ਨਾਲ ਇਕ ਮਨੁੱਖੀ ਸਬੰਧ ਵੀ ਬਣਾਏਗੀ। ਜਦੋਂ ਡਾਕਟਰ ਅਤੇ ਸਿਹਤ ਟੀਮ ਉਨ੍ਹਾਂ ਦੇ ਘਰਾਂ ਆਵੇਗੀ, ਉਨ੍ਹਾਂ ਦੀ ਗੱਲ ਸੁਣੇਗੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝੇਗੀ। ਜੇਕਰ ਇਹ ਪਾਇਲਟ ਪ੍ਰਾਜੈਕਟ ਸਫ਼ਲ ਹੁੰਦਾ ਹੈ, ਤਾਂ ਇਸ ਨੂੰ ਚੰਡੀਗੜ੍ਹ ’ਚ ਵੱਡੇ ਪੱਧਰ ’ਤੇ ਲਾਗੂ ਕੀਤਾ ਜਾਵੇਗਾ। ਭਵਿੱਖ ’ਚ ਮੋਬਾਇਲ ਸਿਹਤ ਇਕਾਈਆਂ ਅਤੇ ਟੈਲੀਮੈਡੀਸਨ ਸੇਵਾਵਾਂ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਤਾਂ ਜੋ ਬਜ਼ੁਰਗਾਂ ਨੂੰ ਹਸਪਤਾਲਾਂ ’ਚ ਲੰਬੀਆਂ ਕਤਾਰਾਂ ਤੋਂ ਬਚਾਇਆ ਜਾ ਸਕੇ।



# ਹਰਿਆਣਾ ਵਿੱਚ ਇਸ ਸਾਲ ਅਵੈਧ ਗਰਭਪਾਤ ਦੇ ਮਾਮਲੇ ਵਿੱਚ 120 ਤੋਂ ਵੱਧ ਐਫਆਈਆਰ ਦਰਜ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 13 ਅਗਸਤ: ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਦੇ ਨਿਰਦੇਸ਼ਾਂ ਅਨੁਸਾਰ ਹਰਿਆਣਾ ਵਿੱਚ ਲਿੰਗਨੁਪਾਤ ਵਿੱਚ ਸੁਧਾਰ ਲਈ ਗਠਨ ਸੂਬਾ ਟਾਸਕ ਫੋਰਸ (ਐਸਟੀਐਫ) ਦੀ ਹਫਤਾਵਾਰ ਮੀਟਿੰਗ ਅੱਜ ਇੱਥੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਅਵੈਧ ਗਰਭਪਾਤ ’ਤੇ ਰੋਕ ਲਗਾਉਣ ਅਤੇ ਬੇਟੀ ਬਚਾਓ-ਬੇਟੀ ਪੜਾਓ ਮੁਹਿੰਮ ਤਹਿਤ ਸੂਬੇ ਦੇ ਲਿੰਗਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਦੇ ਯਤਨਾਂ ਨੂੰ ਤੇਜ ਕਰਨ ’ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਮੀਟਿੰਗ ਦੌਰਾਨ ਵਧੀਕ ਮੁੱਖ ਸਕੱਤਰ ਨੇ ਅਵੈਧ ਗਰਭਪਾਤ ਦੇ ਖਿਲਾਫ ਸਖਤ ਕਾਰਵਾਈ ਦੀ ਜਰੂਰਤ ’ਤੇ ਜੋਰ ਦਿੱਤਾ ਅਤੇ ਅਧਿਕਾਰੀਆਂ ਨੂੰ ਦੰਡਾਤਮਕ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਜਿਸ ਵਿੱਚ ਦੋਸ਼ੀ ਪਾਏ ਜਾਣ ਵਾਲੇ ਡਾਕਟਰਾਂ ਦੇ ਲਾਇਸੈਂਸ ਰੱਦ ਕਰਨਾ ਵੀ ਸ਼ਾਮਿਲ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਸਾਰੇ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ (ਐਮਟੀਪੀ) ਅਤੇ 12 ਹਫਤੇ ਤੋਂ ਵੱਧ ਦੇ ਗਰਭਪਾਤ ਦੇ ਮਾਮਲਿਆਂ ਵਿੱਚ ਰਿਵਰਸ ਟ?ਰੈਕਿੰਗ ਲਾਗੂ ਕਰ ਰਿਹਾ ਹੈ, ਵਿਸ਼ੇਸ਼ਕਰ ਜਿੱਥੇ ਮਹਿਲਾਵਾਂ ਦੀ ਪਹਿਲਾਂ ਤੋਂ ਹੀ ਇੱਕ ਜਾਂ ਵੱਧ ਕੁੜੀਆਂ ਹਨ। ਹਰਿਆਣਾ ਵਿੱਚ ਇਸ ਸਾਲ ਅਵੈਧ ਗਰਭਪਾਤ ਪ੍ਰਥਾਵਾਂ, ਜਿਨ੍ਹਾਂ ਵਿੱਚ ਐਮਟੀਪੀ ਕਿੱਟ ਦੀ ਅਵੈਧ ਵਿਕਰੀ ਵੀ ਸ਼ਾਮਿਲ ਹੈ, ਦੇ ਸਬੰਧ ਵਿੱਚ 120 ਤੋਂ ਵੱਧ ਐਫਆਈਆਰ ਦਰਜ ਕੀਤੀ ਗਈਆਂ ਹਨ। ਇੰਨ੍ਹਾਂ ਵਿੱਚੋਂ 39 ਮਾਮਲਿਆਂ ਵਿੱਚ ਅਦਾਲਤ ਵਿੱਚ ਚਾਲਾਨ ਪੇਸ਼ ਕੀਤਾ ਜਾ ਚੁੱਕਾ ਹੈ, ਜਦੋਂ ਕਿ 47 ਮਾਮਲਿਆਂ ਦੀ ਜਾਂਚ ਚੱਲ ਰਹੀ ਹੈ। ਵਧੀਕ ਮੁੱਖ ਸਕੱਤਰ ਨੇ ਨਿਰਦੇਸ਼ ਦਿੱਤੇ ਕਿ ਸਾਰੇ ਜਿਲ੍ਹਿਆਂ ਦੇ ਮੁੱਖ ਮੈਡੀਕਲ ਅਧਿਕਾਰੀਆਂ ਨੂੰ ਪੁਲਿਸ ਦੇ ਨਾਲ ਸਰਗਰਮ ਤਾਲਮੇਲ ਦੇ ਨਾਲ-ਨਾਲ ਸਾਰੀ ਕਾਨੂੰਨੀ ਸਹਾਹਿਤਾ ਪ੍ਰਦਾਨ ਕੀਤੀ ਜਾਵੇ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਇੰਨ੍ਹਾਂ ਸਾਰੇ ਮਾਮਲਿਆਂ ਨੂੰ ਅਦਾਲਤਾਂ ਵਿੱਚ ਤਰਕਪੂਰਣ ਸਿੱਟੇ ਤੱਕ ਪਹੁੰਚਾਇਆ ਜਾ ਸਕੇ ਅਤੇ ਦੋਸ਼ੀ ਸਾਬਤ ਕੀਤਾ ਜਾ ਸਕੇ। ਵਧੀਕ ਮੁੱਖ ਸਕੱਤਰ ਨੇ ਸ਼ਹਿਰੀ ਖੇਤਰਾਂ ਵਿੱਚ ਵਿਸ਼ੇਸ਼ ਧਿਆਨ ਦਿੰਦੇ ਹੋਏ ਏਐਨਐਮ ਅਤੇ ਆਸ਼ਾ ਕਾਰਜਕਰਤਾਵਾਂ ਦੀ ਬਿਹਤਰ ਤੈਨਾਤੀ ਦੀ ਅਪੀਲ ਕੀਤੀ। ਉਨ੍ਹਾਂ ਨੇ ਪੁਲਿਸ ਨੂੰ ਛਾਪੇਮਾਰੀ ਦੌਰਾਨ ਸਿਹਤ ਅਧਿਕਾਰੀਆਂ ਦੇ ਨਾਲ ਮਿਲ ਕੇ ਕੰਮ ਕਰਨ ਅਤੇ ਲਿੰਗ ਜਾਂਚ ਤੇ ਅਵੈਧ ਗਰਭਪਾਤ ਵਿੱਚ ਸ਼ਾਮਿਲ ਪੂਰੇ ਨੈਟਵਰਕ ਨੂੰ ਖਤਮ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੇ ਲਈ ਉਨ੍ਹਾਂ ਨੇ ਦੋਸ਼ੀਆਂ ਦੇ ਫੋਨ ਰਿਕਾਰਡ ਅਤੇ ਲੋਕੇਸ਼ਨ ਹਿਸਟਰੀ ਦਾ ਪਤਾ ਲਗਾਉਣ ’ਤੇ ਜੋਰ ਦਿੱਤਾ। ਵਧੀਕ ਮੁੱਖ ਸਕੱਤਰ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਕਿਸੇ ਵੀ ਜਿਲ੍ਹੇ ਵਿੱਚ ਪੀਐਨਡੀਟੀ ਲਈ ਕਿਸੇ ਵੀ ਨੋਡਲ ਅਧਿਕਾਰੀ ਨੂੰ ਮਹਾਨਿਦੇਸ਼ਕ, ਸਿਹਤ ਸੇਵਾਵਾਂ (ਡੀਜੀਐਚਐਸ) ਦੀ ਮੰਜੂਰੀ ਬਿਨ੍ਹਾਂ ਟ?ਰਾਂਸਫਰ ਨਹੀਂ ਕੀਤਾ ਜਾ ਸਕਦਾ ਹੈ। ਡੀਜੀਐਚਐਸ ਨੂੰ ਸਾਰੇ ਜਿਲ੍ਹਿਆਂ ਲਈ ਇੰਨ੍ਹਾਂ ਨੋਡਲ ਅਧਿਕਾਰੀਆਂ ਨੂੰ ਚੁਨਣ ਅਤੇ ਨਿਯੁਕਤ ਕਰਨ ਦਾ ਅਧਿਕਾਰ ਹੋਵੇਗਾ। ਇਸ ਦੌਰਾਨ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ ਦਸਿਆ ਕਿ ਬੇਟੀ ਬਚਾਓ-ਬੇਟੀ ਪੜਾਓ ਮੁਹਿੰਮ ’ਤੇ ਜਾਗਰੁਕਤਾ ਇਸ਼ਤਿਹਾਰ ਪੂਰੇ ਸੂਬੇ ਦੇ ਸਿਨੇਮਾਘਰਾਂ ਵਿੱਚ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਮੁਹਿੰਮ ਤਹਿਤ ਸੰਚਾਲਿਤ ਗਤੀਵਿਧੀਆਂ ਦੀ ਨਿਗਰਾਨੀ ਲਈ ਸੂਚਨਾ, ਸਿਖਿਆ ਅਤੇ ਸੰਚਾਰ (ਆਈਈਸੀ) ਗਤੀਵਿਧੀਆਂ ਲਈ ਇੱਕ ਸਮਰਪਿਤ ਡੈਸ਼ਬੋਰਡ ਵੀ ਬਣਾਇਆ ਗਿਆ ਹੈ ਅਤੇ ਇਹ ਅਗਲੇ ਇੱਕ ਮਹੀਨੇ ਵਿੱਚ ਕਿਰਿਆਸ਼ੀਲ ਹੋ ਜਾਵੇਗਾ। ਮੀਟਿੰਗ ਵਿੱਚ ਸਿਹਤ ਵਿਭਾਗ ਦੇ ਸਕੱਤਰ ਅਤੇ ਕੌਮੀ ਸਿਹਤ ਮਿਸ਼ਨ ਦੇ ਮਿਸ਼ਨ ਡਾਇਰੈਕਟਰ ਸ੍ਰੀ ਰਿਪੁਦਮਨ ਸਿੰਘ ਢਿੱਲੋਂ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਰਹੇ।

## ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਪਾਰਟੀ ਦੇ ਮਹਿਲਾ ਵਿੰਗ ਲੀਡਰਸ਼ਿਪ ਸਿਖਲਾਈ ਪ੍ਰੋਗਰਾਮ ਨੂੰ ਕੀਤਾ ਸੰਬੋਧਨ

**Contd..............Front page**

ਇਨ੍ਹਾਂ ਯੋਜਨਾਵਾਂ ਕਾਰਨ ਗਰੀਬ ਲੋਕਾਂ ਦਾ ਜੀਵਨ ਬਹੁਤ ਆਸਾਨ ਹੋ ਗਿਆ ਹੈ, ਨਹੀਂ ਤਾਂ ਇੰਨੀ ਮਹਿੰਗਾਈ ਵਿੱਚ ਲੋਕਾਂ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋ ਜਾਂਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਕਾਰਨ ਅੱਜ ਭਾਜਪਾ ਅਤੇ ਕਾਂਗਰਸ ਦੇ ਰਵਾਇਤੀ ਵੋਟਰ ਵੀ ਸਾਡੀ ਪ੍ਰਸ਼ੰਸਾ ਕਰ ਰਹੇ ਹਨ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਪਾਰਟੀ ’ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਹੋਰ ਪਾਰਟੀਆਂ ਵੀ ਮਹਿਲਾ ਵਿੰਗ ਬਣਾਉਂਦੀਆਂ ਹਨ ਪਰ ਉਹ ਸਿਰਫ਼ ਇੱਕ ਮੰਤਰੀ ਤੱਕ ਹੀ ਸੀਮਤ ਰਹਿੰਦਾ ਹੈ। ਆਮ ਘਰਾਂ ਦੀਆਂ ਔਰਤਾਂ ਸਿਰਫ਼ ਨਾਅਰੇ ਲਗਾਉਣ ਲਈ ਹੀ ਹੁੰਦੀਆਂ ਹਨ। ਦੂਜੇ ਪਾਸੇ, ਆਮ ਆਦਮੀ ਪਾਰਟੀ ਔਰਤਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਰਗਰਮ ਰਾਜਨੀਤੀ ਵਿੱਚ ਹਿੱਸਾ ਲੈਣ ਦੀ ਸਿਖਲਾਈ ਦਿੰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਔਰਤਾਂ ਤੋਂ ਬਿਨਾਂ ਘਰ ਸਹੀ ਢੰਗ ਨਾਲ ਨਹੀਂ ਚੱਲ ਸਕਦਾ, ਉਸੇ ਤਰ੍ਹਾਂ ਦੇਸ਼ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਸਹੀ ਢੰਗ ਨਾਲ ਨਹੀਂ ਚੱਲ ਸਕਦਾ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਮੁਫ਼ਤ ਬਿਜਲੀ ਅਤੇ ਮੁਹੱਲਾ ਕਲੀਨਿਕਾਂ ਦਾ ਸਭ ਤੋਂ ਵੱਧ ਲਾਭ ਮਿਲ ਰਿਹਾ ਹੈ। ਇਸ ਨਾਲ ਉਨ੍ਹਾਂ ’ਤੇ ਮਹਿੰਗਾਈ ਦਾ ਬੋਝ ਘੱਟ ਜਾਂਦਾ ਹੈ ਕਿਉਂਕਿ ਉਹ ਹੀ ਹਨ ਜੋ ਸਿੱਧੇ ਤੌਰ ’ਤੇ ਮਹਿੰਗਾਈ ਤੋਂ ਪ੍ਰਭਾਵਿਤ ਹੁੰਦੀਆਂ ਹਨ। ਰਾਸ਼ਨ ਤੋਂ ਲੈ ਕੇ ਗੈਸ ਸਿਲੰਡਰ ਤੱਕ, ਸਭ ਕੁਝ ਉਨ੍ਹਾਂ ਨਾਲ ਜੁੜਿਆ ਹੋਇਆ ਹੈ। ਇੱਕ ਉਦਾਹਰਣ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਇੱਕ ਵਾਰ ਮੈਂ ਇੱਕ ਦੁੱਧ ਵਾਲੇ ਨੂੰ ਮਿਲਿਆ। ਉਸਨੇ ਕਿਹਾ ਕਿ ਤੁਸੀਂ ਦੁੱਧ ਵਾਲਿਆਂ ਲਈ ਬਹੁਤ ਕੁਝ ਕੀਤਾ ਹੈ। ਇਸ ਲਈ ਤੁਹਾਡਾ ਧੰਨਵਾਦ! ਮੈਂ ਪੁੱਛਿਆ ਕਿ ਕਿਵੇਂ? ਉਸਨੇ ਕਿਹਾ - 300 ਯੂਨਿਟ ਬਿਜਲੀ ਮੁਆਫ਼ ਕਰਕੇ, ਔਰਤਾਂ ਨੇ ਪੈਸੇ ਬਚਾਉਣੇ ਸ਼ੁਰੂ ਕਰ ਦਿੱਤੇ ਹਨ। ਪਹਿਲਾਂ ਲੋਕ 3 ਮਹੀਨਿਆਂ ਬਾਅਦ ਮੇਰਾ ਹਿਸਾਬ ਕਰਦੇ ਸਨ। ਹੁਣ ਲੋਕ ਮੈਨੂੰ ਹਰ 10 ਦਿਨਾਂ ਬਾਅਦ ਭੁਗਤਾਨ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਇਲਾਜ, ਬਿਜਲੀ ਅਤੇ ਬੱਚਿਆਂ ਦੀਆਂ ਸਕੂਲ ਫੀਸਾਂ ਲਈ ਪੈਸੇ ਬਚਾਉਣੇ ਸ਼ੁਰੂ ਕਰ ਦਿੱਤੇ ਹਨ। ਇਸੇ ਤਰ੍ਹਾਂ, ਮੈਨੂੰ ਇੱਕ ਵਿਅਕਤੀ ਦਾ ਫੋਨ ਆਇਆ ਜਿਸਨੇ ਕਿਹਾ ਕਿ ‘ਯੁੱਧ ਨਸ਼ਿਆਂ ਵਿਰੁੱਧ’ ਵੀ ਅਸਲ ਵਿੱਚ ਔਰਤਾਂ ਲਈ ਹੈ ਕਿਉਂਕਿ ਔਰਤਾਂ ਹੀ ਨਸ਼ਿਆਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਈਆਂ। ਉਨ੍ਹਾਂ ਦੇ ਬੱਚੇ ਬਰਬਾਦ ਹੋ ਗਏ ਸਨ ਜਾਂ ਉਨ੍ਹਾਂ ਦੇ ਪਤੀ ਸ਼ਰਾਬੀ ਹੋ ਕੇ ਉਨ੍ਹਾਂ ਨੂੰ ਕੁੱਟਦੇ ਸਨ। ਹੁਣ ਇਹ ਬਹੁਤ ਘੱਟ ਗਿਆ ਹੈ। ਮੁੱਖ ਮੰਤਰੀ ਨੇ ਸਵੈ-ਸਹਾਇਤਾ ਸਮੂਹਾਂ ਰਾਹੀਂ ਔਰਤਾਂ ਦੀ ਆਰਥਿਕ ਤਰੱਕੀ ਦੀ ਉਦਾਹਰਣ ਵੀ ਦਿੱਤੀ। ਉਨ੍ਹਾਂ ਕਿਹਾ ਕਿ ਸੰਗਰੂਰ ਵਿੱਚ ਸਰਕਾਰ ਦੀ ਮਦਦ ਨਾਲ 100 ਔਰਤਾਂ ਨੇ ਇੱਕ ਸਮੂਹ ਬਣਾ ਕੇ ਆਪਣਾ ਕੰਮ ਸ਼ੁਰੂ ਕੀਤਾ, ਅੱਜ ਉਨ੍ਹਾਂ ਦਾ ਮਹੀਨਾਵਾਰ ਟਰਨਓਵਰ 1.5 ਕਰੋੜ ਰੁਪਏ ਹੋ ਗਿਆ ਹੈ। ਇਸ ਤੋਂ ਇਲਾਵਾ, ਅਸੀਂ ਪੰਜਾਬ ਪੁਲਿਸ ਵਿੱਚ ਹਜ਼ਾਰਾਂ ਔਰਤਾਂ ਦੀ ਭਰਤੀ ਵੀ ਕੀਤੀ ਹੈ। ਅੱਜ ਔਰਤਾਂ ਹਰ ਖੇਤਰ ਵਿੱਚ ਤਰੱਕੀ ਕਰ ਰਹੀਆਂ ਹਨ। ਅੱਜ ਹੀ, ਅਸੀਂ ਫਤਿਹਗੜ੍ਹ ਸਾਹਿਬ ਤੋਂ ਲਗਭਗ 350 ਮਹਿਲਾ ਸਰਪੰਚਾਂ ਅਤੇ ਪੰਚਾਂ ਨੂੰ ਸਰਕਾਰੀ ਖਰਚੇ ’ਤੇ ਸਿਖਲਾਈ ਲਈ ਮਹਾਰਾਸ਼ਟਰ ਭੇਜਿਆ ਹੈ। ਸਰਕਾਰ ਉਨ੍ਹਾਂ ਦੇ ਰਹਿਣ, ਖਾਣੇ ਅਤੇ ਯਾਤਰਾ ਦਾ ਖਰਚਾ ਚੁੱਕੇਗੀ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਔਰਤਾਂ ਦੇ ਸਸ਼ਕਤੀਕਰਨ ਲਈ ਵਚਨਬੱਧਤਾ ਨਾਲ ਕੰਮ ਕਰ ਰਹੇ ਹਾਂ। ਆਉਣ ਵਾਲੇ ਦਿਨਾਂ ਵਿੱਚ ਇਸਦੇ ਸਾਰਥਕ ਨਤੀਜੇ ਦੇਖਣ ਨੂੰ ਮਿਲਣਗੇ।

## ਸਿੱਖ ਕੌਮ ਨੂੰ ਵੰਡਣ ਦੀ ਸਾਜ਼ਿਸ਼ ?

**Contd..............Front page**

ਅਕਾਲ ਤਖ਼ਤ ਦੇ ਅਧਿਕਾਰਕ ਮੁੱਦਿਆਂ ਤੇ ਹਰਪ੍ਰੀਤ ਸਿੰਘ ਹਮੇਸ਼ਾ ਚੁੱਪ ਰਹਿੰਦਾ ਸੀ । ਜਦੋਂ ਹਰਪ੍ਰੀਤ ਸਿੰਘ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਜਥੇਦਾਰ ਸੀ, ਉਸ ਸਮੇਂ ਉਸਨੇ ਕਦੇ ਵੀ ਨਵੰਬਰ 1984 ਦੇ ਸਿੱਖ ਕਤਲੇਆਮ ਦਾ ਮਸਲਾ ਨਹੀਂ ਉਠਾਇਆ ਨਾ ਹੀ ਇਸਨੇ ਸਿੱਖਾਂ ਦੇ ਤਿੰਨ ਇਤਿਹਾਸਕ ਗੁਰਦੁਆਰਿਆਂ — ਗੁਰਦੁਆਰਾ ਸ੍ਰੀ ਗਿਆਨ ਗੋਦੜੀ ਸਾਹਿਬ ਹਰਿਦੁਆਰ ਹਰਿ ਕੀ ਪੌੜੀ, ਗੁਰਦੁਆਰਾ ਸ੍ਰੀ ਡਾਂਗ ਮਾਰ ਸਾਹਿਬ ਆਸਾਮ, ਅਤੇ ਗੁਰਦੁਆਰਾ ਸ੍ਰੀ ਮੰਗੂ ਮੱਠ ਸਾਹਿਬ ਉੜੀਸਾ — ਬਾਰੇ ਆਪਣੀ ਆਵਾਜ਼ ਬੁਲੰਦ ਕੀਤੀ। ਅਸਲ ਵਿੱਚ, ਜਦੋਂ ਹਰਪ੍ਰੀਤ ਸਿੰਘ ਅਕਾਲ ਤਖ਼ਤ ਦੇ ਅਹੁਦੇ ’ਤੇ ਸੀ, ਤਦ ਇਹ ਗੁਪਤ ਤੌਰ ’ਤੇ ਸਰਕਾਰੀ ਏਜੰਸੀਆਂ ਲਈ ਕੰਮ ਕਰਦਾ ਰਿਹਾ । ਹਰਪ੍ਰੀਤ ਸਿੰਘ ਦੀ ਨਿੱਜੀ ਜ਼ਿੰਦਗੀ ਵੀ ਵਿਵਾਦਾਂ ਨਾਲ ਭਰੀ ਪਈ ਹੈ। ਇਸਦੇ ਪਰਿਵਾਰ ਵਿੱਚ ਘਰੇਲੂ ਝਗੜੇ ਅਤੇ ਤਣਾਅ ਲਗਾਤਾਰ ਰਹਿੰਦੇ ਹਨ। ਸਿੱਖ ਕੌਮ ਲਈ ਸਵਾਲ- ਕੀ ਅਜੇਹੇ ਵਿਅਕਤੀ ਨੂੰ, ਜੋ ਸਿਰਫ਼ ਵੰਡ, ਗਾਲ੍ਹਾਂ ਅਤੇ ਸਿਆਸੀ ਏਜੰਸੀਆਂ ਦਾ ਮੋਹਰਾ ਹੈ, ਉਸ ਨੂੰ ਸਿੱਖਾਂ ਦਾ ਨੇਤਾ ਮੰਨਿਆ ਜਾ ਸਕਦਾ ਹੈ ? ਕੀ ਸਿੱਖਾਂ ਦੀ ਅਸਲੀ ਲੜਾਈ, ਅਸਲੀ ਮਸਲੇ, ਅਜੇਹੇ ਲੋਕਾਂ ਦੇ ਹਵਾਲੇ ਕੀਤੇ ਜਾਣੇ ਚਾਹੀਦੇ ਹਨ ?




## ਅਜੋਕਾ ਯੁੱਗ



ਅਜੋਕਾ ਯੁੱਗ ਉਦਾਸ ਅਤੇ ਮਾਯੂਸ ਹੋਣ ਦਾ ਯੁੱਗ ਨਹੀਂ। ਚੰਗਾ ਬਣਨ ਦੀਆਂ, ਮਾਨਵ ਜਾਤੀ ਦੀ ਸੇਵਾ ਕਰਨ ਦੀਆਂ, ਜਿਤਨੀਆਂ ਸੰਭਾਵਨਾਵਾਂ ਅਜੋਕੇ ਯੁੱਗ ਵਿਚ ਹਨ, ਉਤਨੀਆਂ ਪਹਿਲੇ ਕਿਸੇ ਯੁੱਗ ਵਿਚ ਪ੍ਰਾਪਤ ਨਹੀਂ ਸਨ। ਨਿਰਸੰਦੇਹ ਮਨੁੱਖ ਵਿਚ ਜਿਤਨੀ ਗਿਰਾਵਟ ਅਜੋਕੇ ਯੁੱਗ ਵਿਚ ਦਿਖਾਈ ਦੇ ਰਹੀ ਹੈ, ਉਤਨੀ ਪਹਿਲਾਂ ਕਿਸੇ ਯੁੱਗ ਵਿਚ ਨਹੀਂ ਵੇਖੀ ਗਈ ਪਰ ਵੇਖਣਾ ਤਾਂ ਇਹ ਹੈ ਕਿ ਤੁਸੀਂ ਪਹਾੜ ਨੂੰ ਚੜ੍ਹਨ ਦੀ ਦ੍ਰਿਸ਼ਟੀ ਨਾਲ ਵੇਖਦੇ ਹੋ ਕਿ ਡਿੱਗਣ ਦੇ ਡਰ ਨਾਲ , ਤੁਸੀਂ ਸਮੁੰਦਰ ਨੂੰ ਤੈਰਨ ਦੀ ਸੰਭਾਵਨਾ ਨਾਲ ਵੇਖਦੇ ਹੋ ਜਾਂ ਡੁੱਬ ਜਾਣ ਦੀ ਚਿੰਤਾ ਨਾਲ, ਤੁਸੀਂ ਇਮਤਿਹਾਨ ਵਿਚ ਪਾਸ ਹੋਣ ਦੀ ਆਸ ਨਾਲ ਬੈਠਦੇ ਹੋ ਜਾਂ ਫੇਲ ਹੋਣ ਦੇ ਸੰਸੇ ਨਾਲ । ਤੁਹਾਡੇ ਵਿਚ ਉਤਸ਼ਾਹ ਅਤੇ ਹੌਸਲਾ ਤੁਹਾਡੇ ਯਤਨਾਂ ਨਾਲ ਹੀ ਜਾਗੇਗਾ। ਖ਼ੁਸ਼ਹਾਲੀ ਵਾਂਗ ਉਤਸ਼ਾਹ ਵੀ ਮਨ ਦੀ ਇਕ ਅਵਸਥਾ ਹੁੰਦੀ ਹੈ। ਕੋਈ ਵੀ ਸਮੱਸਿਆ ਉਸਾਰੂ ਸੋਚ ਸਾਹਮਣੇ , ਲੰਮੇ ਅਰਸੇ ਤਕ ਨਹੀਂ ਟਿਕ ਸਕਦੀ। ਸਭ ਤੋਂ ਵੱਡੀ ਲੋੜ ਆਪਣੀ ਸੋਚ ਨੂੰ, ਆਪਣੇ ਦ੍ਰਿਸ਼ਟੀਕੋਣ ਨੂੰ, ਆਪਣੇ ਆਪ ਬਾਰੇ ਆਪਣੀ ਰਾਇ ਨੂੰ, ਬਦਲਣ ਦੀ ਹੁੰਦੀ ਹੈ। ਦੁਨੀਆ ਉਸਾਰੂ ਸੋਚ ਲਈ ਤੜਪ ਰਹੀ ਹੈ। ਜਿਹੋ-ਜਿਹੀਆਂ ਮਨੁੱਖ ਦੀਆਂ ਸੋਚਾਂ ਹੁੰਦੀਆਂ ਹਨ, ਜਿਹੋ ਜਿਹੇ ਉਨ੍ਹਾਂ ਦੇ ਯਤਨ ਹੁੰਦੇ ਹਨ, ਉਹੋ-ਜਿਹੇ ਮਨੁੱਖ ਹੋ ਨਿਬੜਦੇ ਹਨ।

• ਨਰਿੰਦਰ ਸਿੰਘ ਕਪੂਰ

# ਖੁੱਲ੍ਹੇ ਵਾਤਾਵਰਨ ਵਾਲੇ ਸਕੂਲ

ਸੁਖਰਾਜ ਚਹਿਲ ਧਨੌਲਾ

ਜਨਮ ਤੋਂ ਬਾਅਦ ਨੰਨ੍ਹੇ-ਮੁੰਨ੍ਹੇ ਬੱਚਿਆਂ ਨੂੰ ਜਦੋਂ ਤਕ ਤਾਂ ਘਰ ਵਿਚ ਹੀ ਰੱਖਿਆ ਜਾਂਦਾ ਹੈ ਉਦੋਂ ਤਕ ਤਾਂ ਉਹ ਬਹੁਤ ਖ਼ੁਸ਼ ਰਹਿੰਦੇ ਹਨ। ਹਰ ਪਲ ਦਾ ਆਨੰਦ ਮਾਣਦੇ ਹੋਏ ਖੇਡਣ, ਕੁੱਦਣ ਦੇ ਨਾਲ-ਨਾਲ ਜੋ ਦੇਖ ਲੈਂਦੇ ਹਨ ਉਸ ਨੂੰ ਹਾਸਲ ਕਰਕੇ ਆਪਣੇ ਭੋਲੇਪਨ ਵਾਲੇ ਬਚਪਨ ਨੂੰ ਖ਼ੁਸ਼ੀ ਭਰੇ ਢੰਗ ਨਾਲ ਬਤੀਤ ਕਰਦੇ ਹਨ। ਪਰ ਜਦੋਂ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਸਕੂਲ ਵਿਚ ਦਾਖ਼ਲ ਕਰਵਾਉਣਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨ ਵਾਸਤੇ ਪਹਿਲਾਂ ਇਕ ਪਲੇਅ ਵੇਅ ਸਕੂਲ ਜਾਂ ਸਰਕਾਰੀ ਤੌਰ ’ਤੇ ਬਣੇ ਕੇਂਦਰਾਂ ਦੀ ਭਾਲ ਕੀਤੀ ਜਾਂਦੀ ਹੈ, ਜਿੱਥੇ ਬੱਚਿਆਂ ਨੂੰ ਸਕੂਲ ਵਿਚ ਖੜ੍ਹਨ, ਬੈਠਣ ਅਤੇ ਥੋੜ੍ਹੀ-ਥੋੜ੍ਹੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ। ਜਦੋਂ ਬੱਚੇ ਇੱਥੇ ਦਾਖ਼ਲ ਕਰਵਾਏ ਜਾਂਦੇ ਹਨ ਤਾਂ ਉਹ ਇੱਥੇ ਆਉਣ ਤੋਂ ਕੰਨੀ ਕਤਰਾਉਂਦੇ ਹਨ ਜਦੋਂ ਉਨ੍ਹਾਂ ਨੂੰ ਸਕੂਲ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਉਹ ਨਾਲ ਦੀ ਨਾਲ ਰੋਣਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਬੱਚੇ ਆਪਣੇ ਸਕੂਲ ਅੰਦਰ ਵੀ ਘਰ ਵਰਗੇ ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਾਲਾ ਮਹੌਲ ਲੱਭਦੇ ਹਨ। ਜੇਕਰ ਦੇਖਿਆ ਜਾਵੇ ਤਾਂ ਬਹੁਤ ਥਾਵਾਂ ’ਤੇ ਅਜਿਹੇ ਸਕੂਲ ਜਿੱਥੇ ਬੱਚਿਆਂ ਨੂੰ ਸਿਰਫ਼ ਸਕੂਲ ’ਚ ਬੈਠਣ ਲਈ ਤਿਆਰ ਕਰਨ ਦੇ ਮਕਸਦ ਨਾਲ ਤਿਆਰ ਕੀਤਾ ਜਾਂਦਾ ਹੈ। ਉੱਥੇ ਸਿਰਫ਼ ਇਕ ਜਾਂ ਦੋ ਹੁੰਦੇ ਜਾਂ ਇਸ ਤੋਂ ਵਧ ਕਮਰੇ ਤਿਆਰ ਕਰਕੇ ਹੀ ਇਕ ਤਰ੍ਹਾਂ ਦਾ ਪਲੇਅ ਵੇਅ ਸਕੂਲ ਬਣਾਇਆ ਜਾਂਦਾ ਹੈ। ਜਿੱਥੇ ਆਲਾ-ਦੁਆਲਾ ਬੰਦ ਹੁੰਦਾ ਹੈ। ਅਜਿਹੀ ਥਾਂ ਉੱਪਰ ਆ ਕੇ ਬੱਚਾ ਆਪਣੇ ਆਪ ਲਈ ਘੁਟਣ ਮਹਿਸੂਸ ਕਰਦਾ ਹੈ ਕਿਉਂਕਿ ਇੱਥੋਂ ਦਾ ਵਾਤਾਵਰਨ ਉਸ ਦੇ ਪਸੰਦ ਨਹੀਂ ਆਉਂਦਾ ਜਿਸ ਕਰਕੇ ਹਰੇਕ ਬੱਚਾ ਇੱਥੇ ਆਉਣ ਤੋਂ ਡਰਦਾ ਤੇ ਘਬਰਾਉਂਦਾ ਹੈ। ਅਜਿਹੇ ਮਾਹੌਲ ਵਿਚ ਰਹਿਣਾ ਬੱਚੇ ਲਈ ਬਹੁਤ ਔਖਾ ਹੁੰਦਾ ਹੈ। ਉਸ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਚ ਰੁਕਾਵਟ ਆਉਣੀ ਸੁਭਾਵਿਕ ਹੈ ਕਿਉਂਕਿ ਉਸ ਨੂੰ ਖੇਡਣ ਕੁੱਦਣ ਤੋਂ ਵਰਜਿਆ ਜਾਂਦਾ ਹੈ। ਹਰੇਕ ਬੱਚਾ ਜਦੋਂ ਖੇਡਦਾ, ਕੁੱਦਦਾ ਹੈ ਤਾਂ ਉਸ ਨੂੰ ਦੇਖ ਦੇ ਇਹ ਲੱਗਦਾ ਹੈ ਕਿ ਜਿਵੇਂ ਉਸ ਨੂੰ ਸਾਰੇ ਜਹਾਨ ਦੀਆਂ ਖ਼ੁਸ਼ੀਆਂ ਪ੍ਰਾਪਤ ਹੋ ਗਈਆਂ ਹੋਣ। ਜੇਕਰ ਸੀਮਤ ਜਿਹੀ ਜਗ੍ਹਾ ’ਤੇ ਬੱਚੇ ਨੂੰ ਰੱਖਿਆ ਜਾਂਦਾ ਹੈ ਤਾਂ ਉਹ ਅਜਿਹਾ ਮਹਿਸੂਸ ਕਰਦਾ ਹੈ ਜਿਵੇਂ ਕੋਈ ਚੰਗਾ ਭਲਾ ਇਨਸਾਨ ਜੇਲ੍ਹ ਵਿਚ ਕੈਦ ਕੱਟ ਰਿਹਾ ਹੋਵੇ ਕਿਉਂਕਿ ਬੱਚੇ ਨੂੰ ਇਕ ਤਰ੍ਹਾਂ ਦਾ ਮਾਨਸਿਕ ਤਣਾਅ ਮਹਿਸੂਸ ਹੋਣ ਲੱਗ ਜਾਂਦਾ ਹੈ। ਉਦਾਹਰਣ ਵਜੋਂ ਜੇਕਰ ਦੇਖਿਆ ਜਾਵੇ ਬੱਚਿਆਂ ਨੂੰ ਇਹ ਕਿਹਾ ਜਾਵੇ ਕਿ ‘ਚਲੋ ਪਾਰਕ ਆਦਿ ’ਚ ਚੱਲ ਕੇ ਆਈਏ’ ਤਾਂ ਉਹ ਬੜੀ ਖ਼ੁਸ਼ੀ ਅਤੇ ਉਤਸਾਹ ਨਾਲ ਤਿਆਰ ਹੋਣਗੇ ਕਿਉਂਕਿ ਉੱਥੇ ਉਨ੍ਹਾਂ ਨੂੰ ਖੇਡਣ ਅਤੇ ਝੂਲਿਆਂ ਵਿਚ ਝੂਟੇ ਲੈਣ, ਖੁੱਲ੍ਹੇ ਡੁੱਲ੍ਹੇ ਵਾਤਾਵਰਨ ਵਿਚ ਜਾਣ ਦਾ ਮੌਕਾ ਮਿਲਣਾ ਹੁੰਦਾ ਹੈ। ਇਸੇ ਕਰਕੇ ਉਸ ਦੀ ਰੁਚੀ ਇਸ ਪਾਸੇ ਵੱਲ ਵਧੇਰੇ ਹੁੰਦੀ ਹੈ ਕਿਉਂਕਿ ਬੱਚਿਆਂ ਦਾ ਕੁਦਰਤ ਨਾਲ ਬੜਾ ਗੂੜ੍ਹਾ ਰਿਸ਼ਤੇ ਹੁੰਦਾ ਹੈ। ਉਹ ਹਮੇਸ਼ਾ ਹੀ ਪਾਰਕ ਵਰਗੇ ਵਾਤਾਵਰਨ ਵਿਚ ਜਾਣ ਲਈ ਤਿਆਰ ਰਹਿੰਦੇ ਹਨ। ਜੇਕਰ ਅਜਿਹਾ ਮਾਹੌਲ ਬੱਚੇ ਨੂੰ ਆਪਣੇ ਸਕੂਲ ਅੰਦਰ ਵੀ ਮਿਲੇ ਤਾਂ ਉਹ ਕਦੇ ਵੀ ਸਕੂਲ ਜਾਣ ਤੋਂ ਨਾ ਘਬਰਾਏਗਾ ਤੇ ਤਣਾਅ ਨਾ ਮਹਿਸੂਸ ਕਰੇਗਾ।

ਬੱਚੇ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਰੱਖਿਆ ਜਾਵੇਗਾ ਤਾਂ ਉਸ ਵਿਚ ਨਿੱਡਰ ਅਤੇ ਚੰਗੀ ਲੀਡਰਸ਼ਿਪ ਵਾਲੇ ਗੁਣ ਪੈਦਾ ਹੋਣਗੇ ਨਹੀਂ ਤਾਂ ਉਹ ਜਦੋਂ ਅੱਗੇ ਪੜ੍ਹਾਈ ਲਈ ਸਕੂਲ ਵਿਚ ਜਾਵੇਗਾ ਤਾਂ ਇੱਥੇ ਉਹ ਘਬਰਾਹਟ ਮਹਿਸੂਸ ਕਰਦਾ ਹੋਇਆ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰੇਗਾ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਅਜਿਹੇ ਮਾਹੌਲ ਵਿੱਚੋਂ ਆਏ ਬੱਚੇ ਬਿਮਾਰ ਵੀ ਰਹਿਣ ਲੱਗ ਜਾਂਦੇ ਹਨ। ਬੱਚੇ ਸਕੂਲ ਜਾਣ ਤੋਂ ਡਰਦੇ ਘਰ ਰਹਿਣ ਲਈ ਹਰ ਰੋਜ਼ ਕੋਈ ਨਾ ਕੋਈ ਬਹਾਨਾ ਲਗਾਉਂਦੇ ਹਨ ਤਾਂ ਕਿ ਸਕੂਲ ਜਾਣ ਤੋਂ ਬਚਿਆ ਜਾ ਸਕੇ।

ਇਸ ਲਈ ਬੱਚਿਆਂ ਦੀ ਮਾਸੂਮੀਅਤ ਦਾ ਅਤੇ ਉਸ ਦੇ ਭਵਿੱਖ ਦਾ ਧਿਆਨ ਰੱਖਦੇ ਹੋਏ ਅਜਿਹੇ ਸਕੂਲ ਚੁਣੇ ਜਾਣ ਜਿੱਥੇ ਉਨ੍ਹਾਂ ਦੀ ਨੀਂਹ ਚੰਗੀ ਤਰੀਕੇ ਨਾਲ ਸਥਾਪਤ ਹੋਵੇ। ਇਹ ਦੇਖਣਾ ਵੀ ਸਭ ਤੋਂ ਜ਼ਰੂਰੀ ਹੈ ਕਿ ਜਿੱਥੇ ਬੱਚੇ ਨੂੰ ਭੇਜ ਰਹੇ ਹਾਂ ਉੱਥੇ ਉਹ ਜਾਣਾ ਪਸੰਦ ਕਰਦਾ ਹੈ ਜਾਂ ਨਹੀਂ। ਖੁੱਲ੍ਹੇ ਵਾਤਾਵਰਨ ਅਤੇ ਵਧੀਆ ਖੇਡਾਂ ਲਈ ਪ੍ਰਬੰਧ ਕੀਤੇ ਹੋਣੇ ਚਾਹੀਦੇ ਹਨ ਤਾਂ ਬੱਚਿਆਂ ਅੰਦਰਲਾ ਡਰ/ਭੈਅ ਖ਼ਤਮ ਕੀਤਾ ਜਾ ਸਕੇ ਅਤੇ ਉਹ ਬੱਚਿਆਂ ਲਈ ਖਿੱਚ ਦਾ ਕੇਂਦਰ ਬਣਨ ਤਾਂ ਕਿ ਬੱਚੇ ਆਪਣੇ ਆਪ ਖ਼ੁਸ਼ੀ-ਖ਼ੁਸ਼ੀ ਸਕੂਲ ਜਾਣ ਤੇ ਆਪਣੀ ਜ਼ਿੰਦਗੀ ਵਿਚ ਤਰੱਕੀਆਂ ਕਰਨ।

ਮੋਬਾਈਲ : 97810-48055

### ਮਕਸਦ

*ਕਈ ਵਾਰ ਦੇਖਣ ’ਚ ਆਉਂਦਾ ਹੈ ਕਿ ਤੰਗ ਜਿਹੀ ਜਗ੍ਹਾ ’ਤੇ ਖੁੱਲ੍ਹੇ ਸਕੂਲਾਂ ’ਚ ਜਦੋਂ ਬੱਚੇ ਆਉਂਦੇ ਹਨ ਤਾਂ ਉੱਥੇ ਉਨ੍ਹਾਂ ਨੂੰ ਇਕ ਥਾਂ ’ਤੇ ਬਿਠਾਉਣ ਦੇ ਮਕਸਦ ਨਾਲ ਟੀਵੀ ਜਾਂ ਹੋਰ ਵੀਡਿਓ ਗੇਮਾਂ ਚਲਾ ਕੇ ਜਾਂ ਫਿਰ ਕੁਝ ਛੋਟੇ-ਛੋਟੇ ਖਿਡੌਣੇ ਦੇ ਕੇ ਇਕ ਜਗ੍ਹਾ ਉੱਪਰ ਜਾਂ ਕਮਰੇ ਵਿਚ ਰੱਖਣ ਨੂੰ ਪਹਿਲ ਦਿੱਤੀ ਜਾਂਦੀ ਹੈ। ਜੋ ਇਕ ਛੋਟੇ ਬੱਚੇ ਲਈ ਬੇਹੱਦ ਖ਼ਤਰਨਾਕ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਦੇ ਦਿਮਾਗ਼ ਦਾ ਦਾਇਰਾ ਸੀਮਤ ਜਿਹਾ ਹੋ ਕੇ ਰਹਿ ਜਾਂਦਾ ਹੈ ਜਿਸ ਦਾ ਉਸ ਦੇ ਮਾਨਸਿਕ ਵਿਕਾਸ ’ਤੇ ਗਹਿਰਾ ਪ੍ਰਭਾਵ ਪੈਂਦਾ ਹੈ।*



# ਮਨਫ਼ੀ ਹੋ ਰਿਹਾ ਰਿਸ਼ਤਿਆਂ ਵਿਚਲਾ ਨਿੱਘ



ਡਾ. ਵਰਿੰਦਰਜੀਤ ਕੌਰ
98722-54081

ਕੋਈ ਵੇਲਾ ਹੁੰਦਾ ਸੀ, ਜਦੋਂ ਆਪਣਿਆਂ ਅਤੇ ਪਰਾਇਆਂ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ ਸੀ। ਲੋਕ ਪੜ੍ਹੇ-ਲਿਖੇ ਘੱਟ ਪਰ ਨੇਕ ਹੁੰਦੇ ਸਨ। ਮਨੁੱਖੀ ਕਦਰਾਂ-ਕੀਮਤਾਂ ਦੀ ਉਨ੍ਹਾਂ ਨੂੰ ਜਾਚ ਸੀ। ਉਨ੍ਹਾਂ ਵੇਲਿਆਂ ’ਚ ਕੋਈ ਹੇਰ-ਫੇਰ ਨਹੀਂ ਸੀ ਅਤੇ ਮਨੁੱਖ ਦੂਜਿਆਂ ਦੇ ਨੇੜੇ ਹੋਣਾ ਆਪਣਾ ਹੱਕ ਸਮਝਦਾ ਸੀ। ਕਿਸੇ ਦੇ ਵੀ ਬੂਹੇ ’ਤੇ ਵੇਲੇ-ਕੁਵੇਲੇ ਦਸਤਕ ਦੇਣ ਲੱਗਿਆਂ ਸੋਚਣਾ ਨਹੀਂ ਸੀ ਪੈਂਦਾ। ਲੋਕ ਰੱਬ ਉੱਪਰ ਭਰੋਸਾ ਕਰਦੇ ਸਨ, ਪੈਸੇ ਦੀ ਬਜਾਏ ਰਿਸ਼ਤੇ ਕਮਾਉਣ ਵਿਚ ਯਕੀਨ ਰੱਖਦੇ ਸਨ। ਇਸੇ ਕਾਰਨ ਉਨ੍ਹਾਂ ਵੇਲਿਆਂ ’ਚ ਪਰਿਵਾਰਾਂ ਵਿਚ ਬਰਕਤਾਂ ਹੁੰਦੀਆਂ ਸਨ।

ਪਰ ਅਜੋਕੇ ਯੁੱਗ ਵਿਚ ਸਾਡੇ ਰਿਸ਼ਤਿਆਂ ਦੀ ਨੁਹਾਰ ਬਦਲ ਗਈ ਹੈ। ਅੱਜ ਰਿਸ਼ਤੇ ਹੰਡਣਸਾਰ ਨਹੀਂ ਰਹੇ, ਕਿਉਂਕਿ ਰਿਸ਼ਤੇ ਹੰਡਾਉਣ ਦਾ ਸਾਡੇ ਕੋਲ ਸਮਾਂ ਨਹੀਂ ਰਿਹਾ। ਸਾਦੇ ਅਤੇ ਸਧਾਰਨ ਲੋਕਾਂ ਦੀ ਸਾਡੀ ਜ਼ਿੰਦਗੀ ਵਿਚ ਕੋਈ ਬਹੁਤੀ ਅਹਿਮੀਅਤ ਨਹੀਂ ਰਹੀ। ਰਿਸ਼ਤਿਆਂ ’ਚੋਂ ਪਿਆਰ ਅਤੇ ਸਤਿਕਾਰ ਦੀ ਜਗ੍ਹਾ ਸ਼ਿਕਵੇ, ਸ਼ਿਕਾਇਤਾਂ ਤੇ ਨਫ਼ਰਤ ਲੈ ਰਹੇ ਹਨ। ਸਾਡੀ ਸੋਚ ਛੋਟੀ ਹੋ ਗਈ ਹੈ ਅਤੇ ਇਸ ਛੋਟੀ ਸੋਚ ਕਰਕੇ ਹੀ ਵੱਡੇ-ਵੱਡੇ ਰਿਸ਼ਤੇ ਕਮਜ਼ੋਰ ਹੋ ਰਹੇ ਹਨ। ਮਨੁੱਖ ਰਿਸ਼ਤੇ ਕਮਾਉਣ ਦੀ ਬਜਾਏ ਪੈਸਾ ਕਮਾਉਣ ਵਿਚ ਲੱਗਿਆ ਹੋਇਆ ਹੈ। ਇਸ ਪੈਸੇ ਦੀ ਦੌੜ ਵਿਚ ਹਉਮੈ ਉਸ ਦੇ ਕਿਰਦਾਰ ਉੱਪਰ ਹਾਵੀ ਹੁੰਦੀ ਜਾ ਰਹੀ ਹੈ। ਵੱਡੇ-ਵੱਡੇ ਮਕਾਨਾਂ ਵਿਚ ਰਹਿਣ ਵਾਲੇ ਲੋਕਾਂ ਲਈ ਘਰਾਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਡਿਗਰੀਆਂ ਹਾਸਿਲ ਕਰ ਕੇ ਅਸੀਂ ਨੈਤਿਕ ਕਦਰਾਂ-ਕੀਮਤਾਂ ਭੁਲਦੇ ਜਾ ਰਹੇ ਹਾਂ। ਸੋਚਣ ਵਾਲੀ ਗੱਲ ਹੈ ਕਿ ਅੱਜ ਕਿੰਨੇ ਕੁ ਲੋਕ ਅਜਿਹੇ ਹਨ, ਜਿਨ੍ਹਾਂ ਨਾਲ ਅਸੀਂ ਬਿਨਾਂ ਸੰਕੋਚ ਗੱਲਬਾਤ ਕਰ ਸਕਦੇ ਹਾਂ, ਜਾਂ ਜਿਨ੍ਹਾਂ ਦੇ ਘਰਾਂ ਵਿਚ ਅਸੀਂ ਬਿਨਾਂ ਦੱਸਿਆ ਵੇਲੇ-ਕੁਵੇਲੇ ਜਾ ਸਕਦੇ ਹਾਂ। ਅੱਜ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਮਨੁੱਖ ਆਪਣੇ-ਆਪ ਨੂੰ ਖ਼ੁਸ਼ ਤੇ ਰੱਜਿਆ ਹੋਇਆ ਮਹਿਸੂਸ ਕਿਉਂ ਨਹੀਂ ਕਰ ਰਿਹਾ? ਰਿਸ਼ਤਿਆਂ ਦੀਆਂ ਤੰਦਾਂ ਕਮਜ਼ੋਰ ਕਿਉਂ ਹੁੰਦੀਆਂ ਜਾ ਰਹੀਆਂ ਹਨ? ਅੱਜ ਦਾ ਮਨੁੱਖ ਰਿਸ਼ਤਿਆਂ ਦਾ ਨਿੱਘ ਕਿਉਂ ਨਹੀਂ ਮਾਣ ਰਿਹਾ?

ਰਿਸ਼ਤੇ ਮੂਲ ਰੂਪ ਵਿਚ ਦੋ ਤਰ੍ਹਾਂ ਦੇ ਹੁੰਦੇ ਹਨ। ਪਹਿਲੀ ਤਰ੍ਹਾਂ ਦੇ ਰਿਸ਼ਤੇ ਉਹ ਹੁੰਦੇ ਹਨ, ਜਿਹੜੇ ਸਾਨੂੰ ਪਰਮਾਤਮਾ ਵੱਲੋਂ ਵਰਦਾਨ ਦੇ ਰੂਪ ’ਚ ਮਿਲਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਅਸੀਂ ਚਾਹ ਕੇ ਵੀ ਬਦਲ ਨਹੀਂ ਸਕਦੇ। ਜਿਵੇਂ ਸਾਡਾ ਆਪਣੇ ਮਾਂ-ਬਾਪ, ਭੈਣ-ਭਰਾਵਾਂ ਅਤੇ ਬੱਚਿਆਂ ਨਾਲ ਰਿਸ਼ਤਾ। ਇਨ੍ਹਾਂ ਰਿਸ਼ਤਿਆਂ ਨੂੰ ਮਿਲਾ ਕੇ ਸਾਡਾ ਪਰਿਵਾਰ ਬਣਦਾ ਹੈ। ਪਰਿਵਾਰ, ਜੋ ਹਰ ਦੁੱਖ-ਸੁੱਖ ਵਿਚ ਸਾਡੇ ਨਾਲ ਰਹਿੰਦਾ ਹੈ ਅਤੇ ਜਿੱਥੇ ਅਸੀਂ ਸਮਝੌਤੇ ਕਰਨ ਅਤੇ ਦੂਜਿਆਂ ਦਾ ਧਿਆਨ ਰੱਖਣ ਦਾ ਪਹਿਲਾ ਤੇ ਪੱਕਾ ਸਬਕ ਸਿੱਖਦੇ ਹਾਂ। ਪਰਿਵਾਰ ਸਿਰਫ਼ ਇਕ ਮਹਿਸੂਸ ਕਰਨ ਵਾਲਾ ਸੰਕਲਪ ਹੈ। ਸੋ ਪਰਿਵਾਰਕ ਰਿਸ਼ਤਿਆਂ ਲਈ ਸਾਨੂੰ ਆਪਣੇ-ਆਪ ਨਾਲ ਜਾਂ ਰੱਬ ਨਾਲ ਕੋਈ ਗਿਲ਼ਾ-ਸ਼ਿਕਵਾ ਨਹੀਂ ਹੋਣਾ ਚਾਹੀਦਾ। ਜੇਕਰ ਅਸੀਂ ਅਜਿਹਾ ਕਰਦੇ ਹਾਂ ਤਾਂ ਅਸੀਂ ਕੁਦਰਤ ਦੇ ਉਲਟ ਹੋਣ ਦਾ ਸਬੂਤ ਦੇ ਰਹੇ ਹਾਂ। ਜਿੰਨਾ ਜ਼ਿਆਦਾ ਅਸੀਂ ਕੁਦਰਤ ਦੇ ਉਲਟ ਜਾਵਾਂਗੇ, ਉਨ੍ਹਾਂ ਹੀ ਅਸੀਂ ਪਰਮਾਤਮਾ ਤੋਂ ਦੂਰ ਹੁੰਦੇ ਜਾਵਾਂਗੇ। ਇਸ ਦੇ ਉਲਟ ਦੂਜੀ ਤਰ੍ਹਾਂ ਦੇ ਰਿਸ਼ਤੇ ਉਹ ਹੁੰਦੇ ਹਨ, ਜਿਨ੍ਹਾਂ ਨੂੰ ਸਿਰਜਣਾ ਕਿਸੇ ਹੱਦ ਤਕ ਸਾਡੇ ਆਪਣੇ ਹੱਥ ਵਿਚ ਹੁੰਦਾ ਹੈ। ਜਿਵੇਂ ਦੋਸਤ ਬਣਾਉਣਾ ਅਤੇ ਆਪਣਾ ਜੀਵਨ ਸਾਥੀ ਚੁਣਨਾ ਸਾਡੇ ਆਪਣੇ ਉੱਪਰ ਨਿਰਭਰ ਕਰਦਾ ਹੈ। ਚੰਗੇ ਦੋਸਤ ਅਤੇ ਚੰਗਾ



ਜੀਵਨ ਸਾਥੀ ਸਾਡੀ ਜ਼ਿੰਦਗੀ ’ਚ ਰਸ ਘੋਲ਼ ਦਿੰਦੇ ਹਨ। ਇਨ੍ਹਾਂ ਦੇ ਹੋਣ ਦਾ ਅਹਿਸਾਸ ਸਾਨੂੰ ਅੰਦਰੂਨੀ ਤਲੱਖਸ ਬਖ਼ਸ਼ਦਾ ਹੈ। ਦੋਵਾਂ ਤਰ੍ਹਾਂ ਦੇ ਰਿਸ਼ਤੇ ਪਿਆਰ, ਮੋਹ, ਸਹਿਜ ਅਤੇ ਸਹਿਯੋਗ ਨਾਲ ਬਣਦੇ ਹਨ। ਜਿੰਨੀ ਜ਼ਿਆਦਾ ਇਨ੍ਹਾਂ ਰਿਸ਼ਤਿਆਂ ਵਿਚ ਸਹਿਜਤਾ ਹੋਵੇਗੀ ਓਨੀ ਹੀ ਇਨ੍ਹਾਂ ਰਿਸ਼ਤਿਆਂ ਦੀ ਉਮਰ ਲੰਬੀ ਤੇ ਮਾਣਯੋਗ ਹੋਵੇਗੀ। ਸੋ ਲੋੜ ਹੈ ਕਿ ਇਨ੍ਹਾਂ ਰਿਸ਼ਤਿਆਂ ਨੂੰ ਬਣਦਾ ਪਿਆਰ ਤੇ ਸਤਿਕਾਰ ਦਿੱਤਾ ਜਾਵੇ ਅਤੇ ਆਪਣੇ ਵੱਲੋਂ ਪੂਰੀ ਇਮਾਨਦਾਰੀ ਨਾਲ ਨਿਭਾਇਆ ਜਾਵੇ।

ਇਹ ਜ਼ਿੰਦਗੀ ਸਾਨੂੰ ਪਰਮਾਤਮਾ ਵੱਲੋਂ ਦਿੱਤਾ ਗਿਆ ਅਨਮੋਲ ਤੋਹਫ਼ਾ ਹੈ। ਇਸ ਤੋਹਫ਼ੇ ਵਿਚ ਸਾਨੂੰ ਚੰਗੇ-ਮਾੜੇ ਹਰ ਤਰ੍ਹਾਂ ਦੇ ਲੋਕ ਮਿਲਦੇ ਹਨ। ਪਰ ਅਫ਼ਸੋਸ, ਅਸੀਂ ਸਾਰੀ ਉਮਰ ਜ਼ਿੰਦਗੀ ਨਾਲ ਲੜਦੇ ਰਹਿੰਦੇ ਹਾਂ, ਪਰਮਾਤਮਾ ਨਾਲ ਗਿਲ਼ੇ-ਸ਼ਿਕਵੇ ਕਰਦੇ ਹਾਂ, ਪੈਸੇ ਪਿੱਛੇ ਭੱਜਦੇ ਹਾਂ ਅਤੇ ਕਈ ਵਾਰ ਕੁਝ ਗ਼ਲਤਫਹਿਮੀਆਂ ਅਤੇ ਆਪਣੀ ਹਉਮੈ ਕਰਕੇ ਬੇਸ਼ੁਮਾਰ ਕੀਮਤੀ ਰਿਸ਼ਤੇ ਵੀ ਤੋੜ ਦਿੰਦੇ ਹਾਂ। ਆਖ਼ਿਰ ਇਹ ਸਭ ਕੁਝ ਅਸੀਂ ਕਿਸ ਵਾਸਤੇ ਕਰ ਰਹੇ ਹਾਂ? ਕੀ ਸਾਡੀ ਜ਼ਿੰਦਗੀ ਦਾ ਮਕਸਦ ਐਨਾ ਛੋਟਾ ਰਹਿ ਗਿਆ ਹੈ? ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਅਤੇ ਰਿਸ਼ਤਿਆਂ ਨੂੰ ਸਲੀਕੇ ਨਾਲ ਨਿਭਾਉਣ ਲਈ ਸਾਨੂੰ ਕੁਝ ਛੋਟੀਆਂ ਪਰ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਜਿਵੇਂ ਸਭ ਤੋਂ ਪਹਿਲਾਂ ਪਰਮਾਤਮਾ ਉੱਪਰ ਭਰੋਸਾ ਕਰਨਾ ਪਵੇਗਾ। ਮੰਨਣਾ ਪਵੇਗਾ ਕਿ ਜਿਸ ਪਰਮਾਤਮਾ ਨੇ ਇਸ ਦੁਨੀਆ ਵਿਚ ਭੇਜਿਆ ਹੈ ਉਸ ਨੂੰ ਸਾਡਾ ਫ਼ਿਕਰ ਹੈ। ਦੂਜਾ, ਸਾਨੂੰ ਆਪਣੇ ਅੰਦਰ ਦੂਜਿਆਂ ਨੂੰ ਮਾਫ਼ ਕਰਨ ਦੀ ਭਾਵਨਾ ਅਤੇ ਹਿੰਮਤ ਜਗਾਉਣੀ ਪਵੇਗੀ। ਤੀਜਾ, ਉਨ੍ਹਾਂ ਰਿਸ਼ਤਿਆਂ ਅਤੇ ਸਥਿਤੀਆਂ ’ਚੋਂ ਖ਼ੁਸ਼ੀ ਲੱਭਣੀ ਪਵੇਗੀ ਜੋ ਸਾਡੇ ਕੋਲ ਹਨ।

ਸਮੇਂ ਦੀ ਮੰਗ ਹੈ ਕਿ ਅਸੀਂ ਖ਼ੁਦ ਉੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣੀਏ ਕਿਉਂਕਿ ਜਿਸ ਸਮਾਜ ਵਿਚ ਮਾਪੇ ਉੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹੋਣਗੇ, ਉਸ ਸਮਾਜ ਦੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਲੈਕਚਰ ਸੁਣਨ ਦੀ ਜ਼ਰੂਰਤ ਨਹੀਂ ਪਵੇਗੀ। ਆਪਣੇ-ਆਪ ਨੂੰ ਝੂਠ, ਬੇਇਮਾਨੀ, ਦਿਖਾਵੇ, ਸ਼ਿਕਾਇਤਾਂ ਅਤੇ ਨਫ਼ਰਤ ਤੋਂ ਦੂਰ ਰੱਖ ਕੇ ਸੱਚ, ਇਮਾਨਦਾਰੀ, ਸਬਰ ਅਤੇ ਖ਼ਿਮਾ ਦਾ ਪੱਲਾ ਫੜੀਏ। ਨੇਕ ਬੰਦਿਆਂ ਦੀ ਸੰਗਤ ਕਰੀਏ । ਬੱਚਿਆਂ ਦੀਆਂ ਵਸਤਾਂ ਪ੍ਰਤੀ ਖ਼ਾਹਿਸ਼ਾਂ ਘਟਾ ਕੇ ਉਨ੍ਹਾਂ ’ਚ ਉਸਾਰੂ ਕਦਰਾਂ-ਕੀਮਤਾਂ ਉਪਜਾਈਏ। ਬੱਚਿਆਂ ਲਈ ਪੈਸਾ ਜੋੜਨ ਦੀ ਬਜਾਏ ਉਨ੍ਹਾਂ ਨੂੰ ਐਨੇ ਲਾਇਕ ਤੇ ਕਾਬਿਲ ਬਣਾਈਏ ਕਿ ਉਹ ਆਪਣੀਆਂ ਜ਼ਰੂਰਤਾਂ ਆਪ ਪੂਰੀਆਂ ਕਰ ਸਕਣ। ਪੈਸਾ ਕਮਾਉਣ ਦੀ ਬਜਾਏ ਨੇਕ, ਸੁਚੇਤ ਤੇ ਸ਼ਕਤੀਸ਼ਾਲੀ ਰਿਸ਼ਤੇ ਸਿਰਜੀਏ ਤੇ ਬੱਚਿਆਂ ਨੂੰ ਵੀ ਰਿਸ਼ਤਿਆਂ ਦੀ ਅਹਿਮੀਅਤ ਸਮਝਾਈਏ। ਜਿੱਥੇ ਰਿਸ਼ਤੇ ਪਿਆਰ ਅਤੇ ਅਪਣੱਤ ਵਾਲੇ ਹੋਣਗੇ, ਉੱਥੇ ਦੁੱਖ ਸੁੱਖਾਂ ਵਿਚ ਬਦਲ ਜਾਣਗੇ ਅਤੇ ਉੱਥੇ ਸਾਡਾ ਰਿਸ਼ਤਾ ਪਰਮਾਤਮਾ ਨਾਲ ਵੀ ਸੁਖਾਵਾਂ ਹੋਵੇਗਾ। ਇਨ੍ਹਾਂ ਨਿੱਕੇ-ਨਿੱਕੇ ਯਤਨਾਂ ਸਦਕਾ ਅਸੀਂ ਇਕ ਚੰਗੇ ਅਤੇ ਉਸਾਰੂ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਦੇ ਸਕਦੇ ਹਾਂ।

# ਕੁਦਰਤ ਦੀ ਅਣਮੁੱਲੀ ਦਾਤ ਗੁੜ



ਸਤਨਾਮ ਸਿੰਘ ਮੱਟੂ

ਸੜਕਾਂ ਕਿਨਾਰੇ ਚਲਦੀਆਂ ਘਲਾੜੀਆਂ (ਵੇਲਣਿਆਂ) ਨੂੰ ਦੇਖ ਕੇ ਇਹ ਗੀਤ ਜ਼ਰੂਰ ਯਾਦ ਆ ਜਾਂਦਾ ਹੈ ਜੋ ਸ਼ਾਇਦ ਇਸ ਤਰ੍ਹਾਂ ਸੀ :

ਚਿੱਤ ਕਰਦਾ ਘਲਾੜੀ ਵਾਲਾ ਹਾਣੀਆ
ਵੇ ਤੱਤਾ ਤੱਤਾ ਗੁੜ ਖਾਣ ਨੂੰ...

ਇਹ ਗੀਤ ਨੂੰ ਸੁਣਦਿਆਂ ਹੀ ਮੂੰਹ ਵਿਚ ਪਾਣੀ ਆ ਜਾਂਦਾ ਹੈ। ਜੇ ਕਿਤੇ ਚੱਕ ਵਿਚ ਤੱਤਾ ਤੱਤਾ ਗੁੜ ਸਾਹਮਣੇ ਪਿਆ ਦੇਖ ਕੇ ਖਾਣ ਨੂੰ ਦਿਲ ਲਲਚਾ ਜਾਂਦਾ ਹੈ। ਲੱਖ ਰੋਕਾਂ ਵੀ ਪੰਜਾਬੀਆਂ ਨੂੰ ਮਿੱਠਾ ਖਾਣ ਤੋਂ ਨਹੀਂ ਰੋਕ ਸਕਦੀਆਂ, ਪਰ ਜਦੋਂ ਮਿੱਠਾ ਗੁੜ ਹੋਵੇ ਅਤੇ ਉਹ ਵੀ ਗਰਮ ਗਰਮ ਫਿਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਗੁੜ ਪੰਜਾਬੀ ਸੱਭਿਆਚਾਰ ਦਾ ਅਟੁੱਟ ਅਤੇ ਅਨਿੱਖੜਵਾਂ ਅੰਗ ਹੈ। ਇਹ ਸਾਨੂੰ ਕੁਦਰਤ ਦੀ ਬਖ਼ਸ਼ੀ ਨਿਆਮਤ ਹੈ। ਚੀਨੀ ਕਲਚਰ ਤੋਂ ਪਹਿਲਾਂ ਪਿੰਡਾਂ ਵਿਚ ਮਿੱਠੇ ਵਜੋਂ ਗੁੜ ਜਾਂ ਸ਼ੱਕਰ ਦੀ ਸਰਦਾਰੀ ਸੀ। ਗੁੜ ਦੀ ਚਾਹ, ਗੁੜ ਦੇ ਚੌਲ, ਗੁੜ ਜਾਂ ਗੰਨੇ ਦੇ ਰਸ ਦੀ ਖੀਰ ਆਮ ਘਰਾਂ ਵਿਚ ਬਣਾ ਕੇ ਬੜੇ ਚਾਵਾਂ ਮਲਾਰਾਂ ਨਾਲ ਖਾਏ ਜਾਂਦੇ ਸਨ। ਗੁੜ ਜਾਂ ਸ਼ੱਕਰ ਨਾਲ ਬਣੀ ਚਾਹ ਨੂੰ ਕੱਚੇ ਮਿੱਠੇ ਦੀ ਚਾਹ ਕਿਹਾ ਜਾਂਦਾ ਸੀ ਅਤੇ ਚੀਨੀ ਜਾਂ ਖੰਡ ਨੂੰ ਪੱਕਾ ਮਿੱਠਾ। ਘਰ ਆਏ ਪ੍ਰਾਹੁਣੇ ਨੂੰ ਸਤਿਕਾਰ ਵਜੋਂ ਪੱਕੇ ਮਿੱਠੇ ਦੀ ਚਾਹ ਦਿੱਤੀ ਜਾਂਦੀ ਸੀ। ਜਿਵੇਂ ਹੀ ਸਮੇਂ ਨੇ ਕਰਵੱਟ ਲਈ ਤਾਂ ਲੋਕਾਂ ’ਚ ਚੀਨੀ ਦਾ ਚਾਹ ਦਾ ਰਿਵਾਜ ਪ੍ਰਫੁੱਲਤ ਹੋ ਗਿਆ। ਪੰਜਾਬੀ ਦੇਸੀ ਲੋਕਾਂ ਨੇ ਗੁੜ ਬਣਾਉਣਾ ਬੰਦ ਕਰ ਦਿੱਤਾ ਤੇ ਗੰਨਾ ਖੰਡ ਮਿੱਲਾਂ ਵੱਲ ਜਾਣ ਲੱਗ ਪਿਆ ਪਰ ਮਿੱਠੇ ਚੋਂ ਗੁੜ ਦੀ ਸਰਦਾਰੀ ਕਾਇਮ ਰਹੀ। ਬੇਸ਼ੱਕ ਲੋਕਲ ਗੁੜ ਬਣਾਉਣ ਦੇ ਕਾਰੀਗਰ ਘੱਟ ਗਏ ਪਰ ਯੂਪੀ ਬਿਹਾਰ ਤੋਂ ਆ ਕੇ ਕਾਰੀਗਰ ਇਸ ਕੰਮ ਵਿਚ ਜੁਟ ਗਏ ਅਤੇ ਗੁੜ , ਸ਼ੱਕਰ ਮੁੜ ਤੋਂ ਪੰਜਾਬੀਆਂ ਦੇ ਘਰਾਂ ਦਾ ਸ਼ਿੰਗਾਰ ਬਣਨ ਲੱਗ ਗਿਆ ਹੈ। ਲੋਕਾਂ ਦਾ ਚੀਨੀ ਵੱਲੋਂ ਰੁਝਾਨ ਘੱਟ ਕੇ ਗੁੜ ਸ਼ੱਕਰ ਵੱਲ ਹੋ ਗਿਆ ਹੈ।

ਅੱਜ ਤੁਹਾਡੇ ਨਾਲ ਗੁੜ ਬਣਾਉਣ ਦੀ ਪ੍ਰਕਿਰਿਆ ਸਾਂਝੀ ਕਰਨ ਲੱਗਾ ਹਾਂ। ਸਖ਼ਤ ਮੁਸ਼ੱਕਤ ਤੋਂ ਬਾਅਦ ਜੀਅ ਲਲਚਾਉਣ ਵਾਲਾ ਤੱਤਾ ਤੱਤਾ ਗੁੜ ਸਾਡੇ ਤਕ ਪਹੁੰਚਦਾ ਹੈ। ਦੁਸਹਿਰੇ ਤੋਂ ਬਾਅਦ ਗੰਨੇ ਵਿਚ ਪੂਰਾ ਰਸ ਭਰ ਜਾਂਦਾ ਹੈ। ਸਿਆਲ ਦੀ ਰੁੱਤ ਸ਼ੁਰੂ ਹੁੰਦੇ ਹੀ ਘਲਾੜੀਆਂ ਦੀ ਰਿਪੇਅਰ ਕਰਕੇ ਗੁੜ ਬਣਾਉਣ ਦਾ ਕਾਰਜ ਅਰੰਭ ਕਰ ਦਿੱਤਾ ਜਾਂਦਾ ਹੈ। ਲਹਿਲਹਾਉਂਦੇ ਕਮਾਦ ਦੇ ਖੇਤ ਚੋਂ ਗੰਨੇ ਨੂੰ ਖਪਰੇ ਨਾਮੀ ਸੰਦ ਨਾਲ ਜੜ੍ਹ ਤੋਂ ਵੱਢ ਲਿਆ ਜਾਂਦਾ ਹੈ। ਪਿੰਡਾਂ ਦੇ ਬੇਜ਼ਮੀਨੇ ਲੋਕ ਇਨ੍ਹਾਂ ਕੱਟੇ ਹੋਏ ਗੰਨਿਆਂ ਤੋਂ ਦਾਤੀਆਂ ਨਾਲ ਸੁੱਕੇ ਪੱਤ ਛਿੱਲ ਕੇ ਅਤੇ ਉੱਪਰੋਂ ਕੱਚਾ ਗੰਨਾ ਅਤੇ ਹਰੇ ਪੱਤੇ ਵੱਢ ਕੇ ਢੇਰ ਲਗਾ ਦਿੰਦੇ ਹਨ। ਇਸ ਸੁੱਕੇ ਪੱਤਿਆਂ ਨੂੰ ਆਮ ਬੋਲੀ ’ਚ ਖੋਰੀ ਕਿਹਾ ਜਾਂਦਾ ਹੈ ਅਤੇ ਹਰੇ ਪੱਤਿਆਂ ਨੂੰ ਆਗ। ਉਨ੍ਹਾਂ ਵੱਢੇ ਅਤੇ ਸੰਵਾਰੇ 20-20, 25-25 ਗੰਨਿਆਂ ਨੂੰ ਬੰਨ੍ਹ ਲਿਆ ਜਾਂਦਾ ਹੈ। ਜਿਸ ਨੂੰ ਭਰੇ ਕਿਹਾ ਜਾਂਦਾ ਹੈ।

ਛਿੱਲੇ ਗੰਨਿਆਂ ਦੇ ਵੱਢੇ ਪੱਤਿਆਂ ਭਾਵ ਆਗਾਂ ਨੂੰ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ। ਮਿਠਾਸ ਹੋਣ ਕਾਰਨ ਪਸ਼ੂ ਇਸ ਦੇ ਟੋਕੇ ਨੂੰ ਬਹੁਤ ਚਾਅ ਨਾਲ ਖਾਂਦੇ ਹਨ। ਗੰਨਿਆਂ ਦੇ ਬੰਨ੍ਹੇ ਪੂਲੇ ਜਾਂ ਭਰਿਆਂ ਨੂੰ ਗੱਡੇ ਜਾਂ ਟਰੈਕਟਰ-ਟਰਾਲੀ ’ਤੇ ਲੱਦ ਕੇ ਘਲਾੜੀ ਤਕ ਢੋਇਆ ਜਾਂਦਾ ਹੈ। ਕਈ ਜਗ੍ਹਾ ਘਲਾੜੀ ਨੂੰ ਵੇਲਣਾ ਵੀ ਕਹਿੰਦੇ ਹਨ।

ਇਸ ਤੋਂ ਬਾਅਦ ਗੰਨਿਆਂ ਨੂੰ ਇਕੱਲਾ ਇਕੱਲਾ ਕਰ ਕੇ ਘਲਾੜੀ ਵਿਚ ਪੀੜਿਆ ਜਾਂ ਨਪੀੜਿਆ ਜਾਂਦਾ ਹੈ। ਇਸ ਵਿੱਚੋਂ ਨਿੱਕਲੇ ਤਰਲ ਪਦਾਰਥ ਨੂੰ ਰਸ ਜਾਂ ਰਹੁ ਕਿਹਾ ਜਾਂਦਾ ਹੈ ਅਤੇ ਰਸ ਕੱਢਣ ਤੋਂ ਬਾਅਦ ਬਚੇ ਸਖ਼ਤ ਪਦਾਰਥ ਨੂੰ ਪੱਛੀ ਕਹਿੰਦੇ ਹਨ। ਇਸ ਨੂੰ ਸੁਕਾ ਕੇ ਗੁੜ ਪਕਾਉਣ ਲਈ ਬਾਲਣ ਵਜੋਂ ਵਰਤ ਲਿਆ ਜਾਂਦਾ ਹੈ। ਰਸ ਨੂੰ ਪੀਣ ਦਾ ਆਪਣਾ ਵੱਖਰਾ ਹੀ ਸਵਾਦ ਹੈ। ਅੱਜ ਕੱਲ੍ਹ ਗੰਨੇ ਦਾ ਰਸ ਬਾਜ਼ਾਰਾਂ ਵਿਚ ਵੀ ਰੇਹੜੀਆਂ ਤੇ ਆਮ ਵਿਕਦਾ ਹੈ। ਇਸ ਨੂੰ ਹੋਰ ਸਵਾਦ ਬਣਾਉਣ ਲਈ ਇਸ ਵਿਚ ਪੁਦੀਨਾ, ਅਦਰਕ, ਨਿੰਬੂ, ਕਾਲਾ ਨਮਕ ਪਾਇਆ ਜਾਂਦਾ ਹੈ, ਜੋ ਸਿਹਤ ਲਈ ਅਣਮੁੱਲੀ ਦਾਤ ਹੈ।

ਗੰਨੇ ਦੇ ਰਸ ਤੋਂ ਬਹੁਤ ਹੀ ਮਜ਼ੇਦਾਰ ਖੀਰ ਬਣਾਈ ਜਾ ਸਕਦੀ ਹੈ, ਜਿਸ ਦੇ ਸਵਾਦ ਦਾ ਮੁਕਾਬਲਾ ਹੋਰ ਦੁੱਧ ਤੋਂ ਬਣੀ ਖੀਰ ਵੀ ਨਹੀਂ ਕਰ ਸਕਦੀ। ਗੰਨੇ ’ਚੋਂ ਕੱਢੇ ਰਸ ਨੂੰ ਗੁੜ ਬਣਾਉਣ ਲਈ ਕੜਾਹੇ ਵਿਚ ਪਾ ਕੇ ਭੱਠੀ ਉੱਪਰ ਲੋੜ ਮੁਤਾਬਿਕ ਗਰਮ ਕੀਤਾ ਜਾਂਦਾ ਹੈ। ਇਸ ਗਰਮ ਰਸ ਨੂੰ ਲਾਹਣ ਕਿਹਾ ਜਾਂਦਾ ਹੈ। ਰਸ ਨੂੰ ਉਸ ਸਮੇਂ ਤਕ ਮੱਠੇ ਮੱਠੇ ਸੇਕ ਤੇ ਗਰਮ ਕੀਤਾ ਜਾਂਦਾ ਹੈ, ਜਦੋਂ ਤਕ ਉਹ ਕੜ੍ਹਕੇ ਲਾਲ ਜਾਂ ਭੂਰੇ ਰੰਗ ਵਿਚ ਨਾ ਬਦਲ ਕੇ ਗਰੀਸ ਵਰਗਾ ਸੰਘਣਾ ਨਾ ਹੋ ਜਾਵੇ। ਗਰਮ ਕਰਦੇ ਸਮੇਂ ਲਾਹਣ ਉੱਪਰੋਂ ਮੈਲ ਉਤਾਰਦੇ ਰਹਿਣਾ ਪੈਂਦਾ ਹੈ ਤਾਂ ਕਿ ਗੁੜ ਦਾ ਰੰਗ ਗੂੜ੍ਹੇ ਦੀ ਬਜਾਇ ਹਲਕਾ ਭੂਰਾ ਹੋ ਜਾਵੇ। ਇਸ ਤਿਆਰ ਹੋਏ ਗੁੜ ਨੂੰ ਲੱਕੜ ਦੇ ਚੱਕ ਵਿਚ ਪਾ ਕੇ ਠੰਡਾ ਕੀਤਾ ਜਾਂਦਾ ਹੈ ਅਤੇ ਲੋੜ ਮੁਤਾਬਿਕ ਵੱਡੀਆਂ ਜਾਂ ਛੋਟੀਆਂ ਭੇਲੀਆਂ ਬਣਾਈਆਂ ਜਾਂਦੀਆਂ ਹਨ। ਬੱਸ ਇਸ ਸਮੇਂ ਗਰਮ ਗਰਮ ਗੁੜ ਖਾਣ ਦਾ ਮਜ਼ਾ ਹੀ ਅਲੱਗ ਹੈ। ਆਲੂ, ਗਾਜਰ ਜਾਂ ਸ਼ੱਕਰਗੰਦੀ ਨੂੰ ਉੱਬਲਦੇ ਲਾਹਣ ਸੁੱਟ ਕੇ ਅਤੇ ਪਕਾ ਕੇ ਖਾਣ ਦਾ ਅਲੱਗ ਹੀ ਆਨੰਦ ਹੈ।

ਇਕ ਵਾਰ ਦੇ ਲਾਹਣ ਵਿੱਚੋਂ 25 ਤੋਂ 30 ਕਿਲੋ ਗੁੜ ਬਣਦਾ ਹੈ। ਜੇਕਰ ਸ਼ੱਕਰ ਬਣਾਉਣੀ ਹੋਵੇ ਤਾਂ ਲਾਹਣ ਨੂੰ ਗੁੜ ਨਾਲੋਂ ਜ਼ਿਆਦਾ ਦੇਰ ਤਕ ਪਕਾਉਣਾ ਪੈਂਦਾ ਹੈ। ਪਰ ਕਈ ਲੋਕ ਇਸ ਨੂੰ ਵਪਾਰਕ ਨਜ਼ਰੀਏ ਤੋਂ ਬਣਾਉਣ ਲਈ ਇਸ ਵਿਚ ਰਸਾਇਣਕ ਪਦਾਰਥ ਪਾ ਕੇ ਇਸ ਦੇ ਰੰਗ ਅਤੇ ਸਵਾਦ ਨੂੰ ਵਧੀਆ ਕਰਨ ਲਈ, ਇਨਸਾਨੀਅਤ ਦਾ ਘਾਣ ਕਰਦੇ ਹਨ।

ਅੱਜ ਕੱਲ੍ਹ ਵੀ ਲੋਕਾਂ ਵਿਚ ਸ਼ੱਕਰ ਜਾਂ ਗੁੜ ਦੀ ਚਾਹ ਪੀਣ ਦਾ ਰੁਝਾਨ ਕਾਫ਼ੀ ਵਧ ਗਿਆ ਹੈ। ਸੜਕਾਂ ਕਿਨਾਰੇ ਚਲਦੀਆਂ ਘਲਾੜੀਆਂ ’ਤੇ ਲੋਕ ਸ਼ੱਕਰ, ਗੁੜ ਖ਼ਰੀਦ ਦੇ ਆਮ ਦੇਖੇ ਜਾ ਸਕਦੇ ਹਨ। ਚੀਨੀ ਦੀ ਚਾਹ ਹੁਣ ਚੰਗੀ ਨਹੀਂ ਲੱਗਦੀ ਕਹਿ ਕੇ ਜਾਂ ਸ਼ੂਗਰ ਦੇ ਰੋਗੀ ਸ਼ੱਕਰ, ਗੁੜ ਦੀ ਚਾਹ ਨੂੰ ਤਰਜੀਹ ਦੇਣ ਲੱਗ ਪਏ ਹਨ। ਚਾਹੇ ਕੁੱਝ ਵੀ ਹੋਵੇ ਤੱਤੇ ਤੱਤੇ ਗੁੜ ਦਾ ਮੁਕਾਬਲਾ ਦੁਨੀਆ ਦੀ ਕੋਈ ਵੀ ਮਠਿਆਈ ਨਹੀਂ ਕਰ ਸਕਦੀ। ਜਿਸ ਨੇ ਵੀ ਤੱਤੇ ਤੱਤੇ ਗੁੜ ਦਾ ਸੁਆਦ ਚੱਖ ਲਿਆ ਉਹ ਇਸ ਜਨਮ ’ਚ ਤਾਂ ਇਸ ਦੇ ਸੁਆਦ ਨੂੰ ਨਹੀਂ ਭੁੱਲ ਸਕਦਾ।

ਮੋਬਾਈਲ : 97797-08257

### ਸ਼ੱਕਰ ਜਾਂ ਗੁੜ

*ਰੋਟੀ ਤੋਂ ਪਿੱਛੋਂ ਸ਼ੱਕਰ ਜਾਂ ਗੁੜ ਖਾਣ ਦਾ ਅਲੱਗ ਹੀ ਮਜ਼ਾ ਹੈ। ਵੈਦ ਹਕੀਮ ਤੇ ਡਾਕਟਰ ਵੀ ਰੋਟੀ ਪਿੱਛੋਂ ਗੁੜ ਖਾਣ ਦੀ ਸਲਾਹ ਦਿੰਦੇ ਹਨ, ਗੁੜ ਖਾਣ ਨਾਲ ਸ਼ੂਗਰ ਹੋਣ ਦੀ ਸੰਭਾਵਨਾ ਨਹੀਂ ਕਿਉਂਕਿ ਗੁੜ ਬਣਾਉਣ ਲਈ ਕਿਸੇ ਰਸਾਇਣਕ ਪਦਾਰਥ ਦੀ ਵਰਤੋਂ ਨਹੀਂ ਹੁੰਦੀ, ਜਦਕਿ ਚੀਨੀ ਬਣਾਉਣ ਲਈ ਸਲਫਰ ਰਸਾਇਣਕ ਪਦਾਰਥ ਵਰਤਿਆ ਜਾਂਦਾ ਹੈ। ਕਈ ਵਾਰ ਲੋਕ ਵਿਸ਼ੇਸ਼ ਤੌਰ ’ਤੇ ਖਾਣ ਲਈ ਗੁੜ ਦੀ ਟਿੱਕੀ ਬਣਵਾ ਲੈਂਦੇ ਹਨ, ਆਪਣੀ ਹੈਸੀਅਤ ਤੇ ਲੋੜ ਅਨੁਸਾਰ ਇਸ ’ਚ ਕਾਜੂ, ਬਦਾਮ, ਦਾਖਾਂ ਆਦਿ ਸੁੱਕੇ ਮੇਵੇ ਪਾ ਕੇ ਹੋਰ ਸਵਾਦਲਾ ਬਣਾ ਲੈਂਦੇ ਹਨ।*



# ਕਿਵੇਂ ਕਰੀਏ ਵਾਲਾਂ ਲਈ ਮੁਲਤਾਨੀ ਮਿੱਟੀ ਦੀ ਵਰਤੋਂ

ਮੁਲਤਾਨੀ ਮਿੱਟੀ ਇਕ ਤਰ੍ਹਾਂ ਦੀ ਮਿੱਟੀ ਹੁੰਦੀ ਹੈ ਜਿਸ ਦੀ ਵਰਤੋਂ ਔਰਤਾਂ ਵਾਲਾਂ ਨੂੰ ਧੋਣ ਅਤੇ ਫੇਸ ਪੈਕ



ਲਗਾਉਣ ਆਦਿ ਲਈ ਕਰਦੀਆਂ ਹਨ। ਮੁਲਤਾਨੀ ਮਿੱਟੀ ’ਚ ਇੰਨੀ ਜ਼ਿਆਦਾ ਸ਼ਕਤੀ ਹੁੰਦੀ ਹੈ ਕਿ ਉਹ ਬਿਨ੍ਹਾਂ ਨੁਕਸਾਨ ਪਹੁਚਾਏ ਸਕਿਨ ਅਤੇ ਵਾਲਾਂ ਨੂੰ ਖ਼ੂਬਸੂਰਤ ਬਣਾ ਸਕਦੀ ਹੈ। ਮੁਲਤਾਨੀ ਮਿੱਟੀ ਦੀ ਵਰਤੋਂ ਕਈ ਸਦੀਆਂ ਤੋਂ ਕੀਤੀ ਜਾ ਰਹੀ ਹੈ। ਮੁਲਤਾਨੀ ਮਿੱਟੀ ਖ਼ੂਬਸੂਰਤੀ ਦਾ ਖਜ਼ਾਨਾ ਹੁੰਦੀ ਹੈ। ਇਹ ਇਕ ਕੁਦਰਤੀ ਕੰਡੀਸ਼ਨਰ ਵੀ ਹੈ। ਮੁਲਤਾਨੀ ਮਿੱਟੀ ਵਾਲਾਂ ਲਈ ਬਹੁਤ ਵਧੀਆ ਮੰਨੀ ਜਾਂਦੀ ਹੈ। ਇਸ ਨੂੰ ਵਾਲਾਂ ’ਤੇ ਲਗਾਉਣ ਨਾਲ ਵਾਲਾਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਇਸ ਦੀ ਲਗਾਤਾਰ ਵਰਤੋਂ ਕਰਨ ਨਾਲ ਵਾਲ ਖ਼ੂਬਸੂਰਤ ਅਤੇ ਚਮਕਦਾਰ ਹੁੰਦੇ ਹਨ। ਆਓ ਜਾਣਦੇ ਹਾਂ ਮੁਲਤਾਨੀ ਮਿੱਟੀ ਦੇ ਕੁਝ ਵਧੀਆ ਨੁਸਖੇ ਜੋਂ ਸਿਰਫ ਵਾਲਾਂ ਲਈ ਵਰਤੇ ਜਾਂਦੇ ਹਨ। 1) ਦੋ-ਮੂੰਹੇ ਵਾਲ :- ਆਪਣੇ ਵਾਲਾਂ ’ਤੇ ਰਾਤ ਨੂੰ ਤੇਲ ਲਗਾਓ। ਸਵੇਰੇ ਮੁਲਤਾਨੀ ਮਿੱਟੀ ’ਚ ਦਹੀਂ ਮਿਲਾ ਕੇ ਇਕ ਪੇਸਟ ਤਿਆਰ ਕਰੋ। ਇਸ ਪੇਸਟ ਨੂੰ ਵਾਲਾਂ ਦੀਆਂ ਜੜ੍ਹਾਂ ਤੋਂ ਲੈ ਕੇ ਵਾਲਾਂ ਦੇ ਅਖੀਰ ਤੱਕ ਲਗਾਓ। ਜਦੋਂ ਮੁਲਤਾਨੀ ਮਿੱਟੀ ਸੁੱਕ ਜਾਵੇ ਤਾਂ ਵਾਲਾਂ ਨੂੰ ਠੰਡੇ ਪਾਣੀ ਨਾਲ ਧੋ ਲਵੋ। ਇਸ ਹੇਅਰ ਪੈਕ ਨੂੰ ਹਫਤੇ ’ਚ ਇਕ ਵਾਰੀ ਜ਼ਰੂਰ ਲਗਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਦੋ-ਮੂੰਹੇ ਵਾਲ ਠੀਕ ਹੁੰਦੇ ਹਨ।

2) ਰੁੱਖੇ ਵਾਲ :- ਜੇਕਰ ਕਿਸੇ ਦੇ ਰੁੱਖੇ ਵਾਲ ਹਨ ਤਾਂ ਮੁਲਤਾਨੀ ਮਿੱਟੀ ’ਚ ਅੱਧਾ ਕੱਪ ਦਹੀਂ, ਅੱਧਾ ਕੱਪ ਨਿੰਬੂ ਅਤੇ 2 ਚਿਮਚੇ ਸ਼ਹਿਦ ਦੇ ਮਿਲਾ ਕੇ ਲਗਾ ਕੇ 20 ਮਿੰਟਾਂ ਤੱਕ ਵਾਲਾਂ ਨੂੰ ਧੋ ਲਵੋ। ਅਜਿਹਾ ਕਰਨ ਨਾਲ ਵਾਲ ਨਰਮ ਹੋ ਜਾਂਦੇ ਹਨ।

3) ਤੇਲੀਏ ਵਾਲ :- ਮੁਲਤਾਨੀ ਮਿੱਟੀ ਨੂੰ ਵਾਲਾਂ ’ਚ ਲਗਾਉਣ ਲਈ 4 ਘੰਟੇ ਪਹਿਲਾਂ ਪਾਣੀ ’ਚ ਭਿਓ ਕੇ ਰੱਖੋ। ਇਸ ਪੇਸਟ ਨੂੰ ਲਗਾਉਣ ਤੋਂ ਪਹਿਲਾਂ ਰੀਠਾ ਪਾਊਡਰ ਇਸ ’ਚ ਮਿਲਾਓ। ਫਿਰ ਇਸ ਪੇਸਟ ਨੂੰ 5-10 ਮਿੰਟਾਂ ਲਈ ਵਾਲਾਂ ’ਤੇ ਲਗਿਆ ਰਹਿਣ ਤੋਂ ਬਾਅਦ ਠੰਡੇ ਪਾਣੀ ਨਾਲ ਵਾਲਾਂ ਨੂੰ ਧੋ ਲਵੋ। ਅਜਿਹਾ ਕਰਨ ਨਾਲ ਵਾਲ ’ਚ ਤੇਲੀਏ ਵਾਲ ਠੀਕ ਹੁੰਦੇ ਹਨ।

4) ਸਿੱਧੇ ਵਾਲ :- ਜੇਕਰ ਤੁਹਾਨੂੰ ਵਾਲ ਕੁਦਰਤੀ ਰੂਪ ਨਾਲ ਸਿੱਧੇ ਕਰਨੇ ਹੋਣ ਤਾਂ ਇਕ ਕੱਪ ਮੁਲਤਾਨੀ ਮਿੱਟੀ ’ਚ 5 ਚਿਮਚੇ ਆਟਾ ਅਤੇ 1 ਅੰਡਾ ਫੈਂਟ ਕੇ ਮਿਲਾਓ। ਇਸ ਪੈਕ ਨੂੰ ਪੂਰੇ ਵਾਲਾਂ ’ਚ ਲਗਾਓ ਅਤੇ ਕੰਘੀ ਦੀ ਵਰਤੋਂ ਕਰਕੇ ਵਾਲਾਂ ਨੂੰ ਸਿੱਧਾ ਕਰੋ। ਜਦੋਂ ਪੈਕ ਚੰਗੀ ਤਰ੍ਹਾਂ ਸੁੱਕ ਜਾਵੇ ਤਾਂ ਬਾਅਦ ’ਚ ਵਾਲਾਂ ਨੂੰ ਧੋ ਲਵੋ। ਅਜਿਹਾ ਕਰਨ ਨਾਲ ਵਾਲ ਪੂਰੀ ਤਰ੍ਹਾਂ ਨਾਲ ਸਿੱਧੇ ਹੋ ਜਾਂਦੇ ਹਨ।

# ਸਰਦੀਆਂ ’ਚ ਉਪਯੋਗੀ ਹਨ ਟਮਾਟਰ

ਟਮਾਟਰ ਨੂੰ ਇਸ ਦੇ ਵਿਸ਼ੇਸ਼ ਗੁਣਾਂ ਕਾਰਨ ਸਰਦੀਆਂ ਦੇ ਮੌਸਮ ਦਾ ਉਪਯੋਗੀ ਫਲ ਮੰਨਿਆ ਜਾਂਦਾ ਹੈ। ਇਸ ਦੀ ਵਰਤੋਂ ਸਬਜ਼ੀ ਦੇ ਨਾਲ-ਨਾਲ ਫਲ ਦੇ ਰੂਪ ਵਿਚ ਵੀ ਬਰਾਬਰ ਹੁੰਦੀ ਹੈ। ਉਂਝ ਤਾਂ ਟਮਾਟਰ ਪੂਰਾ ਸਾਲ ਮਿਲਦੇ ਹਨ ਪਰ ਇਨ੍ਹਾਂ ਦੀ ਉਪਯੋਗਤਾ ਸਰਦੀਆਂ ਵਿਚ ਵਧ ਜਾਂਦੀ ਹੈ।



× ਭੋਜਨ ਵਿਚ ਟਮਾਟਰਾਂ ਦੇ ਜੂਸ, ਸੂਪ, ਸਲਾਦ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਪੱਕਿਆ ਹੋਇਆ ਲਾਲ ਟਮਾਟਰ ਭੋਜਨ ਪਚਾਉਣ ਵਾਲਾ, ਤਾਕਤ ਦੇਣ ਵਾਲਾ ਅਤੇ ਖ਼ੂਨ ਸਾਫ ਕਰਨ ਵਾਲਾ ਹੁੰਦਾ ਹੈ। ਇਸ ਵਿਚ ਵਿਟਾਮਿਨ ਏ, ਬੀ, ਸੀ ਤੇ ਲੋਹਾ ਭਰਪੂਰ ਮਾਤਰਾ ਵਿਚ ਹੁੰਦਾ ਹੈ।

× ਟਮਾਟਰ ਦੇ ਸੂਪ ਵਿਚ ਕਾਲੀ ਮਿਰਚ ਪਾ ਕੇ ਪੀਣ ਨਾਲ ਕਬਜ਼ ਦੂਰ ਹੁੰਦੀ ਹੈ। ਇਸ ਨਾਲ ਚਿਹਰੇ ’ਤੇ ਚਮਕ ਤੇ ਸਰੀਰ ਵਿਚ ਚੁਸਤੀ ਬਣੀ ਰਹਿੰਦੀ ਹੈ।

× ਇਸ ਦੀ ਵਰਤੋਂ ਨਾਲ ਸਰਦੀਆਂ ਦੇ ਮੌਸਮ ਵਿਚ ਹੋਣ ਵਾਲੀਆਂ ਚਮੜੀ ਸੰਬੰਧੀ ਸਮੱਸਿਆਵਾਂ ਜਿਵੇਂ ਕਿੱਲ, ਮੁਹਾਸੇ, ਛਾਈਆਂ, ਚਮੜੀ ਦਾ ਫਟਣਾ, ਖੁਜਲੀ ਆਦਿ ਨਹੀਂ ਹੁੰਦੀਆਂ।

× ਟਮਾਟਰਾਂ ਦਾ ਜੂਸ ਪੀਣ ਨਾਲ ਵਾਲ ਚਮਕਦਾਰ ਬਣਦੇ ਹਨ। ਇਸ ਦੇ ਟੁਕੜੇ ਗੱਲ੍ਹਾਂ ਤੇ ਅੱਖਾਂ ਹੇਠਾਂ ਰੱਖਣ ਨਾਲ ਛਾਈਆਂ ਤੇ ਅੱਖਾਂ ਦੇ ਕਾਲੇ ਘੇਰੇ ਦੂਰ ਹੁੰਦੇ ਹਨ।

ਸਾਵਧਾਨੀ

ਟਮਾਟਰਾਂ ਦੀ ਬਹੁਤ ਜ਼ਿਆਦਾ ਵਰਤੋਂ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪੱਥਰੀ ਦੇ ਰੋਗੀਆਂ ਨੂੰ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

# ਮਾਨਸਿਕ ਸਿਹਤ ਦੀ ਅਹਿਮੀਅਤ

ਮੁੱਢ-ਕਦੀਮ ਤੋਂ ਹੀ ਮਨੁੱਖ ਵਿਚਾਰਾਂ ਵਿੱਚ ਰਚਿਆ-ਵਸਿਆ ਜੀਵਨ ਗੁਜ਼ਾਰਦਾ ਆਇਆ ਹੈ। ਅਜੋਕੇ ਸੰਦਰਭ ਵਿੱਚ ਵੇਖੀਏ ਤਾਂ ਮਨੁੱਖ ਵਿੱਚ ਮਾਨਸਿਕ ਅਸੰਤੁਲਨ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਨਤੀਜੇ ਵਜੋਂ ਉਸ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਸਾਰਾ ਤਾਣਾ-ਬਾਣਾ ਕਈ ਮਾਨਸਿਕ ਬੀਮਾਰੀਆਂ ਨੂੰ ਜਨਮ ਦਿੰਦਾ ਹੈ।



ਬੇਸ਼ੱਕ ਆਧੁਨਿਕ ਦੌਰ ਵਿੱਚ ਜ਼ਿੰਦਗੀ ਦੀ ਰਫ਼ਤਾਰ ਤੇਜ਼ ਹੋ ਗਈ ਹੈ ਪਰ ਇਸ ਨਾਲ ਸਹਿਜਤਾ ਲੋਪ ਹੋ ਗਈ ਹੈ। ਅਸੀਂ ਅਕਸਰ ਮਨੁੱਖ ਦੀ ਸਰੀਰਕ ਅਤੇ ਸਮਾਜਿਕ ਸਿਹਤ ਬਾਰੇ ਵਿਚਾਰ-ਚਰਚਾ ਕਰਦੇ ਹਾਂ ਪਰ ਸਰੀਰ ਦੇ ਮੁਕਾਬਲੇ ਮਾਨਸਿਕ ਪੱਧਰ ਨੂੰ ਅਣਗੌਲਿਆਂ ਹੀ ਕਰਦੇ ਹਾਂ।

ਸੌਖੇ ਸ਼ਬਦਾਂ ’ਚ ਕਹੀਏ ਤਾਂ ਜਦੋਂ ਤੁਸੀਂ ਕੋਈ ਕਾਰਜ ਬਿਨਾਂ ਕਿਸੇ ਦਬਾਅ ਅਤੇ ਮਾਨਸਿਕ ਸੰਤੁਲਨ ਨਾਲ ਪੂਰੀ ਸਹਿਜਤਾ ਨਾਲ ਕਰਦੇ ਹੋ ਤਾਂ ਤੁਸੀਂ ਮਾਨਸਿਕ ਪੱਧਰ ਉੱਤੇ ਤੰਦਰੁਸਤ ਹੁੰਦੇ ਹੋ। ਕਈ ਵਾਰ ਵਿਅਕਤੀ ਸਾਰਾ-ਸਾਰਾ ਦਿਨ ਇਕੱਲਤਾ ਨੂੰ ਹੀ ਜਿਉਂਦੇ ਹਨ ਅਤੇ ਕਿਸੇ ਨਾਲ ਮਿਲਣਾ-ਜੁਲਣਾ ਵੀ ਪਸੰਦ ਨਹੀਂ ਕਰਦੇ। ਇਸ ਤੋਂ ਬਿਨਾਂ ਉਨ੍ਹਾਂ ਅੰਦਰ ਵਿਚਾਰ ਲਗਾਤਾਰ ਉਛਾਲੇ ਮਾਰਦੇ ਰਹਿੰਦੇ ਹਨ। ਇਹ ਸਭ ਲੱਛਣ ਡਿਪਰੈਸ਼ਨ ਜਾਂ ਉਦਾਸੀ ਰੋਗ ਦੇ ਸੂਚਕ ਹੋ ਸਕਦੇ ਹਨ। ਵੱਡੇ ਸ਼ਹਿਰਾਂ, ਜਿੱਥੇ ਇਨਸਾਨ ਕੋਲ ਆਪਣੀ ਗੱਲ ਕਹਿਣ ਤਕ ਦਾ ਸਮਾਂ ਨਹੀਂ ਹੈ, ਇਹ ਮਾਨਸਿਕ ਰੋਗ ਵਧੇਰੇ ਪੈਦਾ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਅੱਜ ਸਾਡੀ ਜੀਵਨ ਸ਼ੈਲੀ ਵਿੱਚ ਕਈ ਬਦਲਾਅ ਲਿਆਉਣ ਦੀ ਲੋੜ ਹੈ। ਕੁਦਰਤ ਨਾਲ ਨਜ਼ਦੀਕੀ ਬਣਾਉਣ ਅਤੇ ਅਗਾਂਹਵਧੂ ਸੋਚ ਦੇ ਧਾਰਨੀ ਬਣਨ ਨਾਲ ਅਸੀਂ ਸਹਿਜੇ ਹੀ ਮਾਨਸਿਕ ਤਣਾਅ ਦੂਰ ਕਰ ਸਕਦੇ ਹਾਂ। ਕਿਤਾਬਾਂ ਵੀ ਸਾਨੂੰ ਉਸਾਰੂ ਜੀਵਨ ਜਾਚ ਦੇਣ ਲਈ ਸਮਰੱਥ ਹਨ। ਸਾਨੂੰ ਕਦੇ ਵੀ ਖ਼ਾਲੀ ਨਹੀਂ ਰਹਿਣਾ ਚਾਹੀਦਾ ਸਗੋਂ ਕਿਰਤੀ ਬਣਨ ਦਾ ਯਤਨ ਕਰਨਾ ਚਾਹੀਦਾ ਹੈ। ਸਾਨੂੰ ਕਰਮ ਨੂੰ ਸਿਰਮੌਰ ਸਮਝਣਾ ਚਾਹੀਦਾ ਹੈ। ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸੰਗੀਤ ਮਨੁੱਖ ਦੇ ਮਾਨਸਿਕ ਤਣਾਅ ਨੂੰ ਦੂਰ ਕਰਨ ਦਾ ਕਾਰਗਰ ਸਾਧਨ ਹੈ। ਕੁਝ ਸਮਾਂ ਪਹਿਲਾਂ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੀ ਖੋਜ ਮੁਤਾਬਿਕ ਰਾਗ ਮਨੁੱਖੀ ਸਰੀਰ ਅੰਦਰ ‘ਫੀਲ ਗੁੱਡ ਹਾਰਮੋਨਜ਼’ ਦਾ ਸੰਚਾਰ ਕਰਦੇ ਹਨ। ਸੰਗੀਤ ਦੀਆਂ ਤਰੰਗਾਂ ਮਾਨਸਿਕ ਅਸਹਿਜਤਾ ਹੱਲ ਕਰਨ ਵਿੱਚ ਸਮਰੱਥ ਹਨ। ਸਵੇਰ ਦੀ ਸੈਰ ਤੰਦਰੁਸਤ ਮਾਨਸਿਕ ਸਿਹਤ ਦਾ ਰਾਜ਼ ਹੈ। ਸਰੀਰਕ, ਮਾਨਸਿਕ ਅਤੇ ਸਮਾਜਿਕ ਪੱਧਰ ’ਤੇ ਤੰਦਰੁਸਤ ਰਹਿਣ ਨਾਲ ਹੀ ਸੰਤੁਲਿਤ ਸਮਾਜ ਸਿਰਜਿਆ ਜਾ ਸਕਦਾ ਹੈ।

– ਮਨਿੰਦਰ ਸਿੰਘ ਸੈਣੀ

# ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਵੱਲੋਂ ਪਟਿਆਲਾ ਦੇ ਫੀਲਡ ਅਮਲੇ ਨਾਲ ਬੈਠਕ ਕਰਕੇ ਮੁਸ਼ਕਿਲਾਂ ਤੇ ਵਿਭਾਗੀ ਸਮੱਸਿਆਵਾਂ ਬਾਰੇ ਚਰਚਾ

**ਪਟਿਆਲਾ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨੇ ਜ਼ਿਲ੍ਹਾ ਪਟਿਆਲਾ ਵਿਖੇ ਪਨਗਰੇਨ ਦੇ ਸਰਕਲ ਦਫ਼ਤਰ ਸਟਾਫ ਅਤੇ ਫੀਲਡ ਸਟਾਫ ਨਾਲ ਮੀਟਿੰਗ ਕਰਕੇ ਫੀਲਡ ਸਟਾਫ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਹੋਰ ਵਿਭਾਗੀ ਸਮੱਸਿਆਵਾਂ ਬਾਰੇ ਚਰਚਾ ਕੀਤੀ।

ਪਟਿਆਲਾ ਫੂਡ ਸਪਲਾਈ ਮਹਿਕਮੇ ਦੇ ਅਧਿਕਾਰੀਆਂ ਨਾਲ ਹੋਈ ਇਸ ਮੀਟਿੰਗ ਵਿੱਚ ਫੀਲਡ ਸਟਾਫ ਨੇ ਆਪਣੀਆਂ ਮੁਸ਼ਕਿਲਾਂ ਬਾਰੇ ਚੇਅਰਮੈਨ ਪਨਗਰੇਨ ਨੂੰ ਜਾਣੂ ਕਰਵਾਇਆ ਅਤੇ ਦਫ਼ਤਰ ਸਟਾਫ ਨੇ ਵੀ ਆਪਣੀਆਂ ਸਮੱਸਿਆਵਾਂ ਬਾਰੇ ਚੇਅਰਮੈਨ ਨਾਲ ਵਿਚਾਰ ਚਰਚਾ ਕੀਤੀ। ਮੁਲਾਜਮਾਂ ਨੇ ਕਿਹਾ ਕਿ ਪਟਿਆਲਾ ਜ਼ਿਲ੍ਹਾ ਇੱਕ ਬਾਰਡਰ ਜ਼ਿਲ੍ਹਾ ਹੋਣ ਕਾਰਨ ਚੌਲਾਂ ਦੇ ਸੀਜ਼ਨ ਵਿੱਚ ਬਾਹਰ ਤਾਂ ਆ ਰਹੀ ਚੌਲਾਂ ਦੀ ਫਸਲ ਇੱਕ ਵੱਡੀ ਸਮੱਸਿਆ ਬਣ ਜਾਂਦੀ ਹੈ ਜਿਸ ਨੂੰ ਰੋਕਣ ਦੇ ਲਈ ਸਰਕਾਰ ਵੱਲੋਂ ਅਤੇ ਫੂਡ ਸਪਲਾਈ ਮਹਿਕਮੇ ਵੱਲੋਂ ਵੱਖ-ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਹਨ, ਇਹਨਾਂ ਉੱਪਰ ਵੀ ਖੁੱਲ ਕੇ ਵਿਚਾਰ ਚਰਚਾ ਹੋਈ।

ਚੇਅਰਮੈਨ ਪਨਗਰੇਨ ਡਾ. ਤੇਜਪਾਲ ਸਿੰਘ ਗਿੱਲ ਨੇ ਸਾਰੇ ਮੁੱਦਿਆਂ ਉੱਪਰ ਡੂੰਘਾ ਵਿਚਾਰ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੰਬੰਧਿਤ ਅਧਿਕਾਰੀਆਂ ਤੱਕ ਲੈ ਕੇ ਜਾਣਗੇ ਤੇ ਉਸਦੇ ਢੁਕਵੇਂ ਹੱਲ ਕਰਵਾਉਣ ਲਈ ਉਹ ਯਤਨ ਕਰਨਗੇ। ਚੇਅਰਮੈਨ ਪਨਗਰੇਨ ਵੱਲੋਂ ਆਪਣੇ ਦਫਤਰ ਦਾ ਇੱਕ ਵਟਸਐਪ ਨੰਬਰ 8727000849 ਜਾਰੀ ਕੀਤਾ ਗਿਆ ਜਿਸ ਉੱਪਰ ਪਨਗਰੇਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਇਹ ਵਟਸ ਨੰਬਰ ਉਪਰ ਫਸਲ ਖਰੀਦ ਸਮੇਂ ਆਉਣ ਵਾਲੀਆਂ ਸਮੱਸਿਆਵਾਂ, ਸਾਂਭ ਸੰਭਾਲ ਸਮੇਂ ਆਉਣ ਵਾਲੀਆਂ ਸਮੱਸਿਆਵਾਂ, ਟਰਾਂਸਪੋਰਟ ਅਤੇ ਚੰਗੀ ਮਿਕਦਾਰ ਦੀ ਖਾਣ ਯੋਗ ਅਨਾਜ ਨੂੰ ਲੋਕਾਂ ਤੱਕ ਪਹੁੰਚਾਉਣ ਤੱਕ ਜੇਕਰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲੋਕਾਂ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਉਹ ਇਸ ਨੰਬਰ ਉਪਰ ਸੰਪਰਕ ਕਰਕੇ ਜਾਂ ਵੀਡੀਓ ਭੇਜ ਕੇ ਜਾਂ ਮੈਸੇਜ ਭੇਜ ਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ ਅਤੇ ਇਹ ਨੰਬਰ ਹਰ ਸਮਾਂ ਉਪਲਬਧ ਰਹੇਗਾ ਅਤੇ ਚੇਅਰਮੈਨ ਆਫਿਸ ਵੱਲੋਂ ਇਸ ਦੀ ਨਿਗਰਾਨੀ ਕੀਤੀ ਜਾਵੇਗੀ।

ਇਸ ਮੀਟਿੰਗ ਵਿੱਚ ਡੀ.ਐਫ.ਐਸ.ਸੀ ਡਾ. ਰੁਪਪ੍ਰੀਤ ਕੌਰ, ਏ.ਓ ਜਸਵਿੰਦਰ ਸਿੰਘ ਲਾਂਬਾ, ਐਸ.ਏ ਰਵਿੰਦਰ ਕੌਰ, ਸੁਪਰਡੰਟ ਗੁਰਮੀਤ ਕੌਰ, ਡੀ.ਐਫ.ਐਸ.ਓ ਨਾਭਾ ਹਰਨੇਕ ਸਿੰਘ, ਡੀ.ਐਫ.ਐਸ.ਓ ਪਟਿਆਲਾ ਵਰਿੰਦਰਪਾਲ ਕੌਰ, ਏ.ਐਫ.ਐਸ.ਓ ਪਾਤੜਾਂ ਗੁਰਜਿੰਦਰ ਸਿੰਘ, ਏ.ਐਫ.ਐਸ.ਓ ਰਾਜਪੁਰਾ ਵਰਿੰਦਰ ਕੁਮਾਰ ਸ਼ਰਮਾ, ਏ.ਐਫ.ਐਸ.ਓ ਨਾਭਾ ਪੰਕਜ ਠਾਕੁਰ, ਏ.ਐਫ.ਐਸ.ਓ ਸਮਾਣਾ ਮੋਨਿਕਾ, ਏ.ਐਫ.ਐਸ.ਓ ਸਮਾਣਾ ਨਿਧਿਕ ਵਾਲਿਆ ਅਤੇ ਸਾਰੇ ਨਿਰੀਖਕ ਇੰਚਾਰਜ ਹਾਜਰ ਸਨ।

# ਆਰਮੀ ਤੇ ਸਿਵਲ ਪ੍ਰਸ਼ਾਸਨ ਦੇ ਬਿਹਤਰ ਤੇ ਸੁਚੱਜੇ ਤਾਲਮੇਲ ਸਦਕਾ ਪਟਿਆਲਾ ਦੀ ਆਰਮੀ ਭਰਤੀ ਰੈਲੀ ਇੱਕ ਮਾਡਲ ਰੈਲੀ ਬਣੀ

**➢ ਫ਼ੌਜੀ ਭਰਤੀ ਲਈ ਨੌਜਵਾਨਾਂ ਚ ਉਤਸ਼ਾਹ ਵਧਿਆ, 8 ਦਿਨਾਂ ਰੈਲੀ ਵਿੱਚ 6 ਜ਼ਿਲ੍ਹਿਆਂ ਦੇ 10 ਹਜ਼ਾਰ ਤੋਂ ਵਧੇਰੇ ਉਮੀਦਵਾਰ ਪੁੱਜੇ ➢ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਭਰਤੀ ਰੈਲੀ ਪ੍ਰਬੰਧਾਂ ਦਾ ਜਾਇਜ਼ਾ ➢ ਫ਼ੌਜ ਵੱਲੋਂ ਪਾਰਦਰਸ਼ਤਾ, ਪੇਸ਼ੇਵਰ ਨਿਪੁੰਨਤਾ ਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਸਦਕਾ ਪਟਿਆਲਾ ਦੀ ਭਰਤੀ ਰੈਲੀ ਸਫ਼ਲ ਰਹੀ**

**ਪਟਿਆਲਾ,13 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਫ਼ੌਜ ਦੀ ਭਰਤੀ ਲਈ ਪਟਿਆਲਾ ਵਿਖੇ ਚੱਲ ਰਹੀ 8 ਰੋਜ਼ਾ ਆਰਮੀ ਭਰਤੀ ਰੈਲੀ ਫ਼ੌਜ ਤੇ ਸਿਵਲ ਪ੍ਰਸ਼ਾਸਨ ਦੇ ਬਿਹਤਰ ਤੇ ਸੁਚੱਜੇ ਤਾਲਮੇਲ ਸਦਕਾ ਇੱਕ ਮਾਡਲ ਭਰਤੀ ਰੈਲੀ ਬਣਕੇ ਉਭਰੀ ਹੈ।ਅਗਨੀਵੀਰ ਦੀ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਪਟਿਆਲਾ, ਫ਼ਤਹਿਗੜ੍ਹ ਸਾਹਿਬ, ਸੰਗਰੂਰ, ਮਾਨਸਾ, ਬਰਨਾਲਾ ਤੇ ਮਾਲੇਰਕੋਟਲਾ ਦੇ ਉਮੀਦਵਾਰਾਂ ਵੱਲੋਂ ਪਿਛਲੇ ਸਾਲਾਂ ਨਾਲੋਂ ਦਿਖਾਏ ਵਧੇਰੇ ਜੋਸ਼ ਤੇ ਉਤਸ਼ਾਹ ਇਸ ਵਾਰ 10 ਹਜ਼ਾਰ ਦੇ ਕਰੀਬ ਨੌਜਵਾਨਾਂ ਨੇ ਇਸ ਭਰਤੀ ਰੈਲੀ ਵਿੱਚ ਆਪਣੀ ਭਰਵੀਂ ਸ਼ਮੂਲੀਅਤ ਦਰਜ ਕਰਵਾਈ ਹੈ, ਜਿਸ ਦੀ ਭਾਰਤੀ ਫ਼ੌਜ ਦੇ ਉਚ ਹਲਕਿਆਂ ਵਿੱਚ ਵੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਭਰਤੀ ਰੈਲੀ ਨੂੰ ਦੇਖ ਰਹੇ ਭਾਰਤੀ ਫ਼ੌਜ ਦੇ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਾਰ ਨੌਜਵਾਨਾਂ ਦੀ ਫ਼ਿਜੀਕਲ ਟੈਸਟ ਪਾਸ ਕਰਨ ਦੀ ਦਰ ਵੀ ਕਾਫ਼ੀ ਵਧੀ ਹੈ ਅਤੇ ਇਹ ਕਰੀਬ 65 ਫੀਸਦੀ ਨੂੰ ਪਾਰ ਕਰ ਰਹੀ ਹੈ।

ਇਸੇ ਦੌਰਾਨ ਭਾਰਤੀ ਫੌਜ ਦੀ ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼, ਲੈਫਟਨੈਂਟ ਜਨਰਲ ਮੋਹਿਤ ਵਧਵਾ ਨੇ ਵੀ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟ ਕੰਪਲੈਕਸ ਪੋਲੋ ਗਰਾਊਂਡ ਵਿਖੇ ਇਸ 8 ਦਿਨਾਂ ਅਗਨੀਵੀਰ ਭਰਤੀ ਰੈਲੀ ਦੀ ਸਮੀਖਿਆ ਕੀਤੀ ਹੈ। ਉਨ੍ਹਾਂ ਨੇ ਇੱਥੇ ਭਾਰਤੀ ਫੌਜ 'ਚ ਸ਼ਾਮਲ ਹੋਣ ਦੀ ਉਮੀਦ ਨਾਲ ਭਾਗ ਲੈ ਰਹੇ ਨੌਜਵਾਨਾਂ ਦੀ ਹੌਂਸਲਾ ਅਫ਼ਜਾਈ ਕੀਤੀ ਅਤੇ ਜ਼ੋਨਲ ਰਿਕਰੂਟਿੰਗ ਆਫਿਸ (ਜ਼ੈਡ.ਆਰ.ਓ) ਜਲੰਧਰ ਵੱਲੋਂ ਖੜਗਾ ਕੋਰ, ਐਰਾਵਤ ਡਿਵੀਜ਼ਨ ਅਤੇ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਤੇ ਪੁਲਿਸ ਦੇ ਸਹਿਯੋਗ ਨਾਲ ਨੇਪਰੇ ਚੜ੍ਹ ਰਹੀ ਇਸ ਭਰਤੀ ਰੈਲੀ ਦੀ ਸਫ਼ਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਵੀ ਕੀਤਾ ਹੈ।

ਅੱਜ ਸਵੇਰੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੀ ਭਰਤੀ ਰੈਲੀ ਦਾ ਜਾਇਜ਼ਾ ਲਿਆ ਅਤੇ ਆਰਮੀ ਭਰਤੀ ਦੇ ਡਾਇਰੈਕਟਰ ਕਰਨਲ ਜੀ.ਆਰ.ਐਸ. ਰਾਜਾ ਅਤੇ ਕਰਨਲ ਵਿਨੋਦ ਸਿੰਘ ਰਾਵਤ ਨਾਲ ਬੈਠਕ ਕੀਤੀ। ਉਨ੍ਹਾਂ ਕਿਹਾ ਕਿ ਫ਼ੌਜ ਵੱਲੋਂ ਪਾਰਦਰਸ਼ਤਾ, ਪੇਸ਼ੇਵਰ ਨਿਪੁੰਨਤਾ ਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਸਦਕਾ ਪਟਿਆਲਾ ਦੀ ਭਰਤੀ ਰੈਲੀ ਸਫ਼ਲ ਰਹੀ ਹੈ।

ਡਾ. ਪ੍ਰੀਤੀ ਯਾਦਵ ਨੇ ਨੌਜਵਾਨਾਂ ਵੱਲੋਂ ਦੇਸ਼ ਸੇਵਾ ਲਈ ਵੱਧ-ਚੜ੍ਹਕੇ ਅੱਗੇ ਆਉਣ ਦੇ ਦਿਖਾਏ ਗਏ ਉਤਸ਼ਾਹ ਦੀ ਵੀ ਸ਼ਲਾਘਾ ਕੀਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤੀ ਫ਼ੌਜ ਨੂੰ ਹਰ ਤਰ੍ਹਾਂ ਦਾ ਲੋੜੀਂਦਾ ਸਹਿਯੋਗ ਦਿੱਤਾ ਗਿਆ ਹੈ।

ਕਰਨਲ ਏ ਰਾਜਾ ਨੇ ਦੱਸਿਆ ਕਿ ਭਾਰਤੀ ਫ਼ੌਜ ਵੱਲੋਂ ਹਾਲ ਹੀ ਦੌਰਾਨ ਕੀਤੇ ਗਏ ਓਪਰੇਸ਼ਨ ਸਿੰਧੂਰ ਦਾ ਅਸਰ ਦੇਖਣ ਨੂੰ ਮਿਲਿਆ ਹੈ ਅਤੇ ਇਸ ਵਾਰ ਦੀ ਭਰਤੀ ਰੈਲੀ ਵਿੱਚ ਰਾਜ ਦੇ 6 ਜ਼ਿਲ੍ਹਿਆਂ ਦੀਆਂ 24 ਤਹਿਸੀਲਾਂ ਤੇ 2539 ਪਿੰਡਾਂ ਦੇ ਨੌਜਵਾਨਾਂ 'ਚ ਆਰਮੀ ਭਰਤੀ ਲਈ ਕਾਫ਼ੀ ਉਤਸ਼ਾਹ ਪਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਇਸ ਵਾਰ ਫ਼ੌਜ ਨੇ ਆਸਾਮੀਆ ਵੀ ਵਧਾ ਕੇ ਦੁਗਣੀਆਂ ਕਰ ਦਿੱਤੀਆਂ ਹਨ, ਜਿਸ ਕਰਕੇ ਇਸ ਵਾਰ ਇੱਥੋਂ ਦੇ ਨੌਜਵਾਨਾਂ ਨੇ ਵੀ ਵਧੀਆ ਤਰੀਕੇ ਨਾਲ ਟੈਸਟ ਪਾਸ ਕੀਤੇ ਹਨ, ਜੋ ਕਿ ਪਿਛਲੀ ਵਾਰ ਨਾਲੋਂ ਲਗਪਗ ਦੁੱਗਣੇ ਹਨ, ਜੋਕਿ ਹਾਂ ਪੱਖੀ ਰੁਝਾਨ ਹੈ।

ਕਰਨਲ ਰਾਜਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਨੌਜਵਾਨਾਂ ਨੂੰ ਸਵੇਰ ਤੇ ਦੁਪਹਿਰ ਦੇ ਖਾਣੇ ਸਮੇਤ ਚਾਹ ਪਾਣੀ ਦੀ ਸੇਵਾ ਕਰਕੇ ਸਫ਼ਲ ਭਰਤੀ ਰੈਲੀ ਦੀ ਮਿਸਾਲ ਕਾਇਮ ਕੀਤੀ ਹੈ ਅਤੇ ਫ਼ੌਜ ਦੇ ਉਚ ਹਲਕਿਆਂ ਵਿੱਚ ਇਸ ਨੂੰ ਇੱਕ ਮਾਡਲ ਰੈਲੀ ?ਗਿਣਿਆ ਜਾਣ ਲੱਗਾ ਹੈ।ਉਨ੍ਹਾਂ ਕਿਹਾ ਕਿ ਸਾਰੀਆਂ ਧਿਰਾਂ ਦੇ ਸਾਂਝੇ ਯਤਨਾਂ ਨਾਲ ਇਹ ਭਰਤੀ ਪ੍ਰਕਿਰਿਆ ਪਾਰਦਰਸ਼ੀ, ਪ੍ਰਭਾਵਸ਼ਾਲੀ ਅਤੇ ਨਿਰਪੱਖ ਬਣੀ ਹੈ ਅਤੇ ਪਟਿਆਲਾ ਭਰਤੀ ਰੈਲੀ ਦੀ ਕਾਮਯਾਬੀ ਨੇ ਦਰਸਾਇਆ ਹੈ ਕਿ ਭਾਰਤੀ ਨੌਜਵਾਨਾਂ ਵਿੱਚ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਦੀ ਦਿਲਚਸਪੀ ਵੱਧ ਰਹੀ ਹੈ ਅਤੇ ਅਜਿਹੇ ਰੁਝਾਨ ਨੂੰ ਫੌਜ ਤੇਜ਼ੀ ਨਾਲ ਬਦਲਦੇ ਸੁਰੱਖਿਆ ਮਾਹੌਲ ਵਿੱਚ ਆਪਣੀ ਤਿਆਰੀ ਕਾਇਮ ਰੱਖਣ ਲਈ ਮਹੱਤਵਪੂਰਣ ਮੰਨਦੀ ਹੈ।

# ਪੰਜਾਬ ਕੇਂਦਰੀ ਯੂਨੀਵਰਸਿਟੀ ਵਿੱਚ ਰੱਖੜੀ ਦਾ ਤਿਉਹਾਰ ਅਨੋਖੇ ਢੰਗ ਨਾਲ ਮਨਾਇਆ ਗਿਆ

**ਰੱਖੜੀ ਦੇ ਮੌਕੇ 'ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਰੁੱਖਾਂ ਨੂੰ ਰੱਖੜੀ ਬੰਨ੍ਹੀ ਅਤੇ ਬੂਟੇ ਲਗਾ ਕੇ ਕੁਦਰਤ ਸੰਭਾਲ ਦਾ ਸੁਨੇਹਾ ਦਿੱਤਾ**



**ਬਠਿੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ ਇਸ ਸਾਲ ਰੱਖੜੀ ਦਾ ਤਿਉਹਾਰ ਇੱਕ ਵਿਸ਼ੇਸ਼ ਅਤੇ ਵਿਲੱਖਣ ਪਰੰਪਰਾ ਅਨੁਸਾਰ ਮਨਾਇਆ ਗਿਆ। ਇਸ ਮੌਕੇ 'ਤੇ ਵਾਈਸ-ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਮਹਿਲਾ ਅਧਿਆਪਕਾਂ, ਵਿਦਿਆਰਥੀਆਂ ਅਤੇ ਖੋਜਕਰਤਾਵਾਂ ਨਾਲ ਮਿਲ ਕੇ ਕੈਂਪਸ ਦੇ 'ਪੰਚਵਟੀ' ਖੇਤਰ ਅਤੇ ਹੋਰ ਥਾਵਾਂ 'ਤੇ ਸੱਭਿਆਚਾਰਕ ਮਹੱਤਤਾ ਵਾਲੇ ਰੁੱਖ — ਪਿੱਪਲ, ਬਰਗਦ, ਆਂਵਲਾ, ਸ਼ੀਸ਼ਮ ਅਤੇ ਸੁਖਚੈਨ — ਨੂੰ ਰੱਖੜੀ ਬੰਨ੍ਹ ?ਆ ਅਤੇ ਮਨੁੱਖੀ ਜੀਵਨ ਨੂੰ ਸੁਰੱਖਿਆ ਅਤੇ ਸਰੋਤ ਪ੍ਰਦਾਨ ਕਰਨ ਲਈ ਕੁਦਰਤ ਪ੍ਰਤੀ ਕ੍ਰਿਤਜਤਾ ਜਤਾਈ।

ਰੱਖੜੀ ਬੰਨ੍ਹਣ ਦੇ ਨਾਲ-ਨਾਲ ਯੂਨੀਵਰਸਿਟੀ ਦੇ ਈ ਟਾਈਪ ਹਾਊਸਿੰਗ ਕੰਪਲੈਕਸ ਵਿਖੇ 11 ਮੌਲਸਰੀ ਦੇ ਬੂਟੇ ਵੀ ਲਗਾਏ ਗਏ। ਖਾਸ ਗੱਲ ਇਹ ਸੀ ਕਿ ਰੱਖੜੀ ਬੰਨ੍ਹਣ ਤੋਂ ਲੈ ਕੇ ਬੂਟੇ ਲਗਾਉਣ ਤੱਕ ਦਾ ਸਾਰਾ ਕੰਮ ਕੇਵਲ ਮਹਿਲਾ ਅਧਿਆਪਕਾਂ, ਬੱਚਿਆਂ ਅਤੇ ਵਿਦਿਆਰਥੀਆਂ ਨੇ ਹੀ ਕੀਤਾ।

ਪ੍ਰੋ. ਤਿਵਾਰੀ ਨੇ ਕਿਹਾ ਕਿ ਰੱਖੜੀ ਸਿਰਫ਼ ਭਰਾ-ਭੈਣ ਦੇ ਪਿਆਰ, ਵਿਸ਼ਵਾਸ ਅਤੇ ਸੁਰੱਖਿਆ ਦਾ ਪ੍ਰਤੀਕ ਨਹੀਂ ਹੈ, ਸਗੋਂ ਇਸਨੂੰ ਅਸੀਂ ਕੁਦਰਤ ਸੰਭਾਲ ਨਾਲ ਵੀ ਜੋੜ ਸਕਦੇ ਹਾਂ। ਜਿਸ ਤਰ੍ਹਾਂ ਅਸੀਂ ਆਪਣੇ ਪਿਆਰੇਆਂ ਦੀ ਰੱਖਿਆ ਕਰਦੇ ਹਾਂ, ਉਸੇ ਤਰ੍ਹਾਂ ਸਾਨੂੰ ਜੀਵਨਦਾਤਾ ਰੁੱਖਾਂ ਦੀ ਵੀ ਸੁਰੱਖਿਆ ਕਰਨੀ ਚਾਹੀਦੀ ਹੈ, ਜੋ ਸਾਨੂੰ ਆਕਸੀਜਨ, ਭੋਜਨ, ਦਵਾਈਆਂ ਅਤੇ ਵਾਤਾਵਰਣ ਸੰਤੁਲਨ ਪ੍ਰਦਾਨ ਕਰਦੇ ਹਨ। ਉਨ੍ਹਾਂ ਸਾਰੇ ਨੂੰ ਵਾਤਾਵਰਣ ਅਤੇ ਰੁੱਖਾਂ ਦੀ ਰੱਖਿਆ ਕਰਨ ਦਾ ਪ੍ਰਣ ਲੈਣ ਦਾ ਸੱਦਾ ਦਿੱਤਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਜੀਵਨ ਮਿਲ ਸਕੇ।

ਉਨ੍ਹਾਂ ਇਹ ਵੀ ਕਿਹਾ ਕਿ ਜੰਗਲਾਂ ਦੀ ਕਟਾਈ ਅਤੇ ਰੁੱਖਾਂ ਦੀ ਘਾਟ ਕਾਰਨ ਵਾਤਾਵਰਣ ਅਸੰਤੁਲਿਤ ਹੋ ਰਿਹਾ ਹੈ। ਅਜਿਹੇ ਸਮੇਂ ਵਿੱਚ ਪੌਧੇ ਲਗਾਉਣ ਨਾਲ ਨਾ ਸਿਰਫ਼ ਹਰਿਆਲੀ ਵਧਦੀ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਹਵਾ, ਜੈਵ ਵਿਭਿੰਨਤਾ ਅਤੇ ਸਿਹਤਮੰਦ ਜੀਵਨ ਵੀ ਯਕੀਨੀ ਬਣਦਾ ਹੈ। ਅਧਿਆਪਕ ਹਾਊਸਿੰਗ ਕੰਪਲੈਕਸ ਵਿੱਚ ਲਗਾਏ ਗਏ ਪੌਧੇ ਭਵਿੱਖ ਵਿੱਚ ਕੈਂਪਸ ਦੀ ਸੁੰਦਰਤਾ, ਛਾਂ ਅਤੇ ਆਕਸੀਜਨ ਦਾ ਮਹੱਤਵਪੂਰਨ ਸਰੋਤ ਬਣ ਜਾਣਗੇ। ਯੂਨੀਵਰਸਿਟੀ ਪਰਿਵਾਰ ਨੇ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਇਸਨੂੰ ਵਾਤਾਵਰਣ ਸੰਭਾਲ ਵੱਲ ਇੱਕ ਪ੍ਰੇਰਨਾਦਾਇਕ ਪਹਿਲ ਵਜੋਂ ਸਰਾਹਿਆ।

# ਰੂਪਨਗਰ ਪੁਲਿਸ ਨੇ ਅਪਰੇਸ਼ਨ ਸੀਲ-18 ਤਹਿਤ 07 ਇੰਟਰਸਟੇਟ ਨਾਕੇ ਲਗਾ ਕੇ ਵੱਡੀ ਸਫ਼ਲਤਾ ਕੀਤੀ ਹਾਸਲ



**ਰੂਪ ਨਗਰ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਅਧੀਨ ਅਤੇ ਆਮ ਪਬਲਿਕ ਵਿੱਚ ਸੁਰੱਖਿਆ ਦੀ ਭਾਵਨਾ ਹਿੱਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਸ਼੍ਰੀ ਗੋਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਮਾਜ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਅਤੇ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੀ ਲੜੀ ਵਿੱਚ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਰੂਪਨਗਰ ਰੇਂਜ, ਰੂਪਨਗਰ ਸ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਜ਼ਿਲ੍ਹਾ ਰੂਪਨਗਰ ਨਾਲ ਲੱਗਦੇ ਸੂਬੇ ਹਿਮਾਚਲ ਪ੍ਰਦੇਸ਼ ਦੀ ਸਰਹੱਦ ਤੇ 07 ਇੰਟਰਸਟੇਟ ਨਾਕੇ ਲਗਾ ਕੇ ਅਪਰੇਸ਼ਨ ਸੀਲ-18 ਚਲਾਇਆ ਗਿਆ। ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਨੇ ਪੰਜਾਬ-ਹਿਮਾਚਲ ਪ੍ਰਦੇਸ਼ ਦੀ ਸਰਹੱਦ ਪਿੰਡ ਢੇਰੋਵਾਲ ਵਿਖੇ ਇਸ ਅਪਰੇਸ਼ਨ ਦੀ ਆਪ ਅਗਵਾਈ ਕੀਤੀ।

ਸ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਇਸ ਆਪ੍ਰੇਸ਼ਨ ਵਿੱਚ 02 ਐਸ.ਪੀਜ, 04 ਡੀ.ਐਸ.ਪੀਜ, 08 ਇੰਸਪੈਕਟਰ ਅਤੇ 105 ਦੇ ਕਰੀਬ ਪੁਲਿਸ ਮੁਲਾਜਮ ਲਗਾਏ ਗਏ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ 02 ਮੁਕੱਦਮੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚ 03 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 25 ਗ੍ਰਾਮ ਨਸ਼ੀਲਾ ਪਾਊਡਰ ਅਤੇ ਐਕਸਾਇਜ਼ ਐਕਟ ਤਹਿਤ 01 ਮੁਕੱਦਮਾ ਦਰਜ ਰਜਿਸਟਰ ਕਰਕੇ 01 ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਪਾਸੋਂ ਫਾਰ ਸੇਲ ਇਨ ਚੰਡੀਗੜ੍ਹ ਦੀ ਸ਼ਰਾਬ ਬਰਾਮਦ ਕੀਤੀ ਗਈ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ 20 ਸ਼ੱਕੀ ਵਿਅਕਤੀਆਂ ਨੂੰ ਰਾਊਂਡ ਅੱਪ ਕਰਕੇ ਪੁੱਛਗਿੱਛ ਕੀਤੀ ਗਈ, 183 ਵਹੀਕਲ ਚੈੱਕ ਕੀਤੇ ਗਏ, ਜਿਹਨਾਂ ਵਿੱਚ 70 ਵਹੀਕਲਾਂ ਦੇ ਟਰੈਫਿਕ ਚਲਾਨ ਕੀਤੇ ਗਏ ਹਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਣ-ਅਧਿਕਾਰਤ ਕਲੋਨੀਆਂ ਉੱਪਰ ਵੱਡੀ ਕਾਰਵਾਈ

**ਪਿੰਡ ਸੇਖੂਪਰਾ ਅਤੇ ਕਲਾਨੌਰ ਵਿਖੇ ਬਣੀਆਂ ਅਣ-ਅਧਿਕਾਰਤ ਕਲੋਨੀਆਂ ਉੱਪਰ ਚਲਾਇਆ ਪੀਲਾ ਪੰਜਾ**

**ਗੁਰਦਾਸਪੁਰ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਣ-ਅਧਿਕਾਰਤ ਕਲੋਨੀਆਂ ਨੂੰ ਸਮੇਂ-ਸਮੇਂ 'ਤੇ ਪਾਪਰਾ ਐਕਟ 1995 ਦੀ ਉਲੰਘਣਾ ਤਹਿਤ ਨੋਟਿਸ ਜਾਰੀ ਕੀਤੇ ਗਏ ਅਤੇ ਸਮੇਂ-ਸਮੇਂ ਤੇ ਡਿਮੋਲਿਸ ਕੀਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਹਰਜਿੰਦਰ ਸਿੰਘ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼੍ਰੀ ਗੁਰਵਿੰਦਰ ਸਿੰਘ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਸ੍ਰੀਮਤੀ ਗੀਤਿਕਾ ਅਰੋੜਾ ਜ਼ਿਲ੍ਹਾ ਨਗਰ ਯੋਜਨਾਕਾਰ, ਸ਼੍ਰੀ ਪੁਨੀਤ ਡਿਗਰਾ ਸਹਾਇਕ ਨਗਰ ਯੋਜਨਾਕਾਰ, ਸ਼੍ਰੀ ਪ੍ਰਭਜੋਤ ਸਿੰਘ ਸਹਾਇਕ ਨਗਰ ਯੋਜਨਾਕਾਰ, ਸ਼੍ਰੀ ਦਿਨੇਸ਼ ਕੁਮਾਰ ਜੂਨੀਅਰ ਇੰਜੀਨੀਅਰ ਅਤੇ ਜ਼ਿਲ੍ਹਾ ਪ੍ਰਸ਼ਾਸਨ/ ਰੈਗੂਲੇਟਰੀ ਟੀਮ ਵੱਲੋਂ ਅੱਜ ਵੱਡੀ ਕਾਰਵਾਈ ਕਰਦਿਆਂ ਪਿੰਡ ਸੇਖੂਪਰਾ ਅਤੇ ਕਲਾਨੌਰ ਵਿਖੇ ਪਾਪਰਾ ਐਕਟ 1995 ਦੀ ਉਲੰਘਣਾ ਕਰਦੇ ਹੋਏ ਹੋਂਦ ਵਿੱਚ ਲਿਆਂਦੀਆਂ ਅਣ-ਅਧਿਕਾਰਤ ਕਲੋਨੀਆਂ ਨੂੰ ਢਾਹ ਦਿੱਤਾ ਗਿਆ।

ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਹਰਜਿੰਦਰ ਸਿੰਘ ਜੀ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਸੇਖੂਪਰਾ ਅਤੇ ਕਲਾਨੌਰ ਵਿਖੇ ਵਿਕਸਿਤ ਕੀਤੀ ਗਈ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ।

ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਿਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਿਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।

ਇਸ ਮੌਕੇ ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਸਰਕਾਰ ਤੋਂ ਮਨਜ਼ੂਰਸ਼ੁਦ ?ਹਾ ਨਹੀਂ ਹਨ, ਉਨ੍ਹਾਂ ਵਿੱਚ ਪਲਾਟ ਨਾ ਖ਼ਰੀਦਿਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਕਲੋਨੀ ਵਿੱਚ ਪਲਾਟ ਖ਼ਰੀਦਣ ਤੋਂ ਪਹਿਲਾਂ ਸਰਕਾਰ ਦੀ ਮਨਜ਼ੂਰੀ ਦੀ ਮੰਗ ਜ਼ਰੂਰ ਕੀਤੀ ਜਾਵੇ ਤਾਂ ਜੋ ਉਨ੍ਹਾਂ ਦੇ ਧੰਨ-ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਪੁੱਡਾ ਦੇ ਖੇਤਰ ਵਿੱਚ 19 ਮਾਰਚ 2018 ਤੋਂ ਪਹਿਲਾਂ ਦੀਆਂ ਜੋ ਵੀ ਅਣ-ਅਧਿਕਾਰਤ ਕਲੋਨੀਆਂ ਅਪਲਾਈਡ ਹਨ, ਉਹ ਕਲੋਨਾਈਜ਼ਰ ਲੋੜੀਂਦੇ ਦਸਤਾਵੇਜ਼ ਜਮਾਂ ਕਰਵਾਉਂਦੇ ਹੋਏ ਤੁਰੰਤ ਆਪਣੀਆਂ ਕਲੋਨੀਆਂ ਨੂੰ ਰੈਗੂਲਰ ਕਰਵਾਉਣ ਨਹੀਂ ਤਾਂ ਉਨ੍ਹਾਂ ਖ਼ ?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਲੋਨਾਈਜ਼ਰ/ ਪ੍ਰਮੋਟਰ ਵਿਭਾਗ ਦੀ ਬਿਨਾਂ ਪ੍ਰਵਾਨਗੀ ਲਏ ਕੋਈ ਉਸਾਰੀ ਕਰਦਾ ਹੈ ਤਾਂ ਉਨ੍ਹਾਂ ਖ਼ ?ਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸਿਵਲ ਸਰਜਨ ਨੇ ਕੀਤਾ ਜੱਚਾ-ਬੱਚਾ ਹਸਪਤਾਲ ਦਾ ਦੌਰਾ



**ਬਠਿੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਤਪਿੰਦਰਜੋਤ ਵੱਲੋਂ ਸਥਾਨਕ ਜੱਚਾ-ਬੱਚਾ ਹਸਪਤਾਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ, ਡਾਕਟਰਾਂ ਦੀ ਹਾਜ਼ਰੀ, ਦਵਾਈ ਵੰਡ ਪ੍ਰਣਾਲੀ, ਟੈਸਟਾਂ ਦੀ ਉਪਲਬਧਤਾ ਅਤੇ ਸਾਫ-ਸਫਾਈ ਦੀ ਜਾਂਚ ਕੀਤੀ। ਉਨ੍ਹਾਂ ਓ.ਪੀ.ਡੀ ਵਿਚ ਮੌਜੂਦ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਕੁਝ ਮਾਮਲਿਆਂ ਵਿੱਚ ਤੁਰੰਤ ਨਿਰਦੇਸ਼ ਵੀ ਜਾਰੀ ਕੀਤੇ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਵਧੀਆ ਤੇ ਸਮੇਂ-ਸਿਰ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਾਰੇ ਡਾਕਟਰਾਂ ਅਤੇ ਸਟਾਫ਼ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਲੋੜ ਹੈ। ਇਸ ਮੌਕੇ ਸਿਵਲ ਸਰਜਨ ਨੇ ਲੈਬ, ਫਾਰਮੇਸੀ ਅਤੇ ਰਜਿਸਟ ?ਰੇਸ਼ਨ ਕਾਊਂਟਰ ਦੀ ਵੀ ਜਾਂਚ ਕੀਤੀ ਅਤੇ ਹਦਾਇਤਾਂ ਦਿੱਤੀਆਂ ਕਿ ਮਰੀਜ਼ਾਂ ਨੂੰ ਕਿਸੇ ਵੀ ਤਕਲੀਫ਼ ਤੋਂ ਬਚਾਇਆ ਜਾਵੇ। ਇਸ ਮੌਕੇ ਉਨ੍ਹਾਂ ਡਾਕਟਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮਰੀਜਾਂ ਨੂੰ ਕੋਈ ਵੀ ਦਵਾਈ ਵੀ ਬਾਹਰ ਤੋਂ ਨਾ ਲਿਖੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਹਸਪਤਾਲ ਦੀ ਕਾਰਗੁਜ਼ਾਰੀ ਨੂੰ ਹੋਰ ਵੀ ਬਿਹਤਰ ਬਣਾਉਣ ਲਈ ਅਕਸਰ ਅਚਾਨਕ ਦੌਰੇ ਕੀਤੇ ਜਾਣਗੇ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ ਸੁਖਜਿੰਦਰ ਸਿੰਘ ਗਿੱਲ,ਡਿਪਟੀ ਮਾਸ ਮੀਡੀਆ ਅਫ਼ਸਰ ਮਲਕੀਤ ਕੌਰ ਅਤੇ ਰੋਹਿਤ ਜਿੰਦਲ, ਜਿਲ੍ਹਾ ਬੀ.ਸੀ.ਸੀ ਨਰਿੰਦਰ ਕੁਮਾਰ,ਬੀ.ਈ.ਈ ਹਰਜਿੰਦਰ ਕੌਰ ਅਤੇ ਗਗਨਦੀਪ ਸਿੰਘ ਭੁੱਲਰ ਆਦਿ ਹਾਜ਼ਰ ਰਹੇ।

# ਗੁਰੂ ਨਾਨਕ ਫਾਊਂਡੇਸ਼ਨ ਗਲੋਬਲ ਸਕੂਲ ਅਰਬਨ ਅਸਟੇਟ ਫੇਜ਼ 2 ਵਿਖੇ ਪੇਪ ਟਾਕ ਸ਼ੋਅ ਦਾ ਆਯੋਜਨ



**ਜਲੰਧਰ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਫਾਊਂਡੇਸ਼ਨ ਗਲੋਬਲ ਸਕੂਲ ਅਰਬਨ ਅਸਟੇਟ ਫੇਜ਼ 2 ਨੇ ਇੱਕ ਪੇਪ ਟਾਕ ਸ਼ੋਅ ਦਾ ਆਯੋਜਨ ਕੀਤਾ ਜਿਸ ਵਿੱਚ ਸਾਡੇ ਵਿਸ਼ੇਸ਼ ਮਹਿਮਾਨ ਕਰਨਲ ਅਜੈ ਕੁਮਾਰ ਤਲਹਨ (ਵੀਐਸਐਮ) ਜੋ ਕਿ 31 ਸਿਲੈਕਸ਼ਨ ਬੋਰਡ ਦੇ ਵਾਈਸ ਚੇਅਰਮੈਨ ਹਨ, ਸਾਡੇ ਨਾਲ ਸ਼ਾਮਲ ਹੋਏ ਅਤੇ ਆਪਣੇ ਅਨੁਭਵ ਅਤੇ ਗਿਆਨ ਸਾਂਝਾ ਕੀਤਾ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਐਨਡੀਏ (ਨੈਸ਼ਨਲ ਡਿਫੈਂਸ ਅਕੈਡਮੀ) ਅਤੇ ਐਸਐਸਬੀ (ਸਰਵਿਸ ਸਿਲੈਕਸ਼ਨ ਬੋਰਡ) ਵਰਗੀਆਂ ਰੱਖਿਆ ਸੇਵਾਵਾਂ ਬਾਰੇ ਮਾਰਗਦਰਸ਼ਨ ਕਰਨਾ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ, ਸਕੂਲ ਦੇ ਮਾਣਯੋਗ ਪ੍ਰਿੰਸੀਪਲ, ਡਾ. ਹਰਲੀਨ ਕੌਰ ਨੇ ਕਰਨਲ ਅਜੈ ਕੁਮਾਰ ਤਲਹਨ ਦਾ ਗੁਲ ਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਤੋਂ ਬਾਅਦ, ਕਰਨਲ ਸਾਹਿਬ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਨੇ ਐਨਡੀਏ ਦੀ ਤਿਆਰੀ, ਐਸਐਸਬੀ ਇੰਟਰਵਿਊ ਪ੍ਰਕਿਰਿਆ ਅਤੇ ਇੱਕ ਸਿਪਾਹੀ ਦੇ ਜੀਵਨ ਮੁੱਲਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਬਹੁਤ ਉਤਸੁਕਤਾ ਨਾਲ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਜਵਾਬ ਕਰਨਲ ਸਾਹਿਬ ਨੇ ਆਸਾਨੀ ਨਾਲ ਅਤੇ ਡੂੰਘਾਈ ਨਾਲ ਦਿੱਤੇ।

ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕੀਤਾ। ਸਕੂਲ ਦੀ ਪ੍ਰਿੰਸੀਪਲ ਡਾ. ਹਰਲੀਨ ਕੌਰ ਨੇ ਕਰਨਲ ਅਜੈ ਕੁਮਾਰ ਤਲਹਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ

# ਡੇਂਗੂ ਮਲੇਰੀਆ ਦਾ ਕੀਤਾ ਸਰਵੇ



**ਬਠਿੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ ਦੀ ਅਗਵਾਈ ਹੇਠ ਅਰਬਨ ਐਂਟੀ ਲਾਰਵਾ ਟੀਮਾਂ ਵੱਲੋਂ ਡਬਵਾਲੀ ਰੋਡ 'ਤੇ ਸਥਿਤ ਵੱਖ-ਵੱਖ ਉਸਾਰੀ ਅਧੀਨ ਇਮਾਰਤਾਂ ਅਤੇ ਅੱਧੀ ਦਰਜਨ ਦੇ ਕਰੀਬ ਨਰਸਰੀਆਂ ਵਿਖੇ ਲਾਰਵੇ ਦੀ ਭਾਲ ਕੀਤੀ ਗਈ। ਇਸ ਮੌਕੇ ਕਈ ਥਾਵਾਂ 'ਤੇ ਡੇਂਗੂ ਦਾ ਲਾਰਵਾ ਪਾਇਆ ਗਿਆ ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਅਤੇ ਟੀਮ ਮੈਂਬਰਾ ਵੱਲੋ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਸਾਵਧਾਨੀਆਂ ਬਾਰੇ ਵੀ ਦੱਸਿਆ ਗਿਆ। ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਵਿਭਾਗ ਵਲੋਂ ਡੇਂਗੂ ਤੇ ਮਲੇਰੀਆ ਬੁਖਾਰ ਤੋਂ ਬਚਾਅ ਲਈ ਜਾਗਰੂਕਤਾ ਪ੍ਰੋਗਰਾਮ ਤੇ ਡੇਂਗੂ ਮਲੇਰੀਏ ਵਿਰੋਧੀ ਗਤੀਵਿਧੀਆਂ ਕੀਤੀਆ ਜਾ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਗਰਮੀ ਅਤੇ ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਮੱਛਰਾਂ ਦੀ ਪੈਦਾਵਾਰ ਵਿੱਚ ਵਾਧਾ ਹੋ ਜਾਂਦਾ ਹੈ। ਉਸਾਰੀ ਅਧੀਨ ਇਮਾਰਤਾਂ ਵਿੱਚ ਪਏ ਪਾਣੀ ਵਾਲੇ ਡਰੰਮ, ਅਤੇ ਨਰਸਰੀਆਂ ਵਿਚ ਪਏ ਗਮਲਿਆਂ ਆਦਿ ਵਿੱਚ ਪਾਣੀ ਖੜ੍ਹਨ ਨਾਲ ਡੇਂਗੂ ਮੱਛਰ ਪੈਦਾ ਹੋਣ ਦਾ ਖਤਰਾ ਵੱਧ ਜਾਦਾ ਹੈ ਜਿਸ ਕਾਰਨ ਡੇਂਗੂ ਬੁਖਾਰ ਦੇ ਫੈਲਣ ਦਾ ਖਤਰਾ ਵੱਧ ਜਾਂਦਾ ਹੈ ਸੋ ਡੇਂਗੂ ਬੁਖਾਰ ਤੋਂ ਖੁਦ ਨੂੰ, ਆਪਣੇ ਪਰਿਵਾਰ ਅਤੇ ਸਮਾਜ ਨੂੰ ਬਚਾਉਣ ਲਈ ਸਾਡੀ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਆਪਣੇ ਆਲੇ-ਦੁਆਲੇ ਦੀ ਸਫਾਈ ਰੱਖੀ ਜਾਵੇ। ਮੱਛਰ ਪੈਦਾ ਹੋਣ ਦੇ ਸੋਮਿਆ ਦਾ ਖਾਤਮਾ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰੀ ਦਫਤਰਾਂ ਵਿੱਚ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਮਨਾਇਆ ਜਾਵੇ, ਜਿਸ ਦੌਰਾਨ ਘਰ ਵਿੱਚ ਮੌਜੂਦ ਕੂਲਰਾਂ, ਫਰਿਜ਼ ਦੀ ਟਰੇਅ, ਪੰਛੀਆਂ ਲਈ ਰਖੇ ਪਾਣੀ ਦੇ ਕਟੋਰੇ ਆਦਿ ਦੀ ਸਫਾਈ ਕੀਤੀ ਜਾਵੇ ਅਤੇ ਘਰ ਵਿੱਚ ਵਾਧੂ ਪਏ ਕਬਾੜ ਦਾ ਸਮਾਨ ਆਦਿ ਦਾ ਨਿਪਟਾਰਾ ਕੀਤਾ ਜਾਵੇ। ਇਸ ਤੋਂ ਇਲਾਵਾ ਘਰ ਦੇ ਨੇੜੇ ਖੜੇ ਪਾਣੀ ਅਤੇ ਛੱਪੜਾਂ ਆਦਿ ਵਿੱਚ ਹਰ ਹਫਤੇ ਕਾਲੇ ਤੇਲ ਦਾ ਛਿੜਕਾ ਕੀਤਾ ਜਾਵੇ ਤਾਂ ਜੋ ਮੱਛਰ ਦੇ ਲਾਰਵੇ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਪਾਣੀ ਖੜ੍ਹਨ ਵਾਲੇ ਸੋਮਿਆਂ ਤੇ ਸਪਰੇਅ ਦਾ ਛਿੜਕਾਅ ਕਰਵਾਇਆ ਗਿਆ।

ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਕਰਿਤੀ ਨੇ ਦੱਸਿਆ ਕਿ ਸਿਵਲ ਹਸਪਤਾਲ ਬਠਿੰਡਾ ਵਿਖੇ ਡੇਂਗੂ ਤੋ ਪੀੜਤ ਮਰੀਜ਼ਾ ਦੇ ਇਲਾਜ ਲਈ ਡੇਂਗੂ ਵਾਰਡ ਦੀ ਵਿਵਸਥਾ ਵੀ ਕਰ ਦਿੱਤੀ ਗਈ ਹੈ।

# ਐਸ.ਸੀ. ਕਮਿਸ਼ਨ ਵਲੋਂ ਪੁਲਿਸ ਕਮਿਸ਼ਨਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਤੋਂ ਰਿਪੋਰਟ ਤਲਬ

**ਚੰਡੀਗੜ੍ਹ, 12 ਅਗਸਤ**
**-ਪ੍ਰੈਸ ਕੀ ਤਾਕਤ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਇਕ ਮਾਮਲੇ ਵਿਚ ਸੂ ਮੋਟੋ ਨੋਟਿਸ ਲੈਂਦਿਆਂ ਜਲੰਧਰ ਦੇ ਸੰਤ ਰਾਮਾਨੰਦ ਚੌਕ ਵਿਚੋਂ ਲੱਗੇ ਬੋਰਡ ਪੁੱਟਣ ਸਬੰਧੀ ਪੁਲਿਸ ਕਮਿਸ਼ਨਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਇਕ ਅਖਬਾਰ ਵਿੱਚ ਛਪੀ ਖ਼ਬਰ ਅਨੁਸਾਰ' ਅਮਰ ਸ਼ਹੀਦ 108 ਰਾਮਾਨੰਦ ਚੌਂਕ ਚ ਲਿਖੇ ਜੈ ਗੁਰੂਦੇਵ ਧੰਨ ਗੁਰਦੇਵ ਦੇ ਜੈਕਾਰੇ ਪੁੱਟ ਕੇ ਕੀਤੀ ਬੇਅਦਬੀ, ਕੀਤੀ ਗਈ ਹੈ ਜਿਸ ਸਬੰਧੀ ਕਮਿਸ਼ਨ ਨੇ 'ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ-2004' ਦੀ ਧਾਰਾ 10 ਤਹਿਤ (2) (ਐਚ) ਸੂ ਮੋਟੋ ਨੋਟਿਸ ਲੈਂਦੇ ਹੋਏ ਪੜਤਾਲ ਕਰਨ ਦਾ ਫੈਸਲਾ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਮਸਲੇ ਸਬੰਧੀ ਮਿਤੀ 18-08-2025 ਨੂੰ ਪੁਲਿਸ ਕਮਿਸ਼ਨਰ ਜਲੰਧਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਤੋਂ ਰਿਪੋਰਟ ਤਲਬ ਕੀਤੀ ਹੈ।

# ਡੈਡੀਕੇਟਿਡ ਬ੍ਰਦਰਜ਼ ਗਰੁੱਪ ਵਲੋਂ ਮਦਦਗਾਰ ਫ਼ਰਿਸ਼ਤਿਆਂ ਦਾ ਸਨਮਾਨ

**ਪਟਿਆਲਾ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਜ਼ਿੰਦਗੀ ਵਿੱਚ ਕਿਸੇ ਵਲੋਂ ਬਹੁਤ ਹਿੰਮਤ ਜ਼ਿੰਦਾਦਿਲੀ ਹੌਂਸਲੇ ਨਾਲ ਕਿਸੇ ਪੀੜਤ ਦੀ ਸੰਕਟ ਸਮੇਂ ਕੀਮਤੀ ਜਾਨਾਂ ਬਚਾਉਣ ਲਈ ਸਹਾਇਤਾ ਕੀਤੀ ਜਾਂਦੀ ਹੈ, ਪਰ ਅਜਿਹੇ ਮਹਾਨ ਲੋਕਾਂ ਦੀਆਂ ਮਾਨਵਤਾਵਾਦੀ ਸੇਵਾਵਾਂ ਦਾ ਧੰਨਵਾਦ ਅਤੇ ਸਨਮਾਨ ਕੇਵਲ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਵਲੋਂ ਕੀਤਾ ਜਾਂਦਾ ਹੈ, ਇਹ ਵਿਚਾਰ ਡਾਕਟਰ ਰਾਕੇਸ਼ ਵਰਮੀ ਪ੍ਰਧਾਨ, ਹਰਪ੍ਰੀਤ ਸਿੰਘ ਸੰਧੂ ਸਕੱਤਰ ਅਤੇ ਡਾਕਟਰ ਰਿਸ਼ਮਾਂ ਕੌਹਲੀ ਨੇ, ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਉਨ੍ਹਾਂ ਜਵਾਨਾਂ ਦਾ ਸਨਮਾਨ ਕਰਦੇ ਹੋਏ ਪ੍ਰਗਟ ਕੀਤੇ ਜਿਨ੍ਹਾਂ ਨੇ ਅਪ੍ਰੈਸ਼ਨ ਸੰਧੂਰ ਤਹਿਤ, ਜ਼ਿਲੇ ਦੇ ਵੱਖ ਵੱਖ ਖੇਤਰਾਂ ਵਿੱਚ ਜੰਗਾਂ ਆਪਦਾਵਾਂ ਦੌਰਾਨ ਪੀੜਤਾਂ ਨੂੰ ਬਚਾਉਣ, ਰੈਸਕਿਯੂ ਟਰਾਂਸਪੋਰਟ ਕਰਨ ਅਤੇ ਫਸਟ ਏਡ ਸੀ ਪੀ ਆਰ ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਜ਼ਖਮੀਆਂ ਦੀ ਸੇਵਾ ਸੰਭਾਲ ਦੇ ਪ੍ਰਦਰਸ਼ਨ ਅਤੇ ਮੌਕ ਡਰਿੱਲਾਂ ਕੀਤੀਆਂ। ਇਸ ਮੌਕੇ ਸਿਵਲ ਡਿਫੈਂਸ ਦੇ ਕੰਪਨੀ ਕਮਾਂਡਰ ਮੋਹਨਦੀਪ ਸਿੰਘ ਅਤੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਟਰੇਨਰ ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਸਾਨੂੰ ਭਵਿੱਖ ਵਿੱਚ ਆਉਣ ਵਾਲੀਆਂ ਕੁਦਰਤੀ ਅਤੇ ਮਨੁੱਖੀ ਆਫਤਾਵਾਂ ਜੰਗਾਂ ਘਰੇਲੂ ਅਤੇ ਵਿਉਪਾਰਕ ਅਦਾਰਿਆਂ ਅਤੇ ਸੜਕਾਂ ਤੇ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਅਤੇ ਪੀੜਤਾਂ ਦੀਆਂ ਜਾਨਾਂ ਬਚਾਉਣ ਲਈ, ਟਰੇਨਿੰਗ ਅਭਿਆਸ ਕਰਕੇ, ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਨ ਲਈ ਤਿਆਰ ਹੋਣਾ ਚਾਹੀਦਾ ਹੈ ਕਿਉਂਕਿ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਕਾਰਨ ਹੀ 80 ਪ੍ਰਤੀਸ਼ਤ ਲੋਕਾਂ ਦੀਆਂ ਮੌਤਾਂ ਅਚਾਨਕ ਹੀ ਹੋ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਜ਼ੋ ਸਿਵਲ ਡਿਫੈਂਸ ਦੇ ਕੰਟਰੋਲਰ ਹਨ ਵਲੋਂ ਵੀ ਬੇਨਤੀ ਹੈ ਕਿ 18 ਸਾਲਾਂ ਤੋਂ ਉਪਰ ਦੇ ਨੌਜਵਾਨਾਂ ਅਤੇ ਹਰੇਕ ਨਾਗਰਿਕ ਨੂੰ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਦੀ ਟਰੇਨਿੰਗ ਲੈਣੀ ਚਾਹੀਦੀ ਹੈ ਤਾਂ ਜ਼ੋ ਭਵਿੱਖ ਵਿੱਚ ਅਸੀਂ ਆਪਣੇ ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਤਿਆਰ ਰਹੀਏ। ਸਮਾਗਮ ਦੇ ਮੁੱਖ ਮਹਿਮਾਨ ਡਾਕਟਰ ਗੁਰਵੀਨ ਕੌਰ, ਪ੍ਰਿੰਸੀਪਲ ਸਰਕਾਰੀ ਕੀਰਤੀ ਕਾਲਜ ਨਿਆਲ ਪਾਤੜਾਂ ਨੇ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜ਼ਿੰਦਗੀਆਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਹਰੇਕ ਵਿਦਿਆਰਥੀ ਅਧਿਆਪਕ ਨਾਗਰਿਕ ਕਰਮਚਾਰੀ ਨੂੰ ਟ ?ਰੇਨਿੰਗ ਅਭਿਆਸ ਕਰਵਾਏ ਜਾਣ। ਉਨ੍ਹਾਂ ਵਲੋਂ ਪਹਿਲਾਂ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿਖੇ ਅਤੇ ਹੁਣ ? ਹਰ ਸਾਲ ਆਪਣੇ ਵਿਦਿਆਰਥੀਆਂ, ਐਨ ਐਸ ਐਸ ਅਤੇ ਐਨ ਸੀ ਸੀ ਕੇਡਿਟਜ ਨੂੰ ਸ਼੍ਰੀ ਕਾਕਾ ਰਾਮ ਵਰਮਾ ਜੀ ਰਾਹੀਂ, ਆਫ਼ਤ ਪ੍ਰਬੰਧਨ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਦੀ ਟ ?ਰੇਨਿੰਗਾਂ ਕਰਵਾਈਆਂ ਜਾਂਦੀਆਂ ਹਨ। ਇਸ ਮੌਕੇ ਸੀਨੀਅਰ ਐਡਵੋਕੇਟ ਰਣਦੀਪ ਸਿੰਘ, ਸਾਬਕਾ ਐਸ ਐਸ ਪੀ, ਪਵਨ ਕੁਮਾਰ, ਸਤੀਸ਼ ਕੁਮਾਰ ਅਤੇ ਮੈਂਬਰਾਂ ਨੇ ਕਿਹਾ ਕਿ ਹਾਦਸੇ ਘਟਾਉਣ ਅਤੇ ਪੀੜਤਾਂ ਨੂੰ ਬਚਾਉਣ ਦੀ ਟਰੇਨਿੰਗ ਜ਼ੰਗੀ ਪੱਧਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਉਣੀਆਂ ਚਾਹੀਦੀਆਂ ਹਨ।

## ਸੰਪਾਦਕੀ

# ਦੇਸ਼ 'ਚ ਭਾਰੀ ਮੀਂਹ ਕਾਰਨ ਪਹਾੜੀ ਖੇਤਰਾਂ ਦੀ ਭਾਰੀ ਤਬਾਹੀ

ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ ਕਸ਼ਮੀਰ ਦੀ ਹਿਮਾਲਿਆ ਪੱਟੀ ਵਿਚ ਵਿਆਪਕ ਪੱਧਰ 'ਤੇ ਮੋਹਲੇਧਾਰ ਮੀਂਹ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਸਮ ਦੀਆਂ ਸਭ ਤੋਂ ਭਿਆਨਕ ਆਫਤਾਂ 'ਚੋਂ ਇੱਕ ਉੱਤਰਕਾਸ਼ੀ ਜ਼ਿਲ੍ਹੇ ਦੇ ਪਿੰਡ ਧਰਾਲੀ ਵਿੱਚ ਵਾਪਰੀ ਹੈ ਜਿੱਥੇ ਕਿਹਾ ਜਾਂਦਾ ਹੈ ਕਿ ਬੱਦਲ ਫਟਣ ਤੋਂ ਬਾਅਦ ਆਏ ਮੀਂਹ ਦੇ ਪਾਣੀ ਅਤੇ ਚਿੱਕੜ ਦੇ ਹੜ੍ਹ ਕਾਰਨ ਕਾਫ਼ੀ ਜਾਨੀ ਮਾਲੀ ਨੁਕਸਾਨ ਹੋਇਆ ਹੈ। ਇਹ ਘਟਨਾ ਵਾਤਾਵਰਨ ਦੇ ਲਿਹਾਜ਼ ਤੋਂ ਨਾਜ਼ੁਕ ਖੇਤਰਾਂ ਵਿੱਚ ਬੇਲਗ਼ਾਮ ਵਿਕਾਸ ਦੇ ਖ਼ਤਰੇ ਦੀ ਤਿੱਖੀ ਯਾਦਦਹਾਨੀ ਕਰਾਉਂਦੀ ਹੈ। ਮੈਦਾਨੀ ਇਲਾਕਿਆਂ ਵਿੱਚ ਵੀ ਮੌਨਸੂਨ ਦੇ ਮੀਂਹ ਨੇ ਕਾਫ਼ੀ ਤਬਾਹੀ ਮਚਾਈ ਹੈ, ਕਈ ਪ੍ਰਮੁੱਖ ਸ਼ਹਿਰਾਂ ਵਿੱਚ ਹੜ੍ਹ, ਮਰਨ ਵਾਲਿਆਂ ਦੀ ਗਿਣਤੀ ਅਤੇ ਪੁਰਾਣੇ ਢਾਂਚਿਆਂ ਦੇ ਡਿੱਗਣ ਦੀਆਂ ਖ਼ਬਰਾਂ ਮਿਲੀਆਂ ਹਨ। ਸੋਸ਼ਲ ਮੀਡੀਆ ਤਾਂ ਸ਼ਹਿਰਾਂ ਦੇ ਨੀਵੇਂ ਖੇਤਰਾਂ ਵਿੱਚ ਪਾਣੀ ਇਕੱਠਾ ਹੋਣ ਕਾਰਨ ਜਾਨਲੇਵਾ ਟ੍ਰੈਫਿਕ ਜਾਮ ਦੀਆਂ ਤਸਵੀਰਾਂ ਨਾਲ ਭਰਿਆ ਪਿਆ ਹੈ: ਸ਼ਹਿਰਾਂ ਦੀਆਂ ਸੜਕਾਂ ਤੇ ਰਾਜਮਾਰਗਾਂ ਉੱਪਰ ਕਾਰਾਂ ਤੇ ਟਰੱਕਾਂ ਦੇ ਟੋਇਆਂ ਵਿੱਚ ਡਿੱਗਣ; ਸਕੂਲੀ ਬੱਚੇ ਤੇ ਦਫ਼ਤਰ ਜਾਣ ਵਾਲੇ ਲੋਕ ਕਈ ਕਈ ਘੰਟੇ ਜਾਮ ਵਿੱਚ ਫਸੇ ਰਹੇ; ਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤਾਂ ਜਿਹੀਆਂ ਬਹੁਤ ਸਾਰੀਆਂ ਖ਼ਬਰਾਂ। ਹਵਾਈ ਅੱਡਿਆਂ ਦੀਆਂ ਕੁਝ ਨਵੀਆਂ ਬਣੀਆਂ ਇਮਾਰਤਾਂ ਮੀਂਹ ਦਾ ਸਾਹਮਣਾ ਨਹੀਂ ਕਰ ਸਕੀਆਂ। ਇਸ ਤੋਂ ਪ੍ਰਭਾਵਿਤ ਸ਼ਹਿਰਾਂ ਵਿੱਚ ਬੰਗਲੁਰੂ, ਹੈਦਰਾਬਾਦ, ਚੇਨਈ ਅਤੇ ਮੁੰਬਈ ਜਿਹੇ ਅਹਿਮ ਆਰਥਿਕ ਸਰਗਰਮੀਆਂ ਅਤੇ ਆਊਟਸੋਰਸਿੰਗ ਸਰਗਰਮੀਆਂ ਦੇ ਕੇਂਦਰ ਸ਼ਾਮਿਲ ਹਨ। ਮੀਂਹ ਨਾਲ ਜੁੜੀਆਂ ਘਟਨਾਵਾਂ ਨੂੰ 'ਕੁਦਰਤੀ ਕਹਿਰ' ਕਹਿ ਕੇ ਆਈ ਗਈ ਕਰ ਦੇਣਾ ਬਹੁਤ ਗ਼ਲਤ ਹੋਵੇਗਾ। ਮੌਨਸੂਨ ਸੀਜ਼ਨ ਦੌਰਾਨ ਭਾਰਤ ਦੇ ਸ਼ਹਿਰਾਂ ਨੂੰ ਜੋ ਕੁਝ ਹੰਢਾਉਣਾ ਪੈਂਦਾ ਹੈ, ਉਹ ਮਾੜੀ ਸ਼ਹਿਰੀ ਯੋਜਨਾਬੰਦੀ, ਬੁਨਿਆਦੀ ਢਾਂਚੇ ਦੀ ਅਣਦੇਖੀ, ਨਗਰਪਾਲਿਕਾਵਾਂ ਦੇ ਨੇਮਾਂ ਦੇ ਉਲੰਘਣ, ਹਰੇ ਭਰੇ ਅਤੇ ਖੁੱਲ੍ਹੇ ਖੇਤਰਾਂ ਨੂੰ ਖ਼ੋਰਾ, ਵੱਡੇ ਪੱਧਰ 'ਤੇ ਕੀਤੇ ਜਾ ਰਹੇ ਕੰਕਰੀਟੀਕਰਨ ਆਦਿ ਦਾ ਸੰਯੁਕਤ ਤੇ ਸਮੂਹਿਕ ਸਿੱਟਾ ਹੈ। ਇਨ੍ਹਾਂ ਸਭ ਤੋਂ ਉੱਪਰ ਜਲਵਾਯੂ ਤਬਦੀਲੀ ਦਾ ਖ਼ਤਰਾ ਮੰਡਰਾ ਰਿਹਾ ਹੈ ਜੋ ਆਪਣੇ-ਆਪ ਵਿੱਚ ਇਨਸਾਨ ਵੱਲੋਂ ਪੈਦਾ ਕੀਤੀ ਗਈ ਘਟਨਾ/ਸਮੱਸਿਆ ਹੈ। ਕਈ ਦਹਾਕਿਆਂ ਤੋਂ ਵਿਗਿਆਨੀ ਜਲਵਾਯੂ ਤਬਦੀਲੀ ਦੇ ਸਿੱਟੇ ਵਜੋਂ ਮੀਂਹ ਤੇ ਸੋਕੇ ਦੀਆਂ ਹੱਦ ਦਰਜੇ ਦੀਆਂ ਘਟਨਾਵਾਂ ਵਾਪਰਨ ਦੀਆਂ ਚਿਤਾਵਨੀਆਂ ਦਿੰਦੇ ਰਹੇ ਹਨ। ਹੱਦ ਦਰਜੇ ਦੀਆਂ ਮੌਸਮੀ ਘਟਨਾਵਾਂ ਉਦੋਂ ਵਾਪਰਦੀਆਂ ਹਨ ਜਦੋਂ ਕਿਸੇ ਇੱਕ ਜਗ੍ਹਾ 'ਤੇ ਪੈਣ ਵਾਲੇ ਮੀਂਹ ਜਾਂ ਬਰਫ਼ਬਾਰੀ ਦੀ ਮਾਤਰਾ ਆਮ ਨਾਲੋਂ ਬਹੁਤ ਜ਼ਿਆਦਾ ਵਧ ਜਾਂਦੀ ਹੈ ਜਿਵੇਂ ਸਾਡੇ ਕਈ ਸ਼ਹਿਰਾਂ ਵਿੱਚ ਹੋ ਰਿਹਾ ਹੈ। ਕਿਸੇ ਸ਼ਹਿਰ ਜਾਂ ਖੇਤਰ ਲਈ ਔਸਤ ਮੀਂਹ ਆਮ ਹੱਦ ਦੇ ਅੰਦਰ ਰਹਿ ਸਕਦੀ ਹੈ ਪਰ ਕੁਝ ਦਿਨਾਂ ਜਾਂ ਸਥਾਨਾਂ ਉੱਪਰ ਥੋੜ੍ਹੇ ਸਮੇਂ ਵਿੱਚ ਬਹੁਤ ਜ਼ਿਆਦਾ ਮੀਂਹ ਪੈਂਦਾ ਹੈ ਜਿਸ ਦੇ ਸਿੱਟੇ ਵਜੋਂ ਪਾਣੀ ਬੇਕਾਬੂ ਹੋ ਕੇ ਵਹਿ ਤੁਰਦਾ ਹੈ ਅਤੇ ਹੜ੍ਹ ਆ ਜਾਂਦਾ ਹੈ। ਭਾਰਤ ਵਿੱਚ ਜਿਸ ਤੇਜ਼ ਰਫ਼ਤਾਰ ਨਾਲ ਸ਼ਹਿਰੀਕਰਨ ਹੋ ਰਿਹਾ ਹੈ, ਉਸ ਲਿਹਾਜ਼ ਤੋਂ ਸਥਿਤੀ ਬਦ ਤੋਂ ਬਦਤਰ ਹੁੰਦੀ ਜਾਵੇਗੀ। ਇਸ ਵੇਲੇ ਲਾਏ ਜਾ ਰਹੇ ਅਨੁਮਾਨਾਂ ਮੁਤਾਬਿਕ 2050 ਤੱਕ ਕਰੀਬ ਇੱਕ ਅਰਬ ਲੋਕ ਸ਼ਹਿਰਾਂ ਵਿੱਚ ਰਹਿ ਰਹੇ ਹੋਣਗੇ ਪਰ ਸੰਸਾਰ ਬੈਂਕ ਦੀ ਸੱਜਰੀ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਭਾਰਤ ਦੇ ਸ਼ਹਿਰ ਆਪਣੇ ਮੌਜੂਦਾ ਵਿਕਾਸ ਰਾਹ ਉੱਪਰ ਚਲਦੇ ਰਹੇ ਤਾਂ ਉਹ ਆਪਣੀ ਪੂਰੀ ਸਮੱਰਥਾ ਨੂੰ ਕਾਰਜਸ਼ੀਲ ਕਰਨ ਵਿੱਚ ਸਫਲ ਨਹੀਂ ਹੋ ਸਕਣਗੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੱਚ ਮਾਨਵੀ ਘਣਤਾ (ਘੱਟ ਜਗ੍ਹਾ ਵਿੱਚ ਜ਼ਿਆਦਾ ਲੋਕਾਂ ਦੇ ਵਸੇਬੇ) ਅਤੇ ਕੁਝ ਲੋਕਾਂ ਦੇ ਹੱਥਾਂ ਵਿੱਚ ਬਹੁਤ ਜ਼ਿਆਦਾ ਅਸਾਸੇ ਇਕੱਤਰ ਹੋਣ ਕਰ ਕੇ ਭਾਰਤੀ ਸ਼ਹਿਰ ਜਲਵਾਯੂ ਤਬਦੀਲੀ ਦੇ ਅਸਰਾਂ ਦੀ ਮਾਰ ਨੂੰ ਝੱਲ ਨਹੀਂ ਸਕਣਗੇ। ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਨੂੰ ਜਲਵਾਯੂ ਤਬਦੀਲੀ ਦੇ ਅਸਰਾਂ ਅਤੇ ਆਫ਼ਤਾਂ ਦਾ ਜ਼ਿਆਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਹ (ਸ਼ਹਿਰ) ਪਰਸਪਰ ਰੂਪ ਵਿੱਚ ਜੁੜੀਆਂ ਪ੍ਰਣਾਲੀਆਂ 'ਤੇ ਜ਼ਿਆਦਾ ਨਿਰਭਰ ਹਨ। ਜਦੋਂ ਰਾਜਮਾਰਗ ਜਾਂ ਬਿਜਲੀ ਗਰਿੱਡ ਵਰਗਾ ਪ੍ਰਮੁੱਖ ਬੁਨਿਆਦੀ ਢਾਂਚਾ ਟੁੱਟ ਜਾਂਦਾ ਹੈ ਤਾਂ ਇਹ ਸਿਲਸਿਲੇਵਾਰ ਪ੍ਰਤੀਕਿਰਿਆ ਦਾ ਕਾਰਨ ਬਣ ਸਕਦਾ ਹੈ ਜਿਸ ਦੇ ਸਿੱਟੇ ਵਜੋਂ ਬੁਨਿਆਦੀ ਢਾਂਚਾ ਫੇਲ੍ਹ ਹੋ ਸਕਦਾ ਹੈ ਜਾਂ ਸ਼ਹਿਰ ਠੱਪ ਹੋ ਸਕਦੇ ਹਨ। ਹੜ੍ਹ ਕਰ ਕੇ ਸੜਕਾਂ ਬੰਦ ਹੋ ਸਕਦੀਆਂ ਹਨ ਅਤੇ ਆਵਾਜਾਈ ਵਿੱਚ ਵਿਘਨ ਪੈ ਸਕਦਾ ਹੈ, ਬਿਜਲੀ ਲਾਈਨਾਂ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਇਸ ਨਾਲ, ਜਿਵੇਂ ਇਸ ਸਮੇਂ ਮਾਪਿਆ ਜਾਂਦਾ ਹੈ, ਆਰਥਿਕ ਨੁਕਸਾਨ ਹੋ ਸਕਦਾ ਹੈ। ਹਰ ਸਾਲ ਮੌਨਸੂਨ ਦੀ ਅਫ਼ਰਾ-ਤਫ਼ਰੀ ਨੂੰ ਦੇਖਦਿਆਂ, ਇਹ ਸਪੱਸ਼ਟ ਹੈ ਕਿ ਸਾਡੇ ਸ਼ਹਿਰ ਜਲਵਾਯੂ ਤਬਦੀਲੀ ਤੇ ਵਧਦੇ ਸ਼ਹਿਰੀਕਰਨ ਦੀ ਦੋਹਰੀ ਚੁਣੌਤੀ ਨਾਲ ਨਜਿੱਠਣ ਲਈ ਚੰਗੀ ਤਰ੍ਹਾਂ ਤਿਆਰ ਨਹੀਂ ਹਨ। ਇਨ੍ਹਾਂ ਅਸਰਾਂ ਦਾ ਟਾਕਰਾ ਕਰਨ ਦੀ ਉਨ੍ਹਾਂ ਦੀ ਸਮਰੱਥਾ ਸੀਮਤ ਹੈ। ਉਨ੍ਹਾਂ ਦੀ ਯੋਜਨਾਬੰਦੀ ਅਤੇ ਪ੍ਰਬੰਧਕੀ ਢਾਂਚਾ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ, ਜਲਵਾਯੂ ਤਬਦੀਲੀ ਦੇ ਅਸਰਾਂ ਤੇ ਵਿਕਾਸ ਅਤੇ ਸੇਵਾਵਾਂ ਦੀ ਮੰਗ ਦੇ ਮੁਕਾਬਲੇ ਪੱਛੜ ਰਿਹਾ ਹੈ। ਬਹੁਤੇ ਮਾਮਲਿਆਂ ਵਿੱਚ ਵਰਤਮਾਨ ਢਾਂਚੇ ਮਿਆਦ ਪੁਗਾ ਚੁੱਕੇ ਹਨ, ਉਹ ਬਸਤੀਵਾਦੀ ਜਾਂ ਉਸ ਤੋਂ ਵੀ ਪਹਿਲਾਂ ਰਾਜੇ-ਮਹਾਰਾਜਿਆਂ ਦੇ ਸਮਿਆਂ ਦੇ ਹਨ। ਮਸਲਨ, ਹੈਦਰਾਬਾਦ 'ਚ ਨਿਕਾਸੀ ਤੇ ਮੀਂਹ ਦੇ ਪਾਣੀ ਲਈ ਢਾਂਚਾ ਇੱਕ ਸਦੀ ਪਹਿਲਾਂ ਸਰ ਐੱਮ ਵਿਸਵੇਸ਼ਵਰਿਆ ਨੇ ਤਿਆਰ ਕੀਤਾ ਸੀ ਜੋ ਪੰਜ ਲੱਖ ਦੀ ਆਬਾਦੀ ਲਈ ਸੀ। ਇਸ ਢਾਂਚੇ ਨੂੰ ਉਦੋਂ ਆਧੁਨਿਕ ਮੰਨਿਆ ਗਿਆ ਸੀ ਤੇ ਭਵਿੱਖੀ ਵਾਧੇ, ਸ਼ਹਿਰੀ ਯੋਜਨਾਬੰਦੀ ਅਤੇ ਸੁੰਦਰਤਾ ਵਰਗੇ ਬਾਕੀ ਸਰੋਕਾਰਾਂ ਦੇ ਲਿਹਾਜ਼ ਨਾਲ ਵੀ ਇਹ ਠੀਕ ਸੀ। ਹੈਦਰਾਬਾਦ ਨੂੰ ਝੀਲਾਂ ਅਤੇ ਬਾਗ਼ਾਂ ਦਾ ਸ਼ਹਿਰ ਮੰਨਿਆ ਗਿਆ ਸੀ ਜਿਸ ਦਾ ਕੁਦਰਤੀ ਨਿਕਾਸੀ ਢਾਂਚਾ ਚੰਗੀ ਤਰ੍ਹਾਂ ਇੱਕ-ਦੂਜੇ ਨਾਲ ਜੁੜਿ ?ਆ ਹੋਇਆ ਸੀ। ਇਹ ਸਭ ਕੁਝ ਉਸਾਰੀਆਂ ਦੇ ਤੇਜ਼ੀ ਨਾਲ ਹੋਏ ਵਿਸਤਾਰ ਤੇ ਵਧੀ ਆਬਾਦੀ ਕਾਰਨ ਨੁਕਸਾਨਿਆ ਗਿਆ ਹੈ। ਨਤੀਜਾ ਹੜ੍ਹਾਂ ਦੇ ਰੂਪ ਵਿੱਚ ਸਭ ਦੇ ਸਾਹਮਣੇ ਹੈ। ਭਾਰਤ ਦੇ ਤਕਰੀਬਨ ਹਰ ਵੱਡੇ ਸ਼ਹਿਰ ਦਾ ਇਹੀ ਹਾਲ ਹੈ। ਬਹੁਤੇ ਸ਼ਹਿਰ ਸਮੁੰਦਰੀ ਤੱਟਾਂ ਦੇ ਨਾਲ ਹਨ ਜਾਂ ਵੱਡੀਆਂ-ਛੋਟੀਆਂ ਨਦੀਆਂ ਦੇ ਬਰਸਾਤੀ ਮੈਦਾਨਾਂ 'ਚ ਹਨ। ਸ਼ਹਿਰੀਕਰਨ ਨੇ ਪਾਣੀ ਦੇ ਪ੍ਰਵਾਹ 'ਚ ਰੁਕਾਵਟ ਖੜ੍ਹੀ ਕੀਤੀ ਹੈ, ਜਿਸ ਕਾਰਨ ਪਹਿਲਾਂ ਜਿਹੜੇ ਇਲਾਕੇ ਹੜ੍ਹਾਂ ਦੀ ਜ਼ਿਆਦਾ ਮਾਰ ਹੇਠ ਨਹੀਂ ਸਨ, ਉਹ ਵੀ ਹੁਣ ਹੜ੍ਹਾਂ ਦਾ ਵੱਧ ਤੋਂ ਵੱਧ ਸ਼ਿਕਾਰ ਹੋ ਰਹੇ ਹਨ। ਸ਼ਹਿਰ ਬਰਸਾਤੀ ਮੈਦਾਨਾਂ 'ਤੇ ਉਸਰ ਰਹੇ ਹਨ। ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਿਕ 1985 ਤੋਂ ਲੈ ਕੇ 2015 ਤੱਕ ਹੜ੍ਹਾਂ ਤੋਂ ਸੁਰੱਖਿਅਤ ਖੇਤਰਾਂ ਵਿੱਚ ਉਸਰਿਆ ਜਾਂ ਆਬਾਦ ਹੋਇਆ ਇਲਾਕਾ 82 ਪ੍ਰਤੀਸ਼ਤ ਦੀ ਦਰ ਨਾਲ ਵਧਿਆ ਹੈ; ਹੜ੍ਹਾਂ ਤੋਂ ਵੱਧ ਜੋਖ਼ਿਮ ਵਾਲੇ ਇਲਾਕਿਆਂ 'ਚ ਇਹ ਦਰ 102 ਪ੍ਰਤੀਸ਼ਤ ਹੈ। ਜਲਵਾਯੂ ਤਬਦੀਲੀ ਤੇ ਸ਼ਹਿਰੀਕਰਨ ਦੇ ਸਾਂਝੇ ਅਸਰਾਂ ਦੀ ਬਦੌਲਤ ਮੀਂਹ ਜਾਂ ਬਰਸਾਤੀ ਪਾਣੀ ਕਾਰਨ ਹੜ੍ਹਾਂ ਦਾ ਖ਼ਤਰਾ ਆਉਣ ਵਾਲੇ ਸਮਿਆਂ 'ਚ ਕਈ ਗੁਣਾ ਵਧਣ ਦੀ ਸੰਭਾਵਨਾ ਹੈ। ਇਸ ਦਾ ਹੱਲ ਸਾਡੇ ਸ਼ਹਿਰਾਂ ਨੂੰ ਜਲਵਾਯੂ ਤਬਦੀਲੀ ਦੇ ਅਸਰਾਂ ਮੁਤਾਬਿਕ ਤਿਆਰ ਕਰਨ ਵਿੱਚ ਹੀ ਹੈ। ਇਸ ਵਾਸਤੇ ਸਾਨੂੰ ਵੱਖ-ਵੱਖ ਸ਼ਹਿਰਾਂ ਦੇ ਮੁਤਾਬਿਕ ਵਿਲੱਖਣ ਕਾਰਜ ਯੋਜਨਾ ਬਣਾਉਣ ਦੀ ਲੋੜ ਹੈ। ਮੌਜੂਦਾ ਸਮੇਂ ਵਿੱਚ ਇਹ ਕੋਸ਼ਿਸ਼ਾਂ ਇਕਜੁੱਟ ਨਹੀਂ ਹਨ। ਸਾਰੇ ਸੂਬਿਆਂ ਦੀਆਂ ਆਪੋ-ਆਪਣੀਆਂ ਕਾਰਜ ਯੋਜਨਾਵਾਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਮਾੜੇ ਤਰੀਕੇ ਨਾਲ ਲਾਗੂ ਕੀਤੀਆਂ ਗਈਆਂ ਹਨ ਜਾਂ ਅਮਲੀ ਰੂਪ ਵਿੱਚ ਲਾਗੂ ਹੀ ਨਹੀਂ ਹੋਈਆਂ। ਸ਼ਹਿਰੀ ਇਲਾਕਿਆਂ ਦੀਆਂ ਚੁਣੌਤੀਆਂ ਵੱਖੋ-ਵੱਖਰੀਆਂ ਹਨ, ਜਿਨ੍ਹਾਂ ਲਈ ਏਕੀਕ੍ਰਿਤ ਪਹੁੰਚ ਦੀ ਲੋੜ ਹੈ।

ਸ਼ਹਿਰੀ ਖੇਤਰਾਂ ਦੇ ਹੜ੍ਹਾਂ ਦੇ ਹੱਲ ਲਈ ਵਿਸ਼ੇਸ਼ ਰਣਨੀਤੀਆਂ ਘੜਨ ਦੀ ਲੋੜ ਹੈ, ਜੋ ਖ਼ਤਰੇ ਦੀ ਮੁਕਾਮੀ ਰੂਪ-ਰੇਖਾ 'ਤੇ ਆਧਾਰਿਤ ਹੋਣ। ਪਹਾੜੀ ਇਲਾਕਿਆਂ ਲਈ ਵੀ ਇਸੇ ਤਰ੍ਹਾਂ ਦੀਆਂ ਕਾਰਜ ਯੋਜਨਾਵਾਂ ਦੀ ਲੋੜ ਹੈ ਬਰਸਾਤੀ ਮੈਦਾਨਾਂ ਦੇ ਨਿਯਮਿਤ ਸੁਧਾਰ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਲਈ ਸ਼ਹਿਰਾਂ ਨੂੰ ਜਲ ਗ੍ਰਹਿਣ ਪ੍ਰਬੰਧ (ਵਾਟਰਸ਼ੈੱਡ) ਆਧਾਰਿਤ ਹੜ੍ਹ ਬਚਾਓ ਯੋਜਨਾਵਾਂ ਦੀ ਲੋੜ ਹੈ। ਸ਼ਹਿਰੀ ਇਕਾਈਆਂ ਨੂੰ ਡਰੇਨਾਂ ਤੇ ਬੰਨ੍ਹਾਂ ਉੱਤੇ ਪੈਸਾ ਖਰਚਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਜਿਹੀਆਂ ਖੁੱਲ੍ਹੀਆਂ ਥਾਵਾਂ ਪੈਦਾ ਕਰਨ ਜਾਂ ਬਚਾਉਣ ਉੱਤੇ ਨਿਵੇਸ਼ ਕਰਨਾ ਜ਼ਰੂਰੀ ਹੈ ਜਿਹੜੀਆਂ ਹੜ੍ਹ ਦੇ ਪਾਣੀ ਨੂੰ ਸਮੇਟ ਲੈਣ, ਜਾਂ ਟਿਕਾਊ ਸ਼ਹਿਰੀ ਨਿਕਾਸੀ ਢਾਂਚੇ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੇਨਈ ਨੇ ਸ਼ਹਿਰ ਦੇ ਮੁਤਾਬਿਕ ਜਲਵਾਯੂ ਕਾਰਜ ਯੋਜਨਾ ਵਿਕਸਿਤ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਲਈ ਪਹਿਲਾਂ ਜੋਖ਼ਿਮ ਦਾ ਮੁਲਾਂਕਣ ਕੀਤਾ ਗਿਆ ਹੈ। ਕੋਲਕਾਤਾ ਹੜ੍ਹਾਂ ਦੀ ਭਵਿੱਖਬਾਣੀ ਤੇ ਅਗੇਤੇ ਚਿਤਾਵਨੀ ਢਾਂਚੇ ਉੱਤੇ ਕੰਮ ਕਰ ਰਿਹਾ ਹੈ।

# ਜ਼ੋਨਲ ਸਕੂਲ ਖੇਡਾਂ ਦੇ ਤੀਜੇ ਦਿਨ ਖਾਲਸਾ ਸਕੂਲ ਵਿਖੇ ਮੁੰਡਿਆਂ ਦੇ ਮੁਕਾਬਲੇ ਹੋਏ ਸ਼ੁਰੂ



**ਸ੍ਰੀ ਆਨੰਦਪੁਰ ਸਾਹਿਬ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਜ਼ੋਨਲ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨਕ ਐਸ.ਜੀ.ਐਸ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਚੱਲ ਰਹੇ ਚਾਰ ਰੋਜਾ ਖੇਡ ਮੁਕਾਬਲਿਆਂ ਦੇ ਤੀਜੇ ਦਿਨ ਦੀ ਸ਼ੁਰੂਆਤ ਉਪ ਮੰਡਲ ਮੈਜਿਸਟੇ ?ਰਟ ਜ਼ਸਪ੍ਰੀਤ ਸਿੰਘ ਵਲੋਂ ਕੀਤੀ ਗਈ। ਉਨ੍ਹਾਂ ਖਿਡਾਰੀਆਂ ਤੇ ਅਧਿਆਪਕਾਂ ਨੂੰ ਬੋਲਦਿਆਂ ਕਿਹਾ ਕਿ ਖੇਡਾਂ ਦਾ ਮਨੁੱਖੀ ਜੀਵਨ ਵਿੱਚ ਵੱਡਾ ਰੋਲ ਹੈ।ਇਸ ਲਈ ਹਰੇਕ ਵਿਦਿਆਰਥੀ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਤਾਂ ਜ਼ੋ ਤੰਦਰੁਸਤ ਪੰਜਾਬ ਦੀ ਸਿਰਜਣਾ ਕੀਤੀ ਜਾ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਖਿਡਾਰੀਆਂ ਲਈ ਵਿਸ਼ੇ ?ਸ਼ ਸਹੂਲਤਾਂ ਦਿੱਤੀਆਂ ਗਈਆਂ ਹਨ। ਜਿਸ ਦਾ ਹਰੇਕ ਵਿਦਿਆਰਥੀ ਨੂੰ ਲਾਭ ਲੈਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਜ਼ੋਨਲ ਪ੍ਰਧਾਨ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਉਨ੍ਹਾਂ ਨੂੰ ਜੀ ਆਇਆ ਕਿਹਾ ਅਤੇ ਜ਼ੋਨਲ ਖੇਡਾਂ ਦੀ ਸਮੁੱਚੀ ਰਿਪੋਰਟ ਦੀ ਜਾਣਕਾਰੀ ਦਿੱਤੀ। ਸਕੂਲ ਪ੍ਰਬੰਧਕ ਕਮੇਟੀ ਵਲੋਂ ਨਗਰ ਕੌਸ਼ਲ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਵਾਲੀਆ ਵਲੋਂ ਐਸ.ਡੀ.ਐਮ. ਜ਼ਸਪ੍ਰੀਤ ਸਿੰਘ ਦਾ ਵਿਸ਼ੇ ?ਸ਼ ਤੌਰ ਤੇ ਸਨਮਾਨ ਕੀਤਾ ਗਿਆ।

ਜ਼ੋਨਲ ਸਕੱਤਰ ਅਸ਼ੋਕ ਰਾਣਾ ਨੇ ਦੱਸਿਆ ਕਿ ਜ਼ੋਨਲ ਖੇਡਾਂ ਦੇ ਤੀਜੇ ਦਿਨ ਮੁੰਡਿਆਂ ਦੇ ਮੁਕਾਬਲੇ ਸੁਰੂ ਹੋ ਗਏ ਹਨ। ਜਿਸ ਵਿੱਚ ਮੁੰਡਿਆਂ ਦੇ ਕਬੱਡੀ, ਬਾਲੀਵਾਲ, ਖੋ-ਖੋ, ਬੈਡਮਿੰਟਨ, ਕ੍ਰਿਕਟ ਆਦਿ ਦੇ ਮੁਕਾਬਲੇ ਚੱਲ ਰਹੇ ਹਨ। ਜਿਨ੍ਹਾਂ ਦੇ ਫਾਈਨਲ ਮੁਕਾਬਲੇ ਭਲਕੇ 8 ਅਗਸਤ ਨੂੰ ਹੋਣਗੇ।

ਇਸ ਮੌਕੇ ਸ਼ਮਸ਼ੇਰ ਸਿੰਘ, ਭੁਪਿੰਦਰ ਸਿੰਘ, ਸੁਰਜੀਤ ਰਾਣਾ, ਇਕਬਾਲ ਸਿੰਘ ਬਲੋਲੀ, ਗੁਰਿੰਦਰ ਸਿੰਘ ਕੰਦੋਲਾ, ਹਰਜੋਤ ਸਿੰਘ, ਸੁਮਨ ਚਾਂਦਲਾ, ਇਕਬਾਲ ਸਿੰਘ, ਗੁਰਮੇਲ ਸਿੰਘ, ਅਮਰਜੀਤ ਪਾਲ ਸਿੰਘ,, ਕੁਲਦੀਪ ਸਿੰਘ ਰਣਜੀਤ ਸਿੰਘ ਭੱਠਲ ,ਨੀਲਮ ਸ਼ਰਮਾ, ਗੁਰਪ੍ਰੀਤ ਕੌਰ, ਲਖਬੀਰ ਕੌਰ, ਪਿਆਰੇ ਲਾਲ, ਸੁਰੇਸ਼ ਕੁਮਾਰ, ਰਣਜੋਧ ਸਿੰਘ, ਵਿਜੇ ਕੁਮਾਰ, ਮਨਪ੍ਰੀਤ ਕੌਰ, ਬਰਜਿੰਦਰ ਸਿੰਘ, ਦਲਜੀਤ ਸਿੰਘ, ਜਸਪਾਲ ਸਿੰਘ ਆਦਿ ਖੇਡ ਅਧਿਆਪਕ ਅਤੇ ਟੀਮ ਇੰਚਾਰਜ ਹਾਜਰ ਸਨ।

# ਅਬੋਹਰ ਦੇ ਗੋਪੀ ਚੰਦ ਆਰਿਆ ਮਹਲਾ ਕਾਲਜ ਵਿੱਚ ਮਾਈ ਭਾਰਤ ਵੱਲੋਂ ਕੇਂਦਰੀ ਫਲੈਗਸ਼ਿਪ ਸਕੀਮਾਂ ਬਾਰੇ ਜਾਗਰੂਕਤਾ ਵਰਕਸ਼ਾਪ



**ਅਬੋਹਰ, 13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਸਰਕਾਰ ਦੀਆਂ ਵੱਖ-ਵੱਖ ਫਲੈਗਸ਼ਿਪ ਸਕੀਮਾਂ ਬਾਰੇ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਾਈ ਭਾਰਤ ਫਾਜ਼ਿਲਕਾ ਵੱਲੋਂ ਵਰਕਸ਼ਾਪ ਆਨ ਫਲੈਗਸ਼ਿਪ ਸਕੀਮ ਤਹਿਤ ਗੋਪੀ ਚੰਦ ਆਰਿਆ ਮਹਲਾ ਕਾਲਜ, ਅਬੋਹਰ ਵਿੱਚ ਇੱਕ ਵਿਸ਼ੇਸ਼ ਵਰਕਸ਼ਾਪ ਆਯੋਜਿਤ ਕੀਤੀ ਗਈ।

ਵਰਕਸ਼ਾਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਰਿਸੋਰਸ ਪਰਸਨ ਨੇ ਆਪੋ-ਆਪਦੇ ਵਿਭਾਗ ਦੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਸਿਹਤ ਵਿਭਾਗ ਤੋਂ ਮਨਬੀਰ ਸਿੰਘ, ਡਿਪਟੀ ਮਾਸ ਮੀਡੀਆ ਅਤੇ ਸੂਚਨਾ ਅਫਸਰ ਨੇ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ ਅਤੇ ਸਿਹਤ ਵਿਭਾਗ ਦੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਦਯੋਗ ਵਿਭਾਗ ਤੋਂ ਅਰੁਣ, ਬਲਾਕ ਲੈਵਲ ਐਕਸਟੈਂਸ਼ਨ ਅਫਸਰ, ਡਿਪਾਰਟਮੈਂਟ ਆਫ ਇੰਡਸਟ ?ਰੀਜ਼ ਐਂਡ ਕਾਮਰਸ ਨੇ ਰੋਜ਼ਗਾਰ ਸਿਰਜਣ, ਸਟਾਰਟਅੱਪ ਅਤੇ ਉਦਯੋਗ ਪ੍ਰੋਤਸਾਹਨ ਯੋਜਨਾਵਾਂ ਬਾਰੇ ਵਿਵਰਣ ਦਿੱਤਾ।ਵਾਟਰ ਐਂਡ ਸੈਨਿਟੇਸ਼ਨ ਵਿਭਾਗ ਤੋਂ ਸੁਸ਼ੀਲ ਕੁਮਾਰ ਅਤੇ ਵਰੀਂਦਰ ਸਿੰਘ ਨੇ ਜਲ ਸਪਲਾਈ, ਸਫਾਈ ਪ੍ਰਬੰਧਨ ਅਤੇ ਪਾਣੀ ਸੰਰੱਖਣ ਸਬੰਧੀ ਚੱਲ ਰਹੀਆਂ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਵਰਕਸ਼ਾਪ ਵਿੱਚ ਕਾਲਜ ਪ੍ਰਿੰਸੀਪਲ ਡਾ. ਰੇਖਾ ਸੂਦ, ਵਿਮਨ ਸਟੱਡੀਜ਼ ਸੈਂਟਰ ਕੋਆਰਡੀਨੇਟਰ ਸੁਸ਼ਰੀ ਅਮਨਦੀਪ ਕੌਰ, ਪੀ.ਜੀ. ਡਿਪਾਰਟਮੈਂਟ ਆਫ ਇੰਗਲਿਸ਼ ਤੋਂ ਡਾ. ਨੀਰਜ ਮਹਤਾ, ਡਿਪਾਰਟਮੈਂਟ ਆਫ ਹਿਸਟਰੀ ਤੋਂ ਸ਼ਿਵਾਂਗੀ ਵਿਜ ਅਤੇ ਡਿਪਾਰਟਮੈਂਟ ਆਫ ਇੰਗਲਿਸ਼ ਦੇ ਹੋਰ ਫੈਕਲਟੀ ਮੈਂਬਰਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ।

ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ ਅਤੇ ਵੱਖ-ਵੱਖ ਵਿਭਾਗਾਂ ਦੇ ਮਾਹਰਾਂ ਨਾਲ ਸਿੱਧਾ ਸੰਵਾਦ ਕੀਤਾ। ਮਾਈ ਭਾਰਤ ਦੇ ਪ੍ਰਤੀਨਿਧੀਆਂ ਨੇ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਨੌਜਵਾਨਾਂ ਨੂੰ ਨਾ ਸਿਰਫ਼ ਸਰਕਾਰੀ ਯੋਜਨਾਵਾਂ ਦੀ ਸੂਚਨਾ ਦਿੰਦੀਆਂ ਹਨ, ਸਗੋਂ ਉਹਨਾਂ ਨੂੰ ਸਮਾਜਕ ਵਿਕਾਸ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਪ੍ਰੇਰਿਤ ਵੀ ਕਰਦੀਆਂ ਹਨ। ਵਰਕਸ਼ਾਪ ਦੇ ਅੰਤ ਵਿੱਚ ਜ਼ਿਲ੍ਹਾ ਯੂਥ ਅਧਿਕਾਰੀ ਮਨਿਸ਼ਾ ਰਾਣੀ ਨੇ ਸਾਰੇ ਮਹਿਮਾਨ ਵਿਆਖਿਆਤਾਵਾਂ ਅਤੇ ਕਾਲਜ ਪ੍ਰਬੰਧਨ ਦਾ ਧੰਨਵਾਦ ਕੀਤਾ।

# ਸਰਕਾਰੀ ਐਲੀਮੈਂਟਰੀ ਸਕੂਲ, ਕੱਲ੍ਹਾ ਵਿਖੇ ਮਨਾਇਆ ਤੀਆਂ ਦਾ ਤਿਉਹਾਰ

**ਤਰਨ ਤਾਰਨ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਸਰਕਾਰੀ ਐਲੀਮੈਂਟਰੀ ਸਕੂਲ, ਕੱਲ੍ਹਾ ਵਿਖੇ ਪੰਜਾਬ ਦੇ ਸੱਭਿਆਚਾਰਕ ਤਿਉਹਾਰ ਤੀਆਂ ਨੂੰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦਿਆਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ।



ਸਮਾਗਮ ਦੀ ਸ਼ੁਰੂਆਤ ਵਿੱਚ ਬੱਚਿਆਂ ਨੂੰ ਤੀਆਂ ਦੇ ਤਿਉਹਾਰ ਦੇ ਇਤਿਹਾਸ ਅਤੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥਣਾਂ ਨੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਪਹਿਨ ਕੇ ਗਿੱਧਾ ਪਾਇਆ ਅਤੇ ਬੋਲੀਆਂ ਪਾ ਕੇ ਸਭ ਦਾ ਮਨ ਮੋਹ ਲਿਆ। ਇਸ ਦੌਰਾਨ ਝੂਲੇ ਵੀ ਲਾਏ ਗਏ, ਜਿੱਥੇ ਬੱਚਿਆਂ ਨੇ ਖੂਬ ਆਨੰਦ ਮਾਣਿਆ। ਇਸ ਤੋਂ ਇਲਾਵਾ, ਮਹਿੰਦੀ ਲਗਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਸਕੂਲ ਦੇ ਮੁਖੀ ਨੇ ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨਾਲ ਜੋੜੀ ਰੱਖਣ ਵਿੱਚ ਮਦਦ ਕਰਦੇ ਹਨ। ਉਨ੍ਹਾਂ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਇਸ ਸਫਲ ਸਮਾਗਮ ਲਈ ਵਧਾਈ ਦਿੱਤੀ। ਇਸ ਮੌਕੇ ਮਿਠਾਈਆਂ ਅਤੇ ਖੀਰ-ਪੂੜੇ ਵੀ ਵੰਡੇ ਗਏ।

ਇਸ ਪ੍ਰੋਗਰਾਮ ਦਾ ਮੁੱਖ ਮੰਤਵ ਬੱਚਿਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨਾ ਅਤੇ ਪੰਜਾਬੀ ਵਿਰਸੇ ਦੀ ਅਮੀਰੀ ਤੋਂ ਜਾਣੂ ਕਰਵਾਉਣਾ ਸੀ। ਸਮਾਗਮ ਦੇ ਅੰਤ ਵਿੱਚ ਸਾਰੇ ਬੱਚਿਆਂ ਅਤੇ ਅਧਿਆਪਕਾਂ ਨੇ ਮਿਲ ਕੇ ਪੰਜਾਬੀ ਵਿਰਸੇ ਦੀ ਸ਼ਾਨ ਬਰਕਰਾਰ ਰੱਖਣ ਦਾ ਪ੍ਰਣ ਲਿਆ।

## ਪੰਜਾਬੀ ਭਾਸ਼ਾ 'ਚ ਕੰਮ-ਕਾਜ ਕਰਨ ਸਬੰਧੀ ਹਦਾਇਤਾਂ ਜਾਰ

**ਤਰਨ ਤਾਰਨ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਹਦਾਇਤਾਂ ਜਾਰੀ ਹੋਈਆਂ ਹਨ, ਕਿ ਰਾਜ ਭਾਸ਼ਾ ਐਕਟ 1967 ਅਤੇ ਰਾਜ ਭਾਸ਼ਾ ਐਕਟ (ਤਰਮੀਮ) 2008 ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸੇ ਐਕਟ ਤਹਿਤ ਹੁਕਮ ਜਾਰੀ ਹੋਏ ਹਨ, ਕਿ ਪੰਜਾਬ ਸਰਕਾਰ ਦੇ ਸਮੂਹ ਸਰਕਾਰੀ / ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਨਿਗਮਾਂ ਅਤੇ ਵਿੱਦਿਅਕ ਅਦਾਰਿਆਂ ਦੇ ਦਫ਼ਤਰਾਂ ਵਿੱਚ ਸਮੁੱਚਾ ਦਫ਼ਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਣਾ ਲਾਜ਼ਮੀ ਬਣਾਇਆ ਜਾਵੇ।

ਇਸ ਦੇ ਨਾਲ ਹੀ ਸਮੂਹ ਵਿਭਾਗਾਂ ਦੀਆਂ ਵੈਬਸਾਈਟਾਂ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ (ਭਾਵ ਦੋਨੋ ਭਾਸ਼ਾਵਾਂ) ਵਿੱਚ ਤਿਆਰ ਕੀਤੀਆਂ ਜਾਣ। ਇਹ ਜਾਣਕਾਰੀ ਜ਼ਿਲ੍ਹਾ ਭਾਸ਼ਾ ਅਫ਼ਸਰ, ਤਰਨ ਤਾਰਨ ਡਾ. ਜਗਦੀਪ ਸਿੰਘ ਸੰਧੂ ਨੇ ਦਿੱਤੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਮਾਮਲੇ ਪ੍ਰਤੀ ਬੇਹੱਦ ਸੰਜੀਦਾ ਹੈ ਅਤੇ ਕਿਸੇ ਪ੍ਰਕਾਰ ਦੀ ਅਣਗਹਿਲੀ ਨਹੀਂ ਵਰਤੀ ਜਾ ਸਕਦੀ।ਪੰਜਾਬੀ ਮਾਤ ਭਾਸ਼ਾ ਪੰਜਾਬ ਰਾਜ ਦੀ ਜਿੰਦ-ਜਾਨ ਹੈ ਅਤੇ ਇਹ ਪੰਜਾਬੀਅਤ ਦਾ ਮਾਣ ਹੈ, ਇਸ ਲਈ ਸਬੰਧਿਤ ਹੁਕਮਾਂ ਅਧੀਨ ਆਉਂਦੇ ਸਾਰਿਆਂ ਨੂੰ ਹੀ ਅਪੀਲ ਹੈ।

# ਪ੍ਰੇਸਟਾ ਅਕੈਡਮੀ ਵੱਲੋਂ ਧੂਮਧਾਮ ਨਾਲ ਮਨਾਇਆ ਗਿਆ ਤੀਆਂ ਦਾ ਤਿਉਹਾਰ




**ਪਟਿਆਲਾ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਪ੍ਰੇਸਟਾ ਅਕੈਡਮੀ ਆਫ ਬਿਊਟੀ ਐਂਡ ਸਕਿੱਲ ਪਟਿਆਲਾ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਤੀਆ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਪ੍ਰੈਸਟਾ ਵੱਲੋਂ ਇਹ ਪ੍ਰੋਗਰਾਮ ਭਾਸ਼ਾ ਭਵਨ ਪਟਿਆਲਾ ਵਿਖੇ ਕੀਤਾ ਗਿਆ ਜਿਸ ਵਿੱਚ 400 ਦੇ ਕਰੀਬ ਲੜਕੀਆਂ ਨੇ ਹਾਜ਼ਰੀ ਲਗਵਾਈ। ਮਹਾਰਾਣੀ ਪ੍ਰਨੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

ਇਸ ਮੌਕੇ ਤੇ ਕੁਝ ਮਹਾਨ ਹਸਤੀਆਂ , ਮਨਜੀਤ ਕੌਰ ਪੰਜਾਬ ਦੀ ਪਹਿਲੀ ਐਂਬੂਲੈਂਸ ਡਰਾਈਵਰ , ਸਰਬਜੀਤ ਕੌਰ ਵਿਰਕ ਅਸਿਸਟੈਂਟ ਪ੍ਰੋਫੈਸਰ ਅਤੇ ਫੀਮੇਲ ਬਾਈਕ ਰਾਈਡਰ ,ਨਵਜੋਤ ਕੌਰ ਲੰਬੀ ਹਾਜਰ ਰਹੇ।ਇਸ ਮੌਕੇ ਤੇ ਪਟਿਆਲਾ ਦੇ ਕੁਝ ਉੱਭਰਦੇ ਕਲਾਕਾਰ ਯੁਵ ਸਿੱਧੂ , ਸਾਹਿਲ ਮਹਿਰੋਕ ਨੇ ਵੀ ਆਪਣੀ ਸੁਰੀਲੀ ਆਵਾਜ਼ ਦੇ ਨਾਲ ਲੋਕਾ ਦਾ ਦਿਲ ਜਿੱਤਿਆ।

ਇਸ ਮੌਕੇ ਤੇ ਫੀਲ ਖਾਨਾ ਸਕੂਲ , ਓ ਪੀ ਐਲ ਸਕੂਲ,ਐਨ ਪੀ ਐਚ ਸੀ ਸਕੂਲ ਵਲੋਂ ਵੱਖ ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਮਹਾਰਾਣੀ ਪਰਨੀਤ ਕੌਰ ਜੀ ਨੇ ਲੜਕੀਆਂ ਨੂੰ ਹੁਨਰ ਲੈਕੇ ਅੱਗੇ ਵਧਣ ਲਈ ਪ੍ਰੇਰਿਆ ਤੇ ਸਵੈ ਭਰੋਸਾ ਰੱਖਣ ਲਈ ਉਤਸ਼ਾਹਿਤ ਕੀਤਾ, ਪ੍ਰੈਸਟਾ ਅਕੈਡਮੀ ਬਿਊਟੀ ਵਿਚ ਬਹੁਤ ਸਾਰੇ ਕੋਰਸ ਉਪਲੱਬਧ ਕਰਵਾਉਂਦੀ ਹੈ ਤੇ ਫੀਸ ਬਾਕੀ ਹਰ ਅਕੈਡਮੀ ਨਾਲੋ ਅੱਧ ਹੈ।

# ਨਾਜਾਇਜ਼ ਕਬਜ਼ਾਧਾਰੀਆ ਨੂੰ ਅਪੀਲ-ਵਲੰਟੀਅਰ ਬਣ ਕੇ ਕਬਜ਼ੇ ਛੱਡ ਦਿੱਤੇ ਜਾਣ ਨਹੀਂ ਤਾਂ ਹੋਵੇਗੀ ਕਾਨੂੰਨੀ ਕਾਰਵਾਈ ਸ਼ੁਰੂ



**ਬਟਾਲਾ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ, ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਕੋਟਲਾ ਨਵਾਬ ਅਬਾਦੀ ਦੂੰਬੀਵਾਲ ਦੇ ਨਜ਼ਦੀਕ ਲਗਭਗ 4 ਏਕੜ ਜ਼ਮੀਨ 'ਤੇ ਤਕਰੀਬਨ 23 ਸਾਲਾ ਤੋ ਕੁਝ ਲੋਕਾਂ ਵੱਲੋ ਕੀਤੇ ਗਏ ਨਾਜਾਇਜ਼ ਕਬਜ਼ੇ ਨੂੰ ਨਗਰ ਨਿਗਮ, ਬਟਾਲਾ ਵੱਲੋ ਪੂਰੀ ਪ੍ਰਕਿਰੀਆ ਨੂੰ ਮੁਕੰਮਲ ਕਰਦੇ ਹੋਏ ਛੁਡਾਇਆ ਗਿਆ ਅਤੇ ਕਾਨੂੰਨੀ ਤੌਰ 'ਤੇ ਨਗਰ ਨਿਗਮ, ਬਟਾਲਾ ਵਲੋਂ ਕਬਜ਼ਾ ਲਿਆ ਗਿਆ। ਇਸ ਮੌਕੇ ਨਾਇਬ ਤਹਿਸਲੀਦਾਰ ਨਿਤਿਨ ਸਹੋਤਾ ਵੀ ਮੌਜੂਦ ਸਨ। ਕਮਿਸ਼ਨਰ ਨਗਰ ਨਿਗਮ, ਬਟਾਲਾ ਵੱਲੋ ਦੱਸਿਆ ਗਿਆ ਕਿ ਨਾਜਾਜ਼ਿ ਕੀਤੇ ਗਏ ਕਬਜ਼ਾਧਾਰੀਆ ਨਾਲਮੀਟਿੰਗ/ਕਾਉਂਸਲਿੰਗ ਕੀਤੀ ਗਈ। ਜਿਸ ਕਰਕੇ ਇਨ੍ਹਾਂ ਨਾਜਇਜ ਕਬਜ਼ਾਧਾਰੀਆਂ ਉਪਰ ਬਿਨ੍ਹਾਂ ਕੋਈ ਕਾਨੂੰਨੀ ਕਾਰਵਾਈ ਕਰਦੇ ਹੋਏ ਕਬਜਾਧਾਰੀਆਂ ਵੱਲੋ ਵਲੰਟੀਅਰ ਬਣ ਕੇ ਖੁਦ ਹੀ ਕਬਜ਼ੇ ਛੱਡ ਦਿੱਤੇ ਗਏ। ਇਸ ਉਪਰੰਤ ਬਿਨ੍ਹਾ ਫੋਰਸ ਦੀ ਵਰਤੋ ਕੀਤੇ ਕਬਜ਼ਾ ਵਾਪਸ ਲਿਆ ਗਿਆ।

ਨਗਰ ਨਿਗਮ ਦੀ ਟੀਮ ਸਤਨਾਮ ਸਿੰਘ, ਕਾਨੂੰਗੋ ਅਸ ਅਤੇ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਕੁਲਵੰਤ ਸਿੰਘ, ਏ.ਟੀ.ਪੀ. ਸ਼ ?ਰੀਮਤੀ ਮਨਿੰਦਰ ਕੌਰ, ਬਿਲਡਿੰਗ ਇੰਸਪੈਕਟਰ, ਗੁਰਮੁੱਖ ਸਿੰਘ, ਡਰਾਫਟਮੈਨ ਅਤੇ ਪ੍ਰਦੀਪ ਕੁਮਾਰ ਵੱਲੋ ਕਬਜਾ ਲੈਣ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਗਿਆ।

ਕਮਿਸ਼ਨਰ ਨਗਰ ਨਿਗਮ, ਬਟਾਲਾ ਵੱਲੋ ਬਾਕੀ ਕੁਝ ਹੋਰ ਨਾਜਾਇਜ਼ ਕਬਜ਼ਾਧਾਰੀਆ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ, ਬਟਾਲਾ ਦੀਆਂ ਜ਼ਮੀਨਾਂ ਉਪਰ ਜੋ ਨਾਜਾਇਜ਼ ਕਬਜ਼ੇ ਕੀਤੇ ਗਏ ਹਨ ਉਨ੍ਹਾਂ ਨੂੰ ਵਲੰਟੀਅਰ ਬਣ ਕੇ ਕਬਜ਼ੇ ਛੱਡ ਦਿੱਤੇ ਜਾਣ ਨਹੀ ਤਾ ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।

# ਬੇਰੋਜ਼ਗਾਰ ਨੌਜਵਾਨਾ/ਔਰਤਾਂ ਲਈ ਦੋ ਹਫਤੇ ਦਾ ਡੇਅਰੀ ਸਿਖਲਾਈ ਕੋਰਸ 11 ਅਗਸਤ ਤੋਂ

**ਰੂਪ ਨਗਰ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਦੇ ਡੇਅਰੀ ਵਿਕਾਸ ਵਿਭਾਗ ਵੱਲੋਂ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਸ. ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਬੇਰੋਜ਼ਗਾਰ ਨੌਜਵਾਨਾ/ਔਰਤਾਂ ਨੂੰ 2 ਹਫਤੇ ਦੀ ਡੇਅਰੀ ਸਿਖਲਾਈ 11 ਅਗਸਤ ਤੋਂ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਚਤਾਮਲੀ ਵਿਖੇ ਦਿੱਤੀ ਜਾਵੇਗੀ।



ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਰੂਪਨਗਰ ਸ. ਹਰਵੰਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਸ ਸਿਖਲਾਈ ਦਾ ਮੁੱਖ ਮੰਤਵ ਪੇਂਡੂ ਬੇਰੋਜ਼ਗਾਰ ਨੌਜਵਾਨਾ/ਔਰਤਾਂ ਨੂੰ ਡੇਅਰੀ ਦਾ ਕਿੱਤਾ ਅਪਨਾਉਣ ਲਈ ਪ੍ਰੋਤਸਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਟ ?ਰੇਨਿੰਗ ਵਿੱਚ ਦੁਧਾਰੂ ਪਸ਼ੂਆਂ ਦੀ ਖਰੀਦ ਲੈ ਕੇ ਰੱਖ-ਰਖਾਅ, ਖਾਦ ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ ਅਚੇ ਸੁਚੱਜੇ ਮੰਡੀਕਰਨ ਆਦਿ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਲਈ ਰੂਪਨਗਰ, ਮੋਹਾਲੀ, ਐਸ.ਬੀ.ਐਸ ਨਗਰ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਦੇ ਉਮੀਦਵਾਰਾਂ ਲਈ ਉਮਰ 18 ਤੋਂ 55 ਸਾਲ ਦੀ ਹੋਣੀ ਚਾਹੀਦੀ ਹੈ, ਉਹ ਘੱਟੋ-ਘੱਟ ਪੰਜਵੀ ਪਾਸ ਹੋਵੇ ਅਤੇ ਸਿਖਿਆਰਥੀ ਪੇਂਡੂ ਇਲਾਕੇ ਨਾਲ ਸਬੰਧਤ ਹੋਵੇ।

ਉਨ੍ਹਾਂ ਦੱਸਿਆ ਕਿ ਚਾਹਵਾਨ ਸਿਖਿਆਰਥੀ ਆਪਣੇ ਦਸਤਾਵੇਜ ਜਿਵੇਂ ਯੋਗਤਾ ਸਰਟੀਫਿਕੇਟ, ਅਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ 1 ਪਾਸਪੋਰਟ ਸਾਈਜ ਫੋਟੋ ਲੈ ਕੇ ਦਫਤਰ ਵਿੱਚ ਆਉਣ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਲਈ ਰੂਪਨਗਰ ਜ਼ਿਲ੍ਹੇ ਦੇ ਨੌਜਵਾਨ/ਔਰਤਾ ਫਾਰਮ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਕਮਰਾ ਨੰ. 235, ਦੂਜੀ ਮੰਜਿਲ, ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਰੂਪਨਗਰ ਵਿਖੇ ਭਰੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਸੰਬਧੀ ਵਧੇਰੇ ਜਾਣਕਾਰੀ ਲਈ ਸੰਪਰਕ ਨੰ. 0160-2920471 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਜ਼ੀ ਰਜਿਸਟਰੀ ਪ੍ਰਣਾਲੀ ਤੋਂ ਮਿਲੇਗਾ ਪਾਰਦਰਸ਼ੀ ਤੇ ਤੇਜ਼ ਸੇਵਾ ਦਾ ਤਜਰਬਾ: ਆਸ਼ਿਕਾ ਜੈਨ




**ਹੁਸ਼ਿਆਰਪੁਰ, 13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਨਾਗਰਿਕਾਂ ਨੂੰ ਪਾਰਦਰਸ਼ੀ, ਸਰਲ ਅਤੇ ਤੁਰੰਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੇ ਗਏ

ਇਜ਼ੀ ਰਜਿਸਟਰੀ ਸਿਸਟਮ (ਜ਼ਮੀਨ ਅਤੇ ਜਾਇਦਾਦ ਦੀ ਰਜਿਸਟ ?ਰੇਸ਼ਨ ਦੀ ਸਹੂਲਤ) ਸਬੰਧੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਮਾਲ ਵਿਭਾਗ ਦੇ ਅਧਿਕਾਰੀਆਂ, ਵਕੀਲਾਂ ਅਤੇ ਵਸੀਕਾ ਨਵੀਸਾਂ ਨਾਲ ਮੀਟਿੰਗ ਹੋਈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੇ ਪ੍ਰਸ਼ਾਸਕੀ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਕਦਮ ਹੈ, ਜਿਸ ਨਾਲ ਨਾ ਸਿਰਫ਼ ਭ੍ਰਿਸ਼ਟਾਚਾਰ ਨੂੰ ਠੱਲ ਪਵੇਗੀ ਸਗੋਂ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਬੇਲੋੜੇ ਚੱਕਰ ਲਗਾਉਣ ਤੋਂ ਵੀ ਬਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਲੋਕ ਆਪਣੀ ਜਾਇਦਾਦ ਦੀ ਰਜਿਸਟ ?ਰੇਸ਼ਨ ਲਈ ਸਿਰਫ਼ ਸਥਾਨਕ ਸਬ-ਰਜਿਸਟਰਾਰ ਦਫ਼ਤਰ 'ਤੇ ਨਿਰਭਰ ਨਹੀਂ ਰਹਿਣਗੇ, ਸਗੋਂ ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਜਾ ਕੇ ਕੰਮ ਕਰਵਾ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਵੀਂ ਪ੍ਰਣਾਲੀ ਤਹਿਤ ਰਜਿਸਟਰੀ ਨਾਲ ਸਬੰਧਤ ਸਾਰੀ ਜਾਣਕਾਰੀ ਜਿਵੇਂ ਕਿ ਦਸਤਾਵੇਜ਼ ਜਮ ?ਹਾ ਕਰਵਾਉਣਾ, ਪ੍ਰਵਾਨਗੀ, ਫੀਸ ਦਾ ਭੁਗਤਾਨ ਅਤੇ ਸਮਾਂ ਸਲਾਟ ਪੁਸ਼ਟੀਕਰਨ ਨਾਗਰਿਕਾਂ ਨੂੰ ਸਿੱਧੇ ਵੱਟਸਐਪ ਅਤੇ ਔਨਲਾਈਨ ਪੋਰਟਲ ਰਾਹੀਂ ਉਪਲਬੱਧ ਹੋਵੇਗਾ। ਇਹ ਸੇਵਾਵਾਂ ਉਨ੍ਹਾਂ ਦੇ ਦਰਵਾਜ਼ੇ 'ਤੇ ਲਿਆਏਗਾ ਅਤੇ ਪ੍ਰਕਿਰਿਆ ਵਿਚ ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਏਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੇਵਾ ਕੇਂਦਰਾਂ ਰਾਹੀਂ ਉਹ ਨਾਗਰਿਕ, ਜੋ ਡਿਜੀਟਲ ਸਾਧਨਾਂ ਦੀ ਵਰਤੋਂ ਨਹੀਂ ਕਰ ਸਕਦੇ, ਉਹ ਵੀ ਇਸ ਸਹੂਲਤ ਦਾ ਆਸਾਨੀ ਨਾਲ ਲਾਭ ਉਠਾ ਸਕਣਗੇ। ਉਨ੍ਹਾਂ ਕਿਹਾ ਕਿ ਇਸ ਲਈ ਟੋਲ ਫ ?ਰੀ ਨੰਬਰ 1076 'ਤੇ ਕਾਲ ਕਰਕੇ ਅਪਾਇੰਟਮੈਂਟ ਬੁੱਕ ਕੀਤੀ ਜਾ ਸਕਦੀ ਹੈ, ਜਿਸ ਤੋਂ ਬਾਅਦ ਸੇਵਾ ਸਹਾਇਕ ਨਿਰਧਾਰਤ ਫੀਸ ਲੈ ਡੀਡ ਰਜਿਸਟਰੇਸ਼ਨ ਕਰੇਗਾ। ਇਸ ਦੇ ਨਾਲ ਹੀ, ਬੈਂਕਾਂ ਦੀ ਮਦਦ ਨਾਲ, ਫੀਸ ਦਾ ਭੁਗਤਾਨ ਤੇਜ਼, ਸੁਰੱਖਿਅਤ ਅਤੇ ਰਿਕਾਰਡ ਕੀਤੇ ਤਰੀਕੇ ਨਾਲ ਕੀਤਾ ਜਾਵੇਗਾ। ਇਸ ਨਾਲ ਨਾ ਸਿਰਫ਼ ਸਮਾਂ ਬਚੇਗਾ, ਸਗੋਂ ਰਿਸ਼ਵਤਖੋਰੀ ਅਤੇ ਨਕਦੀ ਲੈਣ-ਦੇਣ ਦੀ ਸੰਭਾਵਨਾ ਵੀ ਖ਼ਤਮ ਹੋ ਜਾਵੇਗੀ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਪੱਸ਼ਟ ਕੀਤਾ ਕਿ ਨਵੀਂ ਆਸਾਨ ਰਜਿਸਟਰੀ ਪ੍ਰਣਾਲੀ ਭ੍ਰਿਸ਼ਟਾਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕੇਗੀ, ਕਿਉਂਕਿ ਪੂਰੀ ਪ੍ਰਕਿਰਿਆ ਡਿਜੀਟਲ ਅਤੇ ਰਿਕਾਰਡ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਕਿਸੇ ਕਾਰਨ ਕੰਮ ਵਿੱਚ ਦੇਰੀ ਨਾ ਕਰਨ, ਤਾਂ ਜੋ ਨਾਗਰਿਕਾਂ ਨੂੰ ਇਕੋ ਵਾਰ ਸੇਵਾ ਮਿਲ ਸਕੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਇਸ ਪ੍ਰਣਾਲੀ ਨੂੰ ਸਫਲ ਬਣਾਉਣ ਲਈ ਵਸੀਕਾ ਲੇਖਕਾਂ ਦੇ ਸਰਗਰਮ ਸਹਿਯੋਗ ਦੀ ਬੇਨਤੀ ਕੀਤੀ ਅਤੇ ਉਨ੍ਹਾਂ ਦੀ ਫੀਡਬੈਕ ਵੀ ਲਈ।

ਉਨ੍ਹਾਂ ਕਿਹਾ ਕਿ ਜਨਤਾ ਦੀ ਸੰਤੁਸ਼ਟੀ ਅਤੇ ਸਹੂਲਤ ਇਸ ਯੋਜਨਾ ਦੀ ਸਫਲਤਾ ਦਾ ਅਸਲ ਮਾਪ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਜ਼ਿਲ੍ਹਾ ਮਾਲ ਅਫ਼ਸਰ ਅਮਨਦੀਪ ਚਾਵਲਾ, ਡੀ.ਐਸ.ਐਮ ਚਰਨ ਕੰਵਲ ਤੋਂ ਇਲਾਵਾ ਹੋਰ ਅਧਿਕਾਰੀ ਅਤੇ ਵਸੀਕਾ ਨਵੀਸ ਮੌਜੂਦ ਸਨ।

# ਸਾਉਣੀ ਦੀ ਰੁੱਤ ਦੀ ਮੱਕੀ ਦੀ ਵੈਰੀਫਿਕੇਸ਼ਨ 10 ਅਗਸਤ ਤੱਕ ਮੁਕੰਮਲ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫ਼ਸਰ

**ਗੁਰਦਾਸਪੁਰ,13 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚ ਵਿਭਿੰਨਤਾ ਲਿਆਉਣ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸਾਨਾਂ ਵੱਲੋਂ ਕਾਸ਼ਤ ਕੀਤੀ ਗਈ ਸਾਉਣੀ ਰੁੱਤ ਦੀ ਮੱਕੀ ਦੀ ਪਹਿਲੀ ਵੈਰੀਫਿਕੇਸ਼ਨ ਦਾ ਕੰਮ 10 ਅਗਸਤ ਤੱਕ ਮੁਕੰਮਲ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਸ ਤੋਂ ਬਾਅਦ 15 ਅਗਸਤ ਤੋਂ ਬਾਅਦ ਦੂਜੀ ਵੈਰੀਫਿਕੇਸ਼ਨ ਦਾ ਕੰਮ ਮੁਕੰਮਲ ਕਰਨ ਉਪਰੰਤ ਮੱਕੀ ਕਾਸ਼ਤਕਾਰਾਂ ਦੇ ਖਾਤਿਆਂ ਵਿਚ ਪੈਸੇ ਪਾ ਦਿੱਤੇ ਜਾਣਗੇ। ਖੇਤੀਬਾੜੀ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਵੈਰੀਫਿਕੇਸ਼ਨ ਦੇ ਕੰਮ ਦਾ ਜਾਇਜ਼ਾ ਲੈਣ ਲਈ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵੱਲੋਂ ਬਲਾਕ ਕਲਾਨੌਰ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਡਾ. ਅਰਪਨਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਅੰਮ੍ਰਿਤ ਪਾਲ ਕੌਰ, ਰਵਿੰਦਰ ਕੌਰ ਖੇਤੀਬਾੜੀ ਵਿਸਥਾਰ ਅਫ਼ਸਰ, ਗੁਰਪ੍ਰਤਾਪ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਅਤੇ ਕਿਸਾਨ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਝੋਨੇ ਦੀ ਕਾਸ਼ਤ ਕਰਨ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ ਜਿਸ ਕਾਰਨ ਭਵਿੱਖ ਵਿਚ ਖੇਤੀ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਭਵਿੱਖ ਦੀ ਖੇਤੀ ਨੂੰ ਟਿਕਾਊ ਬਣਾਉਣ ਅਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ 1054 ਹੈੱਕ. ਰਕਬਾ ਝੋਨੇ ਦੀ ਖੇਤੀ ਹੇਠੋਂ ਕੱਢ ਕੇ ਮੱਕੀ ਦੀ ਕਾਸ਼ਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਜੋ ਕਿਸਾਨ ਝੋਨੇ ਦੀ ਖੇਤੀ ਕਰਨ ਦੀ ਬਿਜਾਏ ਸਾਉਣੀ ਰੁੱਤ ਵਾਲੀ ਮੱਕੀ ਦੀ ਕਾਸ਼ਤ ਕਰੇਗਾ, ਉਨ੍ਹਾਂ ਨੂੰ ਪ੍ਰਤੀ ਹੈੱਕ 17500/- ਰੁਪਏ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਸਿੱਧੇ ਬੈਂਕ ਖਾਤਿਆਂ ਵਿਚ ਦਿੱਤੇ ਜਾਣਗੇ। ਉਨ੍ਹਾਂ ਨੂੰ ਦੱਸਿਆ ਕਿ ਇਸ ਵਾਰ ਪੰਜਾਬ ਸਰਕਾਰ ਵੱਲੋਂ ਮੱਕੀ ਦੀ ਖ਼ਰੀਦ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਮੱਕੀ ਦੀ ਖ਼ਰੀਦ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਮੱਕੀ ਦੀ ਖ਼ਰੀਦ ਘੱਟੋ ਘੱਟ ਸਮਰਥਨ ਮੁੱਲ ਤੇ ਕਰਨ ਨੂੰ ਯਕੀਨੀ ਬਣਾਏਗੀ।



ਉਨ੍ਹਾਂ ਦੱਸਿਆ ਕਿ ਕਿਸਾਨਾਂ ਅਤੇ ਖੇਤੀਬਾੜੀ ਅਧਿਕਾਰੀਆਂ ਵਿਚ ਤਾਲਮੇਲ ਵਧਾਉਣ ਲਈ ਪਿੰਡਾਂ ਦੇ ਅਗਾਂਹਵਧੂ ਨੌਜਵਾਨ ਬਤੌਰ ਕਿਸਾਨ ਮਿੱਤਰ ਨਿਯੁਕਤ ਕੀਤੇ ਗਏ ਹਨ ਜੋ ਮੱਕੀ ਕਾਸ਼ਤਕਾਰਾਂ ਅਤੇ ਖੇਤੀ ਅਧਿਕਾਰੀਆਂ ਵਿਚਕਾਰ ਇੱਕ ਕੜੀ ਦਾ ਕੰਮ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਦੇਸ਼ ਵਿਚ ਇਥਾਨੋਲ ? ਦੀ ਮੰਗ ਦਿਨੋਂ ਦਿਨ ਵਧ ਰਹੀ ਹੈ ਅਤੇ ਏਥਾਨੋਲ ? ਮੱਕੀ ਜਾਂ ਚੌਲਾਂ ਦੇ ਟੋਟੇ ਤੋਂ ਹੀ ਬਣਾਇਆ ਜਾਂਦਾ ਹੈ

# ਇਸ ਪਿੰਡ ਵਿਚ ਰਹਿਣ ਲਈ ਮੇਅਰ ਦੇ ਰਿਹਾ ਹੈ 1.43 ਲੱਖ



ਜੀ ਹਾਂ, ਅੱਜ ਇਸ ਦੁਨੀਆਂ ਵਿਚ ਲੋਕ ਰਹਿਣ ਦੇ ਲਈ ਛੋਟੀਆਂ-ਛੋਟੀਆਂ ਥਾਵਾਂ ਲੱਭ ਰਹੇ ਹਨ। ਇੰਨਾ ਹੀ ਨਹੀਂ ਉਸਦੇ ਲਈ ਚੰਗੀ ਕੀਮਤ ਵੀ ਅਦਾ ਕਰਦੇ ਹਨ। ਅਜਿਹੇ ਵਿਚ ਇਟਲੀ ਦਾ ਬੋਰਮਿੰਡਾ ਪਿੰਡ ਕਾਫੀ ਹੈਰਾਨ ਕਰਨ ਵਾਲਾ ਹੈ। ਇੱਥੋਂ ਦੇ ਮੇਅਰ ਡੇਨੀਅਲ ਗੈਲੀਯਾਨੋ ਲੋਕਾਂ ਨੂੰ ਇਸ ਪਿੰਡ ਵਿਚ ਰਹਿਣ ਲਈ ਆਕਰਸ਼ਿਤ ਕਰਨ ਦੇ ਲਈ ਖਾਸ ਪਲਾਨ ਤਿਆਰ ਕਰ ਰਹੇ ਹਨ। ਹਾਲਾਂਕਿ ਹੁਣ ਤੱਕ ਇਸਦੇ ਮਿਊਂਸਪਲ ਕੌਂਸਲ ਦੁਆਰਾ ਪਾਸ ਕੀਤੇ ਜਾਣ ਦਾ ਇੰਤਜ਼ਾਰ ਹੈ। ਉਹਨਾਂ ਨੇ ਇਸਨੂੰ ਫੇਸਬੁੱਕ 'ਤੇ ਵੀ ਸ਼ੇਅਰ ਕੀਤਾ ਹੈ। ਉਹਨਾਂ ਦੇ ਪ੍ਰਸਤਾਵ ਵਿਚ ਇਸ ਪਿੰਡ ਵਿਚ ਰਹਿਣ ਵਾਲੇ ਨੂੰ 1700 ਪੌਂਡ ਯਾਨਿ ਕਰੀਬ 1 ਲੱਖ 43 ਹਜ਼ਾਰ ਰੁਪਏ ਦਿੱਤੇ ਜਾਣਗੇ।

ਇੱਥੇ ਰਹਿਣ ਵਾਲੇ ਲੋਕਾਂਨੂੰ ਸਿਰਫ 40 ਪੌਂਡ ਯਾਨਿ ਕਰੀਬ 3400 ਰੁਪਏ ਹਰ ਮਹੀਨੇ ਕਿਰਾਏ ਵਜੋਂ ਦੇਣੇ ਹੋਣਗੇ। ਇਸ ਅਨੋਖੇ ਪਲਾਨ ਨੂੰ ਤਿਆਰ ਕਰਨ ਦੇ ਪਿੱਛੇ ਮੇਅਰ ਡੈਨੀਅਲ ਗੈਲੀਯਾਨੋ ਦਾ ਮਕਸਦ ਇਸ ਪਿੰਡ ਨੂੰ ਜਿਉਂਦਾ ਰੱਖਣਾ ਹੈ। ਪਹਾੜ ਲਿੰਗੂਰੀਆ ਖੇਤਰ ਵਿਚ ਸਥਿਤ ਇਸ ਪਿੰਡ ਵਿਚ ਕਰੀਬ 394 ਲੋਕ ਹੀ ਰਹਿ ਰਹੇ ਹਨ। ਪਹਾੜੀ ਤੇ ਵੱਸੇ ਇਸ ਪਿੰਡ ਬੋਰਮਿੰਡਾ ਵਿਚ ਕੋਈ ਸੈਰ ਸਪਾਟਾ ਸਥਾਨ ਵੀ ਨਹੀਂ ਹੈ। ਉਥੇ ਹੀ ਡੈਨੀਅਲ ਗੈਲੀਯਾਨੋ ਦੇ ਫੇਸਬੁੱਕ ਪੋਸਟ 'ਤੇ ਲੋਕਾਂ ਦੇ ਕਮੈਂਟ ਆ ਰਹੇ ਹਨ। ਲੋਕ ਉਥੇ ਕਈ ਵਾਈ-ਵਾਈ ਵਰਗੀਆਂ ਸਹੂਲਤਾਂ ਦੇ ਬਾਰੇ ਅਤੇ ਜ਼ਰੂਰੀ ਚੀਜ਼ਾਂ ਦੇ ਬਾਰੇ ਪੁੱਛ ਰਹੇ ਹਨ। ਜੇਕਰ ਇਹ ਸਭ ਚੀਜ਼ਾਂ ਹੋਣਗੀਆਂ ਤਾਂ ਉਹ ਜਾਣ

# ਕੁਦਰਤ ਪ੍ਰੇਮੀਆਂ ਲਈ ਆਨੰਦਦਾਇਕ ਜੰਗਲ ਸਫ਼ਾਰੀ

ਸਰਿਸਕਾ ਨੈਸ਼ਨਲ ਪਾਰਕ ਰਾਜਸਥਾਨ ਦੇ ਅਲਵਰ ਸ਼ਹਿਰ ਤੋਂ 35 ਕਿਲੋਮੀਟਰ ਦੀ ਦੂਰੀ 'ਤੇ 866 ਵਰਗ ਕਿਲੋਮੀਟਰ ਵਿੱਚ ਫੈਲਿਆ ਮਾਰੂਥਲੀ ਜੰਗਲ ਹੈ। ਜੰਗਲ ਦੇ ਗੇਟ 'ਤੇ ਦਫ਼ਤਰ ਬਣਿਆ ਹੋਇਆ ਹੈ। ਇਸ ਜੰਗਲ ਵਿੱਚ ਘੁੰਮਣ ਲਈ ਤਿੰਨ ਜ਼ੋਨ ਬਣੇ ਹੋਏ ਹਨ। ਸੈਲਾਨੀਆਂ ਨੂੰ ਜ਼ੋਨ ਮੁਤਾਬਿਕ ਆਪਣੀ ਟਿਕਟ ਔਨਲਾਈਨ ਜਾਂ ਮੌਕੇ 'ਤੇ ਜਾ ਕੇ ਬੁੱਕ ਕਰਵਾਉਣੀ ਪੈਂਦੀ ਹੈ। ਜੰਗਲ ਅੰਦਰ ਘੁੰਮਣ ਲਈ ਜਿਪਸੀਆਂ ਅਤੇ ਕੈਂਟਰ ਇਸ ਦਫ਼ਤਰ ਅੱਗੇ ਖੜ੍ਹੇ ਮਿਲ ਜਾਂਦੇ ਹਨ। ਜਿਪਸੀ ਤੇ ਕੈਂਟਰ ਸਰਕਾਰ ਵੱਲੋਂ ਤੈਅ ਕਿਰਾਏ 'ਤੇ ਹੀ ਮਿਲਦੇ ਹਨ। ਸੋ ਕਿਰਾਇਆ ਘੱਟ ਵੱਧ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਹਰ ਜਿਪਸੀ ਨਾਲ ਇੱਕ ਗਾਈਡ ਜਾਂਦਾ ਹੈ ਜੋ ਸਾਰੇ ਰਾਹ ਜੰਗਲ ਅਤੇ ਜੰਗਲੀ ਜੀਵਨ ਬਾਰੇ ਜਾਣਕਾਰੀ ਦਿੰਦਾ ਜਾਂਦਾ ਹੈ। ਗਾਈਡ ਦੀ ਫੀਸ ਵੀ ਦਫ਼ਤਰ ਦੇ ਕੈਸ਼ ਕਾਊਂਟਰ 'ਤੇ ਪਹਿਲਾਂ ਜਮ੍ਹਾਂ ਕਰਵਾ ਲਈ ਜਾਂਦੀ ਹੈ। ਦਫ਼ਤਰ ਸਾਹਮਣੇ ਸੜਕ ਦੇ ਪਾਰ ਸਰਿਸਕਾ ਮਹਿਲ ਬਣਿਆ ਹੋਇਆ ਹੈ ਜਿਸ ਨੂੰ ਹੋਟਲ ਵਿੱਚ ਬਦਲ ਦਿੱਤਾ ਗਿਆ ਹੈ। ਇਸ ਦੇ ਨੇੜੇ ਹੀ ਇੱਕ ਹੋਰ ਸਰਕਾਰੀ ਹੋਟਲ ਟਾਈਗਰ ਡੈੱਨ ਬਣਿਆ ਹੋਇਆ ਹੈ।

ਇਹ ਮਾਰੂਥਲੀ ਜੰਗਲ ਵਿੱਚ ਵਿੱਚ ਸੰਘਣੇ ਹਰਿਆਲੀ ਭਰਪੂਰ ਦਰੱਖਤਾਂ ਨਾਲ ਵੀ ਘਿਰਿਆ ਹੋਇਆ ਹੈ। ਕਿਤੇ ਕਿਤੇ ਪਹਾੜੀ ਉਚਾਈ ਅਤੇ ਢਲਾਣ ਵੀ ਆ ਜਾਂਦੀ ਹੈ। ਰਾਹ ਵਿੱਚ ਛੋਟੀਆਂ ਝੀਲਾਂ ਜਾਂ ਛੱਪੜੀਆਂ ਵੀ ਹਨ ਜਿੱਥੇ ਜਾਨਵਰ ਪਾਣੀ ਪੀਂਦੇ ਅਤੇ ਪੰਛੀ ਛੋਟਾ-ਮੋਟਾ ਸ਼ਿਕਾਰ ਕਰਦੇ ਵੇਖੇ ਜਾ ਸਕਦੇ ਹਨ। ਜੰਗਲ ਵਿੱਚ ਆਮ ਦਿਖਣ ਵਾਲੇ ਜਾਨਵਰ ਦੋ ਤਰ੍ਹਾਂ ਦੇ ਹਿਰਨ - ਚੀਤਲ ਤੇ ਸਾਂਬਰ, ਨੀਲ ਗਾਂ ਤੇ ਜੰਗਲੀ ਸ਼ੂਕਰ ਹਨ। ਇਸ ਜੰਗਲ ਵਿੱਚ ਮੋਰਾਂ ਦੀ ਕਾਫ਼ੀ ਤਾਦਾਦ ਹੈ। ਹਰ ਉਮਰ ਵਰਗ ਦੇ ਮੋਰ ਇਸ ਜੰਗਲ ਵਿੱਚ ਵੇਖਣ ਨੂੰ ਮਿਲਦੇ ਹਨ। ਇਹੀ ਹਾਲ ਜੰਗਲੀ ਸੂਰਾਂ ਦਾ ਹੈ। ਇੱਥੇ ਜੰਗਲੀ ਸੂਰਾਂ ਦੇ ਝੁੰਡ ਵੇਖਣ ਨੂੰ ਮਿਲਦੇ ਹਨ।

ਜੰਗਲ ਵਿੱਚ ਦਾਖਲੇ ਦਾ ਸਮਾਂ ਸੂਰਜ ਉੱਗਣ ਤੇ ਸੂਰਜ ਛਿਪਣ ਅਨੁਸਾਰ ਬਦਲਦਾ ਰਹਿੰਦਾ ਹੈ। ਦਿਨ ਵਿੱਚ ਦੋ ਵਾਰ ਸਫ਼ਾਰੀ ਕੀਤੀ ਜਾ ਸਕਦੀ ਹੈ। ਪਹਿਲੀ ਸਵੇਰੇ ਦਿਨ ਚੜ੍ਹਨ ਤੋਂ ਲੈ ਕੇ ਅਗਲੇ ਤਿੰਨ ਘੰਟਿਆਂ ਤਕ ਅਤੇ ਦੂਜੀ ਸ਼ਾਮ ਨੂੰ ਦਿਨ ਢਲਣ ਤੋਂ ਤਿੰਨ ਘੰਟੇ ਪਹਿਲਾਂ। ਸੈਲਾਨੀਆਂ ਦੇ ਜੰਗਲ ਦੇ ਧੁਰ ਅੰਦਰ ਜਾਣ 'ਤੇ ਪਾਬੰਦੀ ਹੈ ਤਾਂ ਜੋ ਜੰਗਲੀ ਜਾਨਵਰਾਂ ਦੇ ਕੁਦਰਤੀ ਆਵਾਸ ਵਿੱਚ ਕੋਈ ਰੁਕਾਵਟ ਨਾ ਹੋਵੇ।

ਅਸੀਂ ਸਵੇਰ ਸਮੇਂ ਸਫ਼ਾਰੀ ਲਈ ਸਾਢੇ ਛੇ ਵਜੇ ਲੋਕਾਂ ਕੋਲੋਂ ਰਾਹ ਪੁੱਛਦੇ ਹੋਏ ਇਸ ਪਾਰਕ ਦੇ ਦਫ਼ਤਰ ਜਾ ਪਹੁੰਚੇ। ਰਸਤੇ ਵਿੱਚ ਬਹੁਤ ਸਾਰੇ ਬੱਚਿਆਂ ਤੇ ਨੌਜਵਾਨਾਂ ਨੂੰ ਮੂੰਹ ਹਨੇਰੇ ਹੀ ਸੜਕ 'ਤੇ ਕਈ ਥਾਂਈ ਦੌੜ ਲਗਾਉਂਦੇ ਤੇ ਕਸਰਤ ਕਰਦਿਆਂ ਵੇਖ ਕੇ ਥੋੜ੍ਹੀ ਹੈਰਾਨੀ ਹੋਈ।

ਅਸੀਂ ਦਫ਼ਤਰ ਜਾ ਕੇ ਲੋੜੀਂਦੀ ਕਾਰਵਾਈ ਕਰ ਕੇ ਇੰਤਜ਼ਾਰ ਕਰਨ ਲੱਗੇ। ਸੱਤ ਵਜੇ ਸਾਡਾ ਗਾਈਡ ਸਾਨੂੰ ਬੁਲਾ ਕੇ ਲੈ ਗਿਆ। ਜੰਗਲ ਦੇ ਗੇਟ 'ਤੇ ਕਾਗਜ਼ ਪੱਤਰ ਚੈੱਕ ਕਰਵਾ ਕੇ ਤਿੰਨ ਚਾਰ ਜਿਪਸੀਆਂ ਇਕੱਠੀਆਂ ਅੱਗੇ ਲੰਘ ਗਈਆਂ ਤੇ ਵੱਖ ਵੱਖ ਰੂਟਾਂ 'ਤੇ ਚਲੀਆਂ ਗਈਆਂ। ਜਿਪਸੀ ਖੁੱਲ੍ਹੀ ਹੋਣ ਕਾਰਨ ਸਵੇਰ ਸਮੇਂ ਹਵਾ ਲੱਗਣ ਨਾਲ ਠੰਢ ਬਹੁਤ ਲੱਗ ਰਹੀ ਸੀ। ਜਿਪਸੀ ਉੱਭੜ-ਖਾਭੜ ਰਸਤਿਆਂ ਵਿਚਦੀ ਹੁੰਦੇ ਹੋਏ ਉਤਰਾਈਆਂ ਤੇ ਚੜ੍ਹਾਈਆਂ ਲੰਘਣ ਲੱਗੀ। ਕੁਝ ਸਮੇਂ ਬਾਅਦ ਗਾਈਡ ਨੇ ਸਾਨੂੰ ਰਾਹ ਵਿੱਚ ਬਾਘ ਦੇ ਪੈਰਾਂ ਦੇ ਨਿਸ਼ਾਨ ਵਿਖਾਏ। ਜਿਉਂ-ਜਿਉਂ ਅਸੀਂ ਰਸਤੇ ਵਿੱਚ ਅੱਗੇ ਵਧਦੇ ਗਏ, ਪੈਰਾਂ ਦੇ ਨਿਸ਼ਾਨ ਵੀ ਉਸੇ ਪਾਸੇ ਵਧਦੇ ਗਏ। ਥੋੜ੍ਹਾ ਅੱਗੇ ਰਸਤੇ ਤੋਂ ਜ਼ਰਾ ਇੱਕ ਪਾਸੇ 20 ਕੁ ਫੁੱਟ ਹਟਵੇਂ ਦਰੱਖਤ 'ਤੇ ਲਮਕਦੇ ਹੋਏ ਇੱਕ ਹਿਰਨ ਦੀ ਸ਼ਕਲ ਨਜ਼ਰ ਆਈ। ਗਾਈਡ ਨੇ ਦੱਸਿਆ ਕਿ ਰਾਤ ਸਮੇਂ ਕਿਸੇ ਚੀਤੇ ਨੇ ਇਸ ਦਾ ਸ਼ਿਕਾਰ ਕਰ ਲਿਆ ਹੋਵੇਗਾ ਅਤੇ ਅੱਧਾ-ਪਚੱਧਾ ਖਾ ਕੇ ਚਲਿਆ ਗਿਆ ਹੋਵੇਗਾ।



ਸਭ ਦੀਆਂ ਅੱਖਾਂ ਉਸ ਚੀਤੇ ਨੂੰ ਨੇੜੇ-ਤੇੜੇ ਕਿਸੇ ਦਰੱਖਤ 'ਤੇ ਲੱਭਣ ਲੱਗੀਆਂ। ਥੋੜ੍ਹਾ ਚਿਰ ਰੁਕ ਕੇ ਅਸੀਂ ਅੱਗੇ ਚੱਲ ਪਏ। ਜੰਗਲ ਅੰਦਰ ਅੱਗੇ ਵਧਦਿਆਂ ਜਾਨਵਰਾਂ ਅਤੇ ਪੰਛੀਆਂ ਦੀ ਗਿਣਤੀ ਵੀ ਵਧਦੀ ਗਈ। ਇੱਕ ਜਗ੍ਹਾ ਪੱਕੀ ਮਚਾਨ ਅਤੇ ਉਸ ਦੇ ਸਾਹਮਣੇ ਜਾਨਵਰਾਂ ਨੂੰ ਸ਼ਿਕਾਰ ਲਈ ਖਿੱਚਣ ਵਾਸਤੇ ਪੱਕੀਆਂ ਇੱਟਾਂ ਨਾਲ ਬਣਾਈ ਛੱਪੜੀ ਵੀ ਨਜ਼ਰ ਆਈ। ਗਾਈਡ ਨੇ ਦੱਸਿਆ ਕਿ ਅੰਗਰੇਜ਼ ਇਸ ਨੂੰ ਸ਼ਿਕਾਰ ਲਈ ਵਰਤਦੇ ਸਨ ਅਤੇ ਜੰਗਲ ਵਿੱਚ ਅਜਿਹੀਆਂ ਹੋਰ ਵੀ ਮਚਾਨਾਂ ਹਨ। ਅੱਗੇ ਇੱਕ ਵੱਡੇ ਤਲਾਬ ਕੋਲ ਬਹੁਤ ਸਾਰੇ ਮਗਰਮੱਛ ਧੁੱਪ ਸੇਕ ਰਹੇ ਸਨ। ਇੱਕ ਗਾਂ ਵੀ ਵੇਖੀ ਜਿਸ ਨੂੰ ਇੱਕ ਬਾਘਣ ਨੇ ਰਾਤ ਨੂੰ ਮਾਰ ਮੁਕਾਇਆ ਸੀ। ਉਸ ਦਾ ਬਚਿਆ ਮਾਸ ਹੁਣ ਸਿਆਰ ਅਤੇ ਲੱਕੜਬੱਘੇ ਖਾ ਰਹੇ ਸਨ। ਪਾਰਕ ਦੇ ਅਧਿਕਾਰੀਆਂ ਨੇ ਉਸ ਸ਼ਿਕਾਰ ਕੋਲ ਕੈਮਰਾ ਲਗਾ ਦਿੱਤਾ ਸੀ ਤਾਂ ਜੋ ਪਤਾ ਲੱਗ ਸਕੇ ਕਿ ਇੱਥੇ ਕਿਹੜਾ ਕਿਹੜਾ ਜਾਨਵਰ ਮੌਜੂਦ ਹੈ।

ਜੰਗਲ ਅੰਦਰ ਚੌਦਾਂ ਬਾਘ ਹਨ ਅਤੇ ਹਰ ਬਾਘ ਦੀ ਗਤੀਵਿਧੀ ਟਰੈਕ ਕਰਨ ਲਈ ਉਸ ਦੇ ਰੇਡੀਓ ਕਾਲਰ ਲਗਾਇਆ ਗਿਆ ਹੈ। ਕੁਝ ਸਾਲ ਪਹਿਲਾਂ ਸ਼ਿਕਾਰੀਆਂ ਨੇ ਆਪਣੇ ਨਿੱਜੀ ਫ਼ਾਇਦੇ ਲਈ ਨਾਜਾਇਜ਼ ਤਰੀਕੇ ਨਾਲ ਇੱਥੋਂ ਦੇ ਸਾਰੇ ਬਾਘ ਮਾਰ ਦਿੱਤੇ ਸਨ। ਫਿਰ ਸਰਕਾਰ ਅਤੇ ਬਾਘ ਬਚਾਓ ਸੰਗਠਨਾਂ ਨੇ ਰਣਥੰਬੋਰ (ਸਵਾਏ ਮਾਧੋਪੁਰ) ਤੋਂ ਬਾਘ ਲਿਆ ਕੇ ਇੱਥੇ ਦੁਬਾਰਾ ਵਸਾਏ ਸਨ। ਹਵਾਈ ਸੈਨਾ ਦੀ ਮਦਦ ਨਾਲ ਤਿੰਨ ਬਾਘਣਾਂ ਤੇ ਦੋ ਬਾਘ ਇੱਥੇ ਲਿਆਂਦੇ ਗਏ ਸਨ ਜਿਨ੍ਹਾਂ ਵਿੱਚੋਂ ਇੱਕ ਬਾਘ ਨੂੰ ਕਿਸੇ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ।

ਸਰਕਾਰ ਨੇ ਜੰਗਲ ਅੰਦਰ ਵਸੇ ਪਿੰਡਾਂ ਨੂੰ ਵੀ ਮੁਆਵਜ਼ਾ ਦੇ ਕੇ ਖਾਲੀ ਕਰਵਾ ਲਿਆ ਹੈ, ਪਰ ਹਾਲੇ ਵੀ ਜੰਗਲ ਵਿੱਚ ਦੋ ਪਿੰਡ ਵਸਦੇ ਹਨ। ਅਸੀਂ ਉਨ੍ਹਾਂ ਦੋ ਪਿੰਡਾਂ ਦੇ ਬੱਚੇ ਪੈਦਲ ਅਤੇ ਸਾਈਕਲਾਂ 'ਤੇ ਆਪਣੇ ਸਕੂਲ ਜਾਂਦੇ ਵੇਖੇ। ਗਾਈਡ ਦੇ ਦੱਸਣ ਮੁਤਾਬਿਕ ਅੱਜ ਤਕ ਕਿਸੇ ਬਾਘ ਨੇ ਕਦੇ ਵੀ ਕਿਸੇ ਇਨਸਾਨ 'ਤੇ ਹਮਲਾ ਨਹੀਂ ਕੀਤਾ। ਉਂਜ, ਅਤੀਤ ਵਿੱਚ ਹਮਲਾ ਨਹੀਂ ਕੀਤਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਭਵਿੱਖ ਵਿੱਚ ਵੀ ਕਦੇ ਨਹੀਂ ਹੋਵੇਗਾ।

ਇਸ ਤੋਂ ਬਾਅਦ ਸਮੇਂ ਦੀ ਕਮੀ ਕਾਰਨ ਅਸੀਂ ਸ਼ਾਮ ਦੀ ਸਫ਼ਾਰੀ ਛੱਡ ਕੇ ਸਰਿਸਕਾ ਤੋਂ ਅਲਵਰ ਸੜਕ ਨੇੜੇ ਪੈਂਦੀ ਸਿਲੀਸੇਰ ਝੀਲ ਵੇਖਣ ਚਲੇ ਗਏ। ਪਹਾੜਾਂ ਵਿੱਚ ਫੈਲੀ ਇਹ ਵਿਸ਼ਾਲ ਝੀਲ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ। ਸੱਤ ਵਰਗ ਕਿਲੋਮੀਟਰ ਵਿੱਚ ਫੈਲੀ ਇਹ ਝੀਲ ਰਾਜਾ ਵਿਨੈ ਸਿੰਘ ਨੇ 1845 ਵਿੱਚ ਬਣਵਾਈ ਸੀ, ਪਰ ਝੀਲ ਨੂੰ ਜਾਣ ਵਾਲਾ ਰਸਤਾ ਬਹੁਤ ਮਾੜਾ ਅਤੇ ਸਾਫ਼-ਸਫ਼ਾਈ ਵਿਹੂਣਾ ਹੈ। ਝੀਲ ਦੇ ਕੰਢੇ ਬਣੇ ਮਹਿਲ ਦੇ ਵਿਹੜੇ ਵਿੱਚ ਬੈਠ ਕੇ ਇਸ ਨੂੰ ਤੱਕਣ ਤੇ ਚਾਹ, ਕੌਫ਼ੀ ਪੀਣ ਦਾ ਆਪਣਾ ਹੀ ਨਜ਼ਾਰਾ ਹੈ।

ਝੀਲ ਵਿੱਚ ਬੋਟਿੰਗ ਦਾ ਵੀ ਪ੍ਰਬੰਧ ਹੈ, ਪਰ ਇਸ ਦੇ ਕੰਢੇ ਵਸੇ ਪਿੰਡਾਂ ਦਾ ਗੰਦਾ ਪਾਣੀ ਇਸ ਨੂੰ ਦੂਸ਼ਿਤ ਕਰ ਰਿਹਾ ਹੈ। ਇਸ ਦੇ ਕਿਨਾਰੇ ਬਣੇ ਮਹਿਲ ਨੂੰ ਸੈਰ ਸਪਾਟਾ ਵਿਭਾਗ ਵੱਲੋਂ ਹੋਟਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਮਹਿਲ ਨੇੜੇ ਖਿਲਰਿਆ ਕੂੜਾ, ਪਲਾਸਟਿਕ ਆਦਿ ਇਸ ਦੀ ਖ਼ੂਬਸੂਰਤੀ ਨਾਲ ਖਿਲਵਾੜ ਹੈ।

# ----- ਜ਼ਿੰਦਾ ਹੈ ਲਾਦੇਨ -----

## ਆਧਾਰ ਕਾਰਡ ਬਣਾਉਣ ਲਈ ਰਾਜਸਥਾਨ 'ਚ ਦਿੱਤੀ ਬੇਨਤੀ

ਸੂਚਨਾ ਮਿਲੀ ਹੈ ਰਾਜਸਥਾਨ ਵਿਚ ਭੀਲਵਾੜਾ ਦੇ ਮਾਂਡਲ ਕਸਬੇ ਦਾ ਰਹਿਣ ਵਾਲਾ ਇਕ ਵਿਅਕਤੀ ਜਿਸਦਾ ਨਾਂ ਸੱਦਾਮ ਮੰਸੂਰੀ ਦੱਸਿਆ ਜਾ ਰਿਹਾ ਹੈ, ਇਕ ਕੰਪਿਊਟਰ ਅਪਰੇਟਰ ਹੈ। ਮੰਸੂਰੀ ਆਧਾਰ ਐਨਰੋਲਮੈਂਟ ਸੈਂਟਰ ਚਲਾਉਂਦਾ ਹੈ। ਇਸ ਵਿਅਕਤੀ ਨੇ ਅਲ ਕਾਇਦਾ ਦੇ ਸਾਬਕਾ ਮੁਖੀ ਓਸਾਮਾ ਬਿਨ ਲਾਦੇਨ ਦੇ ਨਾਂ ਤੇ ਆਧਾਰ ਕਾਰਡ ਬਣਾਉਣ ਲਈ ਫਾਰਮ ਭਰ ਦਿੱਤਾ। ਉਸਨੇ ਇਸ ਫਾਰਮ ਵਿਚ ਲਾਦੇਨ ਦੀ ਇਕ ਤਸਵੀਰ ਲਗਾਈ ਅਤੇ ਉਸਦਾ ਐਡਰੈਸ ਵੀ ਐਬਟਾਬਾਦ ਭੀਲਵਾੜਾ ਲਿਖਿਆ। ਹਾਲਾਂਕਿ ਜੋ ਤਸਵੀਰ ਉਸਨੇ ਅਪਲੋਡ ਕੀਤੀ, ਉਹ ਬਲਰ ਹੈ। ਇਯ ਫਾਰਮ ਵਿਚ ਪਛਾਣ ਦੇ ਲਈ ਪੇਸ਼ ਕੀਤੇ ਜਾਣ ਵਾਲਾ ਥੰਮ ਇੰਪ੍ਰੈਸ਼ਨ ਅਤੇ ਦੂਜੇ ਪਛਾਣ ਸਰਟੀਫਿਕੇਟ ਨਹੀਂ ਦਿੱਤੇ ਗਏ ਹਨ।




ਜਦੋਂ ਇਹ ਫਾਰਮ ਵੈਰੀਫਿਕੇਸ਼ਨ ਦੇ ਲਈ ਸਬੰਧਤ ਅਧਿਕਾਰੀਆਂ ਦੇ ਕੋਲ ਪਹੁੰਚਿਆ ਤਾਂ ਉਸ ਵਿਚ ਕਈ ਕਮੀਆਂ ਪਾਈਆਂ ਗਈਆਂ। ਜਿਸ ਤੇ ਉਹਨਾਂ ਨੇ ਗੜਬੜੀ ਕੀਤੇ ਜਾਣ ਦੀ ਸ਼ੰਕਾ ਵੱਸ ਫਾਰਮ ਦੀ ਜਾਂਚ ਕੀਤੀ ਅਤੇ ਹੁਣ ਸਾਰਾ ਕਿੱਸਾ ਸਾਹਮਣੇ ਆਇਆ। ਅਧਿਕਾਰੀਆਂ ਨੇ ਤੁਰੰਤ ਜਾਂਚ ਅਧਿਕਾਰੀਆਂ ਨੂੰ ਇਸਦੀ ਸੂਚਨਾ ਦਿੱਤੀ। ਜਾਣਕਾਰੀ ਮਿਲਣ 'ਤੇ ਫੌਰਨ ਕਾਰਵਾਈ ਕਰਦੇ ਹੋਏ ਪੁਲਿਸ ਨੇ ਮੰਸੂਰੀ ਨੂੰ ਕਬਜੇ ਵਿਚ ਲਿਆ। ਉਸ ਤੋਂ ਪੁੱਛਗਿੱਛ ਕੀਤੀ ਗਈ।

ਫਿਲਹਾਲ ਮੰਡਲ ਪੁਲਿਸ ਨੇ ਆਈ. ਐਸ. ਟੀ. ਐਕਟ ਦੇ ਤਹਿਤ ਮੰਸੂਰੀ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੁਲਿਸ ਆਈ. ਟੀ. ਵਿਭਾਗ ਦੇ ਦਸਤਾਵੇਜ਼ ਸਾਂਝੇ ਕਰਨ ਦਾ ਇੰਤਜ਼ਾਰ ਕਰ ਰਹੀ ਹੈ ਤਾਂ ਜੋ ਮਾਮਲੇ ਦੀ ਜਾਂਚ ਆਰੰਭ ਕੀਤੀ ਜਾ ਸਕੇ। ਇਸੇ ਵਿਚਕਾਰ ਮੰਸੂਰੀ ਨੇ ਕਿਹਾ ਕਿ ਉਹ ਨਿਰਦੋਸ਼ ਹੈ। ਉਥੇ ਹੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਯੂਅਰ ਆਈ. ਡੀ. ਮੰਸੂਰੀ ਦੀ ਸੀ ਅਤੇ ਬੇਨਤੀ ਕੇਵਲ ਉਸਦੀ ਨਿਗਰਾਨੀ ਵਿਚ ਅਪਲੋਡ ਕੀਤੀ ਜਾ ਸਕਦੀ ਸੀ ਤਾਂ ਉਹ ਨਿਰਦੋਸ਼ ਕਿਵੇਂ ਹੋਇਆ।

# ਜਾਨ ਤੇ ਖੇਡ ਕੇ ਮਗਰਮੱਛ ਨੂੰ ਬਚਾਅ ਲਿਆਏ ਬੱਚੇ



ਖਤਰਨਾਕ ਮਗਰਮੱਛ ਕਰਨਾਟਕ ਦੇ ਕੋਰਥੀ ਪਿੰਡ ਦੇ ਹਨ, ਜਿੱਥੇ ਮਗਰਮੱਛ ਖੁਦ ਮੁਸੀਬਤ ਵਿਚ ਵੀ ਫਸ ਜਾਂਦੇ ਹਨ। ਪਰ ਕੁਝ ਲੋਕਾਂ ਨੇ ਮਗਰਮੱਛ ਦੀ ਮਦਦ ਕੀਤੀ ਅਤੇ ਉਸਨੂੰ ਬਚਾਇਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਉਹ ਲੋਕ ਬਿਨਾਂ ਡਰੇ ਮਗਰਮੱਛ ਨੂੰ ਮੁਸੀਬਤ ਤੋਂ ਕੱਢ ਕੇ ਲੈ ਆਏ। ਘਟਨਾ ਦੀ ਵੀਡੀਓ ਵੀ ਸਾਹਮਣੇ ਆਈ ਹੈ। ਵੀਡੀਓ ਦੇਖ ਕੇ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਮਗਰਮੱਛ ਦੀ ਜਾਨ ਬਚਾਉਣ ਲਈ ਕਿਸ ਤਰ੍ਹਾਂ ਬੱਚੇ ਦਲਦਲ ਵਿਚ ਵੜ ਗਏ। ਕੁਝ ਲੋਕ ਹੱਥਾਂ ਅਤੇ ਕੋਹਣੀ ਦੇ ਸਹਾਰੇ ਚੱਲ ਕੇ ਚਿੱਕੜ ਵਿਚ ਮਗਰਮੱਛ ਦੇ ਕੋਲ ਗਏ। ਉਹ ਚਿੱਕੜ ਵਿਚ ਫਸੇ ਮਗਰਮੱਛ ਨੂੰ ਦੇਖ ਕੇ ਨੇੜੇ ਪਹੁੰਚ ਗਏ। ਉਹਨਾਂ ਵਿਚੋਂ ਇਕ ਵਿਅਕਤੀ ਨੇ ਦੇਖਿਆ ਕਿ ਮਗਰਮੱਛ ਜਿੰਦਾ ਹੈ ਜਾਂ ਨਹੀਂ,ਉਸਦੇ ਮੂੰਹ ਵਿਚ ਹੱਥ ਪਾਇਆ।

ਇਸ ਤੋਂ ਬਾਅਦ ਉਹ ਲੋਕ ਮਗਰਮੱਛ ਨੂੰ ਦਲਦਲ ਤੋਂ ਬਚਾਉਣ ਲਈ ਲੱਕੜੀ ਨਾਲ ਉਸਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਬਾਅਦ ਇਕ ਵਿਅਕਤੀ ਉਸਨੂੰ ਪੂੰਛ ਤੋਂ ਖਿੱਚ ਕੇ ਬਾਹਰ ਲਿਆਉਂਦਾ ਹੈ।

# ਚੇਤੰਨ ਸ਼ਖ਼ਸ

ਉਹ ਜਦੋਂ ਵੀ ਮੇਰੀ ਦੁਕਾਨ 'ਤੇ ਮੈਨੂੰ ਮਿਲਣ ਆਉਂਦਾ ਤਾਂ ਹਰ ਵਾਰ ਆਪਣੀ ਚੇਤੰਨ ਸ਼ਖ਼ਸੀਅਤ ਦਾ ਪ੍ਰਭਾਵ ਛੱਡ ਜਾਂਦਾ। ਮੈਨੂੰ ਉਸ ਦੀਆਂ ਨਿੱਤ ਨਵੀਆਂ, ਪਰ ਸਿਆਣੀਆਂ ਗੱਲਾਂ ਸੁਣਨ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ। ਉਸ ਦੀਆਂ ਉਸਾਰੂ ਅਤੇ ਤਰਕਸ਼ੀਲ ਗੱਲਾਂਬਾਤਾਂ ਸਦਕਾ ਹੀ ਮੈਂ ਉਸ ਨੂੰ ਸਮਾਜ ਦੇ ਕੁਝ ਗਿਣੇ-ਚੁਣੇ ਸਿਆਣੇ ਲੋਕਾਂ ਵਿੱਚ ਸ਼ੁਮਾਰ ਕਰਦਾ ਸੀ। ਦਰਅਸਲ, ਮੈਂ ਜਦੋਂ ਕਦੇ ਵੀ ਕਿਸੇ ਪ੍ਰੇਸ਼ਾਨੀ ਜਾਂ ਉਲਝਣ ਵਿੱਚ ਫਸਦਾ ਤਾਂ ਉਹ ਝੱਟ ਮੈਨੂੰ ਉਸ ਉਲਝਣ ਦੇ ਹੱਲ ਦੀ ਬੜੀ ਹੀ ਸਰਲ, ਪਰ ਕਾਰਗਰ ਵਿਉਂਤ ਦੱਸ ਦਿੰਦਾ। ਹਰ ਧਰਮ ਬਾਰੇ ਉਸ ਨੂੰ ਡੂੰਘਾ ਗਿਆਨ ਸੀ। ਇਸੇ ਕਰਕੇ ਮੈਂ ਬੜੀ ਵਾਰ ਸੋਚਿਆ ਸੀ ਕਿ ਉਸ ਜਿਹੇ ਵਿਚਾਰ ਸਭ ਦੇ ਹੋ ਜਾਣ ਤਾਂ ਦਿਨਾਂ ਵਿੱਚ ਹੀ ਸਭ ਝਗੜੇ ਖ਼ਤਮ ਹੋ ਜਾਣਗੇ ਅਤੇ ਸਮਾਜ ਵਿੱਚ ਫੈਲਿਆ ਅੰਧ-ਵਿਸ਼ਵਾਸ ਅਤੇ ਵੈਰ ਵਿਰੋਧ ਸਭ ਕੁਝ ਖ਼ਤਮ ਹੋ ਜਾਵੇਗਾ।

ਉਹ ਕਈ ਸਾਲਾਂ ਤੋਂ ਦੂਜੇ ਚੌਥੇ ਦਿਨ ਮੈਨੂੰ ਮਿਲਣ ਆਉਂਦਾ ਰਹਿੰਦਾ। ਇਸ ਵਾਰ ਉਹ ਆਇਆ ਤਾਂ ਮੈਨੂੰ ਆਖਣ ਲੱਗਾ, "ਯਾਰ, ਅੱਜ ਮੈਂ ਤੇਰੇ ਨਾਲ ਗੱਲਾਂ ਕਰਨ ਦੀ ਬਜਾਏ ਕੋਈ ਕੰਮ ਲਈ ਆਇਆ ਹਾਂ।" ਮੈਂ ਕਿਹਾ, "ਦੱਸੋ ਵੀਰ ਜੀ, ਧੰਨ ਭਾਗ ਮੇਰੇ ਜੋ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ।" ਉਸ ਆਖਿਆ, "ਇੱਕ ਸਟੀਲ ਦਾ ਬਹੁਤ ਹੀ ਨਵੇਂ ਡਿਜ਼ਾਈਨ ਤੇ ਸਜਾਵਟ ਵਾਲਾ ਮੇਜ਼ ਬਣਾ ਕੇ ਦਿਉ, ਡਰਾਇੰਗ ਰੂਮ ਵਿੱਚ ਰੱਖਣਾ ਹੈ। ਨਹੀਂ ਤਾਂ ਅਖ਼ਬਾਰਾਂ ਤੇ ਕਿਤਾਬਾਂ ਰੱਖਣ ਦੀ ਬੜੀ ਪ੍ਰੇਸ਼ਾਨੀ ਰਹਿੰਦੀ ਹੈ।" ਮੈਂ ਕਿਹਾ, "ਕੋਈ ਗੱਲ ਨਹੀਂ ਭਾਅ ਜੀ, ਕੱਲ੍ਹ ਸ਼ਾਮ ਤਕ ਤਿਆਰ ਕਰ ਦੇਵਾਂਗੇ। ਤੁਸੀਂ ਪਰਸੋਂ ਨੂੰ ਲੈ ਜਾਣਾ।" ਉਹ ਕਹਿਣ ਲੱਗਾ, "ਪਰਸੋਂ ਨੂੰ ਕੀ ਦਿਨ ਹੈ?" ਮੈਂ ਕਿਹਾ, "ਜੀ ਸ਼ਨਿਚਰਵਾਰ।" ਉਹ ਕਹਿਣ ਲੱਗਾ, "ਸੁਣਿਆ ਹੈ ਲੋਹਾ, ਸਟੀਲ ਸ਼ਨਿਚਰਵਾਰ ਨੂੰ ਘਰ ਲਿਜਾਣਾ ਸ਼ੁਭ ਨਹੀਂ ਹੁੰਦਾ। ਇਸ ਲਈ ਮੈਂ ਐਤਵਾਰ ਨੂੰ ਲੈ ਜਾਵਾਂਗਾ। ਤੁਸੀਂ ਆਰਾਮ ਨਾਲ ਤਿਆਰ ਕਰ ਦੇਣਾ।" ਮੈਂ ਉਸ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਹੱਕਾ-ਬੱਕਾ ਰਹਿ ਗਿਆ।

- ਭੁਪਿੰਦਰ ਸਿੰਘ ਬੋਪਾਰਾਏ

# ਘਰੇਲੂ ਟਿਪਸ



➢ ਸਮੇਂ ਤੋਂ ਪਹਿਲਾਂ ਸਫੈਦ ਵਾਲਾਂ ਵਾਲਾਂ ਦੇ ਇਲਾਜ ਲਈ ਆਵਲਾ ਇਕ ਵਧੀਆ ਉਪਾਅ ਹੈ। ਨਾਰੀਅਲ ਦੇ ਤੇਲ 'ਚ ਸੁੱਕੇ ਨਾਰੀਅਲ ਦੇ ਕੁਝ ਟੁਕੜੇ ਪਾ ਕੇ ਉਬਾਲ ਲਓ। ਫਿਰ ਤੇਲ ਜਦੋਂ ਠੰਡਾ ਹੋ ਜਾਵੇ ਤਾਂ ਇਸ ਆਪਣੇ ਵਾਲਾਂ 'ਚ ਲਗਾਓ ਅਤੇ ਮਾਲਸ਼ ਕਰੋ। ਇਸ ਤੇਲ ਨੂੰ ਹਫਤੇ 'ਚ ਘੱਟੋ-ਘੱਟ ਹਫਤੇ 'ਚ ਦੋ ਵਾਰ ਲਗਾਉਣਾ ਚਾਹੀਦਾ ਹੈ।

➢ ਨਾਰੀਅਲ ਦੇ ਤੇਲ ਦਾ ਦੂਜਾ ਪ੍ਰਯੋਗ ਨਿੰਬੂ ਦੇ ਰਸ ਨਾਲ ਮਿਲਾ ਕੇ ਕੀਤਾ ਜਾਂਦਾ ਹੈ। ਇਨ੍ਹਾਂ ਦੋਹਾਂ ਨੂੰ ਮਿਲਾ ਕੇ ਵਾਲਾਂ 'ਚ ਮਾਲਸ਼ ਕਰਨੀ ਚਾਹੀਦੀ ਹੈ। ਨਾਰੀਅਲ ਤੇਲ ਸਫੈਦ ਵਾਲਾਂ ਦੇ ਵਿਕਾਸ ਨੂੰ ਰੋਕਣ 'ਚ ਮਦਦਗਾਰ ਹੁੰਦਾ ਹੈ।

➢ ਬਦਾਮ ਦਾ ਤੇਲ, ਨਿੰਬੂ ਦਾ ਰਸ ਅਤੇ ਆਵਲੇ ਦੇ ਰਸ ਨੂੰ ਬਰਾਬਰ ਮਾਤਰਾ 'ਚ ਮਿਲਾਓ। ਸਫੈਦ ਵਾਲਾਂ ਦੀ ਸਮੱਸਿਆ ਦੇ ਇਲਾਜ ਕਰਨ ਲਈ ਇਸ ਮਿਸ਼ਰਣ ਨੂੰ ਆਪਣੇ ਵਾਲਾਂ 'ਚ ਲਗਾਓ।

➢ ਪਿਆਜ਼ ਦਾ ਰਸ ਸਮੇਂ ਤੋਂ ਪਹਿਲਾਂ ਵਾਲਾਂ ਨੂੰ ਸਫੈਦ ਹੋਣ, ਵਾਲਾਂ ਦਾ ਝੜਨਾ ਅਤੇ ਗੰਜਾਪਣ ਇਹ ਰੋਕਣ 'ਚ ਮਦਦ ਕਰਦਾ ਹੈ। ਇਕ ਕੱਚ ਦੇ ਭਾਂਡੇ 'ਚ ਨਿੰਬੂ ਅਤੇ ਪਿਆਜ਼ ਦਾ ਰਸ ਮਿਲਾਓ। ਹੁਣ ਇਸ ਦੀ ਆਪਣੇ ਸਿਰ 'ਚ ਹਲਕੇ ਹੱਥਾਂ ਨਾਲ ਮਾਲਸ਼ ਕਰੋ।

➢ ਅੱਧਾ ਚੱਮਚ ਬੇਕਿੰਗ ਸੋਡੇ ਨੂੰ ਟੁਥਪੇਸਟ 'ਚ ਮਿਲਾਓ ਅਤੇ ਹਫਤੇ 'ਚ ਇਕ ਵਾਰ ਇਸ ਨਾਲ ਦੰਦ ਸਾਫ ਕਰੋ। ਬਦਲ ਦੇ ਤੌਰ 'ਤੇ ਤੁਸੀਂ ਪਾਣੀ ਦੀਆਂ ਕੁਝ ਬੂੰਦਾਂ 'ਚ ਅੱਧਾ ਚੱਮਚ ਬੇਕਿੰਗ ਸੋਡਾ ਪਾ ਕੇ ਆਪਣੀਆਂ ਉਂਗਲੀਆਂ ਨਾਲ ਦੰਦਾਂ 'ਤੇ ਮੰਜਨ ਕਰ ਸਕਦੇ ਹੋ।

➢ ਸਰਦੀਆਂ ਆਉਂਦੇ ਹੀ ਲੋਕ ਘਰਾਂ 'ਚ ਰਹਿਣ ਲੱਗਦੇ ਹਨ ਅਤੇ ਖੁਦ ਨੂੰ ਬਚਾਉਣ ਲਈ ਬਹੁਤ ਸਾਰੀਆਂ ਆਦਤਾਂ ਨੂੰ ਭੁੱਲ ਜਾਂਦੇ ਹਨ ਜੋ ਕਿ ਖਤਰਨਾਕ ਹੋ ਸਕਦੀਆਂ ਹਨ।

## ਥਾਈ ਵੈੱਜ਼ੀਟੇਬਲ ਸੂਪ

**ਸਮੱਗਰੀ**
ਥਾਈ ਵੈੱਜ਼ੀਟੇਬਲ ਸੂਪ ਲਈ (5 ਕੱਪ)
1 ਕੱਪ- ਪਿਆਜ਼
2 ਕੱਪ- ਕੱਟੀਆਂ ਹੋਈਆਂ ਗਾਜਰਾਂ
6-ਕਾਲੀਆਂ ਮਿਰਚਾਂ



2- ਹਰੀ ਚਾਹ ਪੱਤੀ
ਸੁਆਦ ਅਨੁਸਾਰ-ਲੂਣ
**ਹੋਰ ਸਮੱਗਰੀ**
2 ਚਮਚ- ਘੱਟ ਫੈਟ ਵਾਲਾ ਮੱਖਣ
1 ਚਮਚ- ਬਰੀਕ ਕੱਟਿਆਂ ਲਸਣ
1 ਚਮਚ-ਬਰੀਕ ਕੱਟੀਆਂ ਹਰੀਆਂ ਮਿਰਚਾਂ
1/4 ਕੱਪ- ਬਰੀਕ ਕੱਟੇ ਹਰੇ ਪਿਆਜ਼
1/2 ਕੱਪ- ਅੱਧੇ ਉਬਲੇ ਹੋਏ ਖੁੰਬ
2 ਚਮਚ- ਬਰੀਕ ਕੱਟਿਆ ਹਰਾ ਧਨੀਆ
1/2 ਕੱਪ-ਬਰੀਕ ਕੱਟੀ ਪਾਲਕ
1/2 ਕੱਪ ਸਲਾਇਸਡ ਅਤੇ ਅੱਧੇ ਉਬਲੇ ਹੋਏ ਬੇਬੀ ਕਾਰਨ
1 ਕੱਪ- ਬੀਨ ਪੁੰਗਰੀ ਹੋਈ
1 ਕੱਪ- ਟੋਫੂ
1 ਚਮਚ- ਵਿਨੇਗਰ
1 ਚਮਚ-ਸੋਇਆ ਸੋਸ
ਸੁਆਦ ਅਨੁਸਾਰ-ਲੂਣ

**ਵਿਧੀ-** ਸਾਰੀਆਂ ਸਮੱਗਰੀਆਂ ਨੂੰ ਪਾਣੀ ਦੇ ਨਾਲ ਗਹਿਰੇ ਨਾਨ-ਸਟਿੱਕ ਪੈਨ 'ਚ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਚੰਗੀ ਤਰ੍ਹਾਂ ਨਾਲ ਉਬਾਲਾ ਦਿਓ। ਛਾਣਨੀ 'ਚ ਛਾਣ ਕੇ ਇਕ ਪਾਸੇ ਰੱਖ ਦਿਓ।

ਹੁਣ ਇਕ ਪੈਨ 'ਚ ਮੱਖਣ ਗਰਮ ਕਰੋ, ਲਸਣ, ਹਰੀ ਮਿਰਚ ਅਤੇ ਹਰੀ ਪਿਆਜ਼ ਪਾ ਕੇ ਘੱਟ ਸੇਕ 'ਤੇ ਭੁੰਨੋਂ ਅਤੇ ਬੱਚੀ ਹੋਈ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਮਿਲਾਓ ਅਤੇ ਘੱਟ ਸੇਕ 'ਤੇ 2-3 ਮਿੰਟ ਤਕ ਪਕਾਓ। ਹੁਣ ਥਾਈ ਵੈੱਜ਼ੀਟੇਬਲ ਸਟਾਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਗਰਮ-ਗਰਮ ਪਰੋਸੋ।

## ਮਟਰ ਕੀਮਾ

**ਸਮੱਗਰੀ**
1 ਕਿਲੋ-ਮਟਨ
1/2 ਕੱਪ-ਮਟਰ
6 ਚਮਚ- ਜੈਤੂਨ ਦਾ ਤੇਲ
2-3- ਹਰੀਆਂ ਮਿਰਚਾਂ
1 ਚਮਚ-ਜ਼ੀਰਾ
2 ਪਿਆਜ਼
1/2 ਚਮਚ- ਅਦਰਕ ਲਸਣ ਦਾ ਪੇਸਟ
2- ਟਮਾਟਰ
ਸੁਆਦ ਅਨੁਸਾਰ-ਲੂਣ
1 ਚਮਚ- ਧਨੀਆ ਪਾਊਡਰ
1 ਚਮਚ- ਹਲਦੀ ਪਾਊਡਰ
1/2 ਚਮਚ- ਗਰਮ ਮਸਾਲਾ
2 ਚਮਚ- ਤਾਜ਼ਾ ਧਨੀਆ ਕੱਟਿਆ

**ਵਿਧੀ-**
1 ਪੈਨ 'ਚ ਆਲਿਵ ਓਇਲ ਗਰਮ ਕਰੋ।
2 ਉਸ 'ਚ ਹਰੀ ਮਿਰਚ ਅਤੇ ਜ਼ੀਰਾ ਪਾਓ।
3 ਇਸ ਤੋਂ ਬਾਅਦ ਪਿਆਜ਼ ਪਾਓ ਅਤੇ ਅਦਰਕ ਲਸਣ ਦਾ ਪੇਸਟ ਪਾ ਕੇ ਚੰਗੀ ਭੁੰਨ ਲਓ। ਹੁਣ ਇਸ ਮਿਸ਼ਰਣ 'ਚ ਟਮਾਟਰ ਅਤੇ ਲੂਣ ਮਿਲਾ ਲਓ।
4 ਪੈਨ ਦਾ ਢੱਕਣ ਬੰਦ ਕਰ ਦਿਓ ਅਤੇ 5 ਮਿੰਟ ਕਰ ਪਕਾਓ।
5 ਉਸ ਤੋਂ ਬਾਅਦ ਲਾਲ ਮਿਰਚ ਪਾਊਡਰ, ਹਰਾ ਧਨੀਆ ਅਤੇ ਹਲਦੀ ਮਿਲਾਓ।
6 ਇਸ ਤੋਂ ਬਾਅਦ ਮਸਾਲੇ 'ਚ ਮਟਨ ਪਾ ਕੇ



ਚੰਗੀ ਤਰ੍ਹਾਂ ਨਾਲ ਮਿਲਾ ਲਓ।
7 ਅੱਧਾ ਕੱਪ ਪਾਣੀ ਪਾ ਕੇ ਇਸ ਨੂੰ ਚੰਗੀ ਤਰ੍ਹਾਂ ਨਾਲ ਪਕਾ ਲਓ।
8 ਜਦੋਂ ਮਟਨ ਬਣ ਜਾਵੇ ਤਾਂ ਉਸ ਦਾ ਪਾਣੀ ਵੀ ਸੁੱਕ ਜਾਵੇ ਤਾਂ ਉਸ 'ਚ ਮਟਰ ਅਤੇ ਗਰਮ ਮਸਾਲਾ ਪਾ ਕੇ 2 ਮਿੰਟ ਤਕ ਪਕਾਉਣ ਤੋਂ ਬਾਅਦ ਬੰਦ ਕਰ ਦਿਓ।
9 ਹਰਾ ਧਨੀਆਂ ਪਾ ਕੇ ਇਸ ਨੂੰ ਗਰਮ-ਗਰਮ ਪਰੋਸੋ।

ਕਹਾਣੀ

# ਯਮਦੂਤ ਕੌਣ ?

- ਗੁਰਵਿੰਦਰ ਸਿੰਘ

ਟਰਾਲੇ ਤੇ ਮੋਟਰਸਾਈਕਲ ਦੀ ਟੱਕਰ ਹੋਣੀ ਸੀ। ਮੋਟਰਸਾਈਕਲ ਸਵਾਰ ਨੇ ਮਰ ਜਾਣਾ ਸੀ। ਯਮਰਾਜ ਨੇ ਦੋ ਯਮਦੂਤਾਂ ਦੀ ਡਿਊਟੀ ਲਾਈ ਸੀ। ਤੁਰਨ ਤੋਂ ਪਹਿਲਾਂ ਯਮਰਾਜ ਆਪਣੇ ਦੂਤਾਂ ਨੂੰ ਹਦਾਇਤਾਂ ਦੇ ਰਿਹਾ ਸੀ, "ਸਮਾਂ ਬਿਲਕੁਲ ਨਸ਼ਟ ਨਹੀਂ ਕਰਨਾ। ਉਸੇ ਵੇਲੇ ਆਤਮਾ ਲੈ ਕੇ ਮੁੜ ਆਉਣੈ, ਨਹੀਂ ਤਾਂ ਲੋਕ ਕਈ ਵਾਰ ਬੰਦੇ ਨੂੰ ਹਸਪਤਾਲ ਜਾਂ ਡੇਰਿਆਂ ਆਦਿ 'ਤੇ ਲੈ ਜਾਂਦੇ ਨੇ ਤੇ ਆਤਮਾ ਲਿਆਉਣ ਵਿੱਚ ਦੇਰ ਹੋ ਜਾਂਦੀ ਏ। ਨਾਲੇ ਜਦ ਬੰਦਾ ਆਪਣੇ ਸਾਥੀਆਂ-ਬੇਲੀਆਂ ਦੇ ਸਾਹਮਣੇ ਮਰਦੈ ਤਾਂ ਬਾਕੀਆਂ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਕਈਆਂ ਵਿਚਾਰਿਆਂ ਨੂੰ ਤਾਂ ਕਈ-ਕਈ ਦਿਨ ਨੀਂਦ ਹੀ ਨਹੀਂ ਆਉਂਦੀ। ਮਰਦਾ ਬੰਦਾ ਉਨ੍ਹਾਂ ਦੇ ਸੁਪਨਿਆਂ ਵਿੱਚ ਆਉਂਦਾ ਹੈ।" ਯਮਦੂਤ ਨਿਸ਼ਚਿਤ ਸਮੇਂ ਤੋਂ ਕੁਝ ਦੇਰ ਪਹਿਲਾਂ ਹੀ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਅਤੇ ਉਡੀਕ ਕਰਨ ਲੱਗੇ। ਦੁਰਘਟਨਾ ਹੋ ਗਈ। ਮੋਟਰਸਾਈਕਲ ਸਵਾਰ ਟਰਾਲੇ ਦੀ ਫੇਟ ਖਾ ਕੇ ਸੜਕ ਦੇ ਵਿਚਕਾਰ 20 ਕੁ ਫੁੱਟ ਦੂਰ ਜਾ ਡਿੱਗਿਆ। ਵਾਰ-ਵਾਰ ਸੜਕ 'ਤੇ ਵੱਜਣ ਕਾਰਨ ਸਰੀਰ ਥਾਂ-ਥਾਂ 'ਤੇ ਜ਼ਖ਼ਮੀ ਹੋ ਗਿਆ, ਲੱਤਾਂ-ਬਾਹਾਂ ਟੁੱਟ ਗਈਆਂ ਅਤੇ ਸਿਰ ਸੜਕ 'ਤੇ ਵੱਜਣ ਕਾਰਨ ਖ਼ੂਨ ਦੀਆਂ ਘਰਾਲਾਂ ਵਗ ਰਹੀਆਂ ਸਨ। ਦੋਵਾਂ ਪਾਸਿਆਂ ਤੋਂ ਆਉਂਦਾ ਟ੍ਰੈਫ਼ਿਕ ਰੁਕ ਗਿਆ। ਇਕਦਮ ਹੀ ਬਹੁਤ ਭੀੜ ਹੋ ਗਈ। ਬਹੁਤ ਸਾਰੇ ਲੋਕ ਟਰਾਲੇ ਵੱਲ ਭੱਜੇ। "ਹੈਂ! ਓਏ ਮੈਨੂੰ ਲੱਗਦਾ ਸਾਨੂੰ ਗਲਤ ਦੱਸਿਆ ਗਿਆ ਸੀ। ਸ਼ਾਇਦ ਟਰਾਲੇ ਵਾਲਾ ਜ਼ਖ਼ਮੀ ਹੋਇਆ ਹੈ ਤਾਂ ਹੀ ਸਾਰੇ ਲੋਕ ਓਧਰ ਨੂੰ ਭੱਜ ਰਹੇ ਨੇ। ਹੁਣ ਉਹ ਵਿਚਾਰੇ ਨੂੰ ਬਚਾਉਣ ਦੀ ਕੋਸ਼ਿਸ਼ ਕਰਨਗੇ।" ਨੌਜਵਾਨ ਯਮਦੂਤ ਹੈਰਾਨ ਹੋ ਗਿਆ। ਉਸ ਨੂੰ ਪਹਿਲੀ ਵਾਰ ਆਤਮਾ ਲਿਆਉਣ ਲਈ ਭੇਜਿਆ ਗਿਆ ਸੀ। ਪਹਿਲਾਂ ਉਹ ਨਰਕ ਵਿੱਚ ਹੀ ਅੰਡਰ ਟ੍ਰੇਨਿੰਗ ਸੀ। "ਨਹੀਂ ਕਾਕਾ ਤੂੰ ਅਜੇ ਨਵਾਂ ਏਂ। ਹੌਲੀ-ਹੌਲੀ ਤੈਨੂੰ ਸਭ ਸਮਝ ਵਿੱਚ ਆ ਜਾਵੇਗਾ।" ਬਜ਼ੁਰਗ ਯਮਦੂਤ, ਜਿਹੜਾ ਕਈ ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ, ਦੀ ਆਵਾਜ਼ ਵਿੱਚ ਠਰੰਮਾ ਸੀ। ਲੋਕਾਂ ਨੇ ਟਰਾਲੇ ਦੀ ਬਾਰੀ ਖੋਲ੍ਹ ਲਈ ਸੀ। ਡਰਾਈਵਰ ਨੂੰ ਘਸੀਟ ਕੇ ਬਾਹਰ ਕੱਢਿਆ ਗਿਆ। ਲੋਕਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕੀਤਾ। ਕੋਈ ਥੱਪੜ, ਕੋਈ ਮੁੱਕੇ ਅਤੇ ਕੋਈ ਲੱਤਾਂ ਨਾਲ ਮਾਰ ਰਿਹਾ ਸੀ। ਉਹ ਦਰਦ ਨਾਲ ਤੜਫ਼ ਰਿਹਾ ਸੀ। ਚੀਕਾਂ ਦੀ ਆਵਾਜ਼ ਆ ਰਹੀ ਸੀ। ਇਸ ਸ਼ੋਰ ਸ਼ਰਾਬੇ ਵਿੱਚ ਦੂਰ ਡਿੱਗਿਆ ਮੋਟਰਸਾਈਕਲ ਸਵਾਰ ਵੀ ਦਰਦ ਨਾਲ ਤੜਫ਼ ਰਿਹਾ ਸੀ ਜਿਸ ਦੇ ਦੁਆਲੇ ਕੁਝ ਤਮਾਸ਼ਬੀਨ ਇਕੱਠੇ ਹੋ ਗਏ ਸਨ ਪਰ ਕੋਈ ਹੱਥ ਲਾਉਣ ਲਈ ਤਿਆਰ ਨਹੀਂ ਸੀ। "ਇਹ ਕੀ ਹੋ ਰਿਹਾ ਹੈ? ਜਵਾਨ ਯਮਦੂਤ ਜਾਣਨ ਲਈ ਕਾਹਲਾ ਸੀ। "ਛੱਡ ਯਾਰ ਆਪਾਂ ਜਲਦੀ ਵਾਪਸ ਚਲੀਏ।" ਬਜ਼ੁਰਗ ਯਮਦੂਤ ਡਿਊਟੀ ਦਾ ਪੱਕਾ ਸੀ। ਉਹ ਯਮਰਾਜ ਦੇ ਗੁੱਸੇ ਨੂੰ ਜਾਣਦਾ ਸੀ। "ਕੋਈ ਨਹੀਂ ਚਾਚਾ! ਅਜੇ ਉਸ ਦੀ ਜ਼ਿੰਦਗੀ ਦੇ ਕੁਝ ਪਲ ਬਾਕੀ ਨੇ।" ਜਵਾਨ ਯਮਦੂਤ ਨੇ ਘੜੀ ਵੇਖਦਿਆਂ ਕਿਹਾ ਸੀ। "ਲੱਗਦਾ ਹੈ ਇਹ ਸਾਰੇ ਲੋਕ ਮਰਨ ਵਾਲੇ ਨੂੰ ਬਹੁਤ ਪਿਆਰ ਕਰਦੇ ਨੇ। ਤਾਂ ਹੀ ਤਾਂ ਮਾਰ ਮਾਰ ਕੇ ਟਰਾਲੇ ਵਾਲੇ ਦਾ ਬੁਰਾ ਹਾਲ ਕਰ ਰਹੇ ਨੇ।" ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ। "ਨਹੀਂ ਕਾਕਾ! ਤੂੰ ਇਸ ਦੁਨੀਆਂ ਨੂੰ ਨਹੀਂ ਜਾਣਦਾ। ਇਹ ਸਾਰੇ ਲੋਕ ਮਤਲਬਪ੍ਰਸਤ ਨੇ। ਕਿਸੇ ਨੂੰ ਵੀ ਉਸ ਨਾਲ ਪਿਆਰ ਨਹੀਂ," ਬਜ਼ੁਰਗ ਯਮਦੂਤ, ਨੌਜਵਾਨ ਯਮਦੂਤ ਦੀ ਜਗਿਆਸਾ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ, "ਆ ਮੈਂ ਤੈਨੂੰ ਅਸਲੀਅਤ ਦਿਖਾਉਂਦਾ ਹਾਂ।" ਉਹ ਦੋਵੇਂ ਭੀੜ ਵੱਲ ਵਧੇ। ਭੀੜ ਵਿੱਚੋਂ ਇੱਕ ਨੌਜਵਾਨ ਲੜਕੇ ਦੀਆਂ ਅੱਖਾਂ ਬਜ਼ੁਰਗ ਯਮਦੂਤ ਨਾਲ ਮਿਲੀਆਂ ਸਨ। ਯਮ ਸ਼ਕਤੀ ਕਾਰਨ ਲੜਕਾ ਬਿਨਾਂ ਕੁਝ ਕਹੇ ਦੋਵਾਂ ਯਮਦੂਤਾਂ ਵੱਲ ਆਪ ਮੁਹਾਰੇ ਹੀ ਤੁਰਿਆ ਆਇਆ ਸੀ। "ਛੋਟੇ ਵੀਰ, ਤੂੰ ਉਸ ਆਦਮੀ ਨੂੰ ਕਿਉਂ ਮਾਰ ਰਿਹਾ ਹੈਂ? ਲੱਗਦਾ ਹੈ ਮੋਟਰਸਾਈਕਲ ਵਾਲਾ ਤੇਰਾ ਕੋਈ ਰਿਸ਼ਤੇਦਾਰ ਸੀ।" ਨੌਜਵਾਨ ਯਮਦੂਤ ਨੇ ਪੁੱਛਿਆ ਸੀ। "ਨਹੀਂ ਜੀ! ਮੈਂ ਤਾਂ ਮੋਟਰਸਾਈਕਲ ਸਵਾਰ ਨੂੰ ਜਾਣਦਾ ਵੀ ਨਹੀਂ। ਮੈਂ ਤਾਂ ਇੰਟਰਵਿਊ ਦੇ ਕੇ ਆ ਰਿਹਾਂ। ਮੈਨੂੰ ਇਸ ਵਾਰ ਵੀ ਨੌਕਰੀ ਨਹੀਂ ਮਿਲੀ। ਮੇਰੀ ਥਾਂ ਇੱਕ ਅਯੋਗ ਸਿਫ਼ਾਰਸ਼ੀ ਨੂੰ ਨੌਕਰੀ ਦੇ ਦਿੱਤੀ ਗਈ। ਮੈਨੂੰ ਇਸੇ ਗੱਲ ਦਾ ਗੁੱਸਾ ਸੀ।" ਨੌਜਵਾਨ ਦੀਆਂ ਅੱਖਾਂ ਵਿੱਚ ਨਿਰਾਸ਼ਾ ਸਾਫ਼ ਨਜ਼ਰ ਆ ਰਹੀ ਸੀ। ਨੌਜਵਾਨ ਯਮਦੂਤ ਹੈਰਾਨ ਰਹਿ ਗਿਆ ਸੀ। ਉਸ ਨੂੰ ਅਜੇ ਪੂਰਾ ਯਕੀਨ ਨਹੀਂ ਸੀ ਹੋਇਆ। ਉਸ ਨੇ ਸਾਧਾਰਨ ਜਿਹੇ ਕੱਪੜਿਆਂ ਵਿੱਚ ਟਰਾਲੇ ਦੇ ਡਰਾਈਵਰ ਨੂੰ ਕੁੱਟਦੇ ਇੱਕ ਅਧਖੜ ਆਦਮੀ ਨੂੰ ਦੇਖਿਆ। "ਇਹ ਜ਼ਰੂਰ ਹੀ ਮੋਟਰਸਾਈਕਲ ਵਾਲੇ ਦਾ ਕੋਈ ਰਿਸ਼ਤੇਦਾਰ ਹੋਵੇਗਾ।" ਉਸ ਨੇ ਸੋਚਿਆ। ਬਜ਼ੁਰਗ ਯਮਦੂਤ ਉਸ ਦੇ ਮਨ ਦੀ ਗੱਲ ਪੜ੍ਹ ਗਿਆ ਸੀ। ਉਸ ਨੇ ਅਧਖੜ ਵਿਅਕਤੀ ਨੂੰ ਬੁਲਾਇਆ। "ਹਾਂ ਬਈ ਦੱਸ! ਤੂੰ ਡਰਾਈਵਰ ਨੂੰ ਕਿਉਂ ਮਾਰ ਰਿਹਾ ਹੈਂ? ਕੀ ਇਹ ਤੇਰਾ ਰਿਸ਼ਤੇਦਾਰ ਹੈ?" ਉਸ ਨੇ ਡਿੱਗੇ ਮੋਟਰਸਾਈਕਲ ਵਾਲੇ ਵੱਲ ਇਸ਼ਾਰਾ ਕਰਕੇ ਪੁੱਛਿਆ। "ਕਾਹਦਾ ਰਿਸ਼ਤੇਦਾਰ?" ਅਧਖੜ ਦੇ ਲਹਿਜ਼ੇ ਵਿੱਚ ਤਲਖ਼ੀ ਸੀ। "ਇਹ ਅਮੀਰ ਲੋਕ ਕਿਸੇ ਦੇ ਰਿਸ਼ਤੇਦਾਰ ਨਹੀਂ ਹੁੰਦੇ। ਹੁਣ ਵੇਖੋ ਚਾਰ ਦਿਨ ਹੋ ਗਏ ਮੈਨੂੰ ਦਿਹਾੜੀ ਕਰਦੇ ਨੂੰ। ਅੱਜ ਜਦ ਪੈਸੇ ਮੰਗੇ ਤਾਂ



ਮਾਲਕ ਕਹਿੰਦਾ ਮੇਰੇ ਕੋਲ ਪੈਸੇ ਖ਼ਤਮ ਹੋ ਗਏ। ਜ਼ਰਾ ਸੋਚੋ ਜੇ ਮੈਨੂੰ ਪੈਸੇ ਸਮੇਂ 'ਤੇ ਨਹੀਂ ਮਿਲਣੇ ਤਾਂ ਫਿਰ ਕੰਮ ਕਰਨ ਦਾ ਕੀ ਫ਼ਾਇਦਾ?" ਅਧਖੜ ਦੀਆਂ ਅੱਖਾਂ ਵਿੱਚ ਘਰ ਲਈ ਲਿਜਾਣ ਵਾਲੀਆਂ ਚੀਜ਼ਾਂ ਦੀ ਸੂਚੀ ਘੁੰਮ ਰਹੀ ਸੀ ਅਤੇ ਉਹ ਬਹਾਨਾ ਸੋਚ ਰਿਹਾ ਸੀ ਕਿ ਅੱਜ ਬੱਚਿਆਂ ਨੂੰ 'ਚੀਜੀ' ਨਾ ਲਿਆਉਣ ਕਰਕੇ ਕੀ ਬਹਾਨਾ ਬਣਾਵੇਗਾ। ਹੁਣ ਇੱਕ ਚੰਗੇ ਸੂਟ-ਬੂਟ ਵਾਲੇ ਵਿਅਕਤੀ ਨੂੰ ਬੁਲਾਇਆ ਗਿਆ। ਉਹ ਆਪਣੀ ਕਾਰ ਵਿੱਚੋਂ ਉੱਤਰ ਕੇ ਆਇਆ ਸੀ ਅਤੇ ਬੜੇ ਜੋਸ਼ ਨਾਲ ਮਾਰ-ਕੁਟਾਈ ਵਿੱਚ ਹਿੱਸਾ ਲੈ ਰਿਹਾ ਸੀ। "ਮੈਂ ਏਨੀ ਮਹੱਤਵਪੂਰਨ ਮੀਟਿੰਗ 'ਤੇ ਜਾ ਰਿਹਾ ਹਾਂ, ਇਸ ਗਧੇ ਦੀ ਬੇਵਕੂਫ਼ੀ ਕਾਰਨ ਹੁਣ ਏਥੇ ਟ੍ਰੈਫ਼ਿਕ ਜਾਮ ਹੋ ਗਿਆ ਹੈ। ਲੱਗਦਾ ਹੈ ਕਲਾਈਂਟ ਹੱਥੋਂ ਨਿਕਲ ਜਾਵੇਗਾ।" ਉਹ ਜੇਬ ਵਿੱਚੋਂ ਮੋਬਾਈਲ ਕੱਢ ਕੇ ਆਪਣੇ ਕਲਾਈਂਟ ਨੂੰ ਦੇਰ ਨਾਲ ਆਉਣ ਦਾ ਕਾਰਨ ਦੱਸਣਾ ਚਾਹੁੰਦਾ ਸੀ। ਫਿਰ ਇੱਕ ਨੀਲੀ ਗੱਡੀ ਆ ਕੇ ਰੁਕੀ। ਸ ਵਿੱਚੋਂ ਕੁਝ ਖਾਕੀ ਕੱਪੜਿਆਂ ਵਾਲੇ ਉਤਰੇ। ਉਨ੍ਹਾਂ ਦੇ ਹੱਥਾਂ ਵਿੱਚ ਡੰਡੇ ਅਤੇ ਹਥਿਆਰ ਸਨ। ਆਉਂਦਿਆਂ ਹੀ ਉਨ੍ਹਾਂ ਨੇ ਟਰਾਲੇ ਦੇ ਡਰਾਈਵਰ ਨੂੰ ਭੀੜ ਤੋਂ ਛੁਡਵਾਇਆ। ਇੱਕ ਖਾਕੀ ਕੱਪੜਿਆਂ ਵਾਲਾ ਵਿਅਕਤੀ ਡਿੱਗੇ ਹੋਏ ਮੋਟਰਸਾਈਕਲ ਸਵਾਰ ਵੱਲ ਵਧਿਆ ਜਿਹੜਾ ਹੁਣ ਸ਼ਾਂਤ ਹੋ ਚੁੱਕਿਆ ਸੀ। ਆਸੇ-ਪਾਸੇ ਦੇ ਲੋਕਾਂ ਤੋਂ ਪੁੱਛਣ ਲੱਗਾ ਕਿ ਇਹ ਸਭ ਕਿਵੇਂ ਹੋਇਆ ਹੈ। ਨੌਜਵਾਨ ਯਮਦੂਤ ਦੀਆਂ ਅੱਖਾਂ ਵਿੱਚ ਪ੍ਰਸ਼ੰਸਾ ਦੇ ਭਾਵ ਆਏ, 'ਵਾਹ! ਕਿੰਨੇ ਦਿਆਲੂ ਲੋਕ ਹਨ। ਜੇ ਇਹ ਨਾ ਰੋਕਦੇ ਤਾਂ ਭੀੜ ਨੇ ਟਰਾਲੇ ਵਾਲੇ ਨੂੰ ਮਾਰ ਦੇਣਾ ਸੀ।' ਇਹ ਕੀ? ਇੰਨੇ ਸਮੇਂ ਵਿੱਚ ਮੋਟਰਸਾਈਕਲ ਵੱਲ ਵਧਣ ਵਾਲੇ ਨੇ ਤਸਦੀਕ ਕੀਤੀ ਕਿ ਮੋਟਰਸਾਈਕਲ ਸਵਾਰ ਮਰ ਚੁੱਕਿਆ ਹੈ। ਹੁਣ ਖਾਕੀ ਕੱਪੜਿਆਂ ਵਾਲਿਆਂ ਨੇ ਟਰਾਲੇ ਦੇ ਡਰਾਈਵਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਅੱਧ-ਮਰਿਆ ਹੋ ਗਿਆ ਤਾਂ ਉਸ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਲਿਆ ਗਿਆ। "ਕੀ ਇਹ ਮੋਟਰਸਾਈਕਲ ਵਾਲੇ ਨੂੰ ਮਾਰਨ ਦੀ ਸਜ਼ਾ ਇਸ ਨੂੰ ਦੇ ਰਹੇ ਹਨ?" ਨੌਜਵਾਨ ਨੇ ਅੱਧ-ਮਰੇ ਹੋਏ ਟਰਾਲੇ ਦੇ ਡਰਾਈਵਰ ਵੱਲ ਇਸ਼ਾਰਾ ਕਰਕੇ ਪੁੱਛਿਆ। ਬਜ਼ੁਰਗ ਯਮਦੂਤ, ਜਿਹੜਾ ਮ੍ਰਿਤਕ ਦੀ ਆਤਮਾ ਨੂੰ ਕੱਢ ਚੁੱਕਿਆ ਸੀ, ਨੇ ਇੱਕ ਖਾਕੀ ਵਰਦੀ ਵਾਲੇ ਨੂੰ ਬੁਲਾਇਆ ਅਤੇ ਟਰਾਲੇ ਦੇ ਡਰਾਈਵਰ ਦੀ ਕੁੱਟਮਾਰ ਦਾ ਕਾਰਨ ਪੁੱਛਿਆ। "ਕੀ ਕਰੀਏ ਜੀ! ਇਨ੍ਹਾਂ ਲੋਕਾਂ ਨੇ ਸਾਡਾ ਜੀਣਾ ਮੁਹਾਲ ਕੀਤਾ ਹੋਇਆ ਹੈ। ਅਜੇ ਪਿੰਡੋਂ 'ਰੇਡ' ਤੋਂ ਆ ਕੇ ਬੈਠੇ ਹੀ ਸਾਂ ਕਿ ਇਨ੍ਹਾਂ ਦਾ ਫੋਨ ਆ ਗਿਆ ਕਿ ਟਰਾਲੇ ਥੱਲੇ ਦੇ ਕੇ ਬੰਦਾ ਮਾਰ 'ਤਾ। ਅਸੀਂ ਵੀ ਆਖਰ ਇਨਸਾਨ ਹਾਂ। ਸਾਨੂੰ ਵੀ ਤਾਂ ਆਰਾਮ ਚਾਹੀਦੈ। ਅਫ਼ਸਰ ਆਪ ਤਾਂ ਦਫ਼ਤਰਾਂ ਵਿੱਚ ਬੈਠੇ ਹੁਕਮ ਚਲਾ ਦੇਂਦੇ ਨੇ ਤੇ ਅਸੀਂ ਦਿਨ-ਰਾਤ ਧੱਕੇ ਖਾਂਦੇ ਹਾਂ।" ਪੁਲਿਸ ਵਾਲੇ ਨੇ ਦਿਲ ਦੀ ਭੜਾਸ ਕੱਢੀ। ਨੌਜਵਾਨ ਯਮਦੂਤ ਦੀ ਪੂਰੀ ਤਸੱਲੀ ਹੋ ਚੁੱਕੀ ਸੀ। "ਅਸੀਂ ਚੰਗੇ ਹਾਂ ਚਾਚਾ," ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ, "ਇਨ੍ਹਾਂ ਲੋਕਾਂ ਦੀ ਤਰ੍ਹਾਂ ਸਵਾਰਥੀ ਨਹੀਂ। ਘੱਟੋ-ਘੱਟ ਅਸੀਂ ਆਪਣਾ ਫ਼ਰਜ਼ ਤਾਂ ਮਨ ਲਾ ਕੇ ਪੂਰਾ ਕਰਦੇ ਹਾਂ।" "ਪੁੱਤਰ, ਇਹ ਧਰਤੀ ਵਾਸੀ ਸਾਡੇ ਤੋਂ ਵੀ ਵੱਡੇ ਯਮਦੂਤ ਹਨ। ਅਸੀਂ ਤਾਂ ਮੁਰਦਿਆਂ ਦੀ ਆਤਮਾ ਕੱਢਦੇ ਹਾਂ ਪਰ ਇਨ੍ਹਾਂ ਨੇ ਜਿਉਂਦੇ ਜੀਅ ਆਪਣੀ ਆਤਮਾ ਵੇਚ ਦਿੱਤੀ ਹੈ। ਇਸੇ ਲਈ ਇਨ੍ਹਾਂ ਦੇ ਆਲੇ ਦੁਆਲੇ ਭਾਵੇਂ ਕੁਝ ਵੀ ਹੋਈ ਜਾਵੇ, ਇਹ ਸਿਰਫ਼ ਆਪਣਾ ਸਵਾਰਥ ਵੇਖਦੇ ਨੇ!" ਤੇ ਫਿਰ ਉਨ੍ਹਾਂ ਨੇ ਆਤਮਾ ਨੂੰ ਸੰਭਾਲਿਆ ਅਤੇ ਆਪਣੇ 'ਹੈਡਕੁਆਰਟਰ' ਵੱਲ ਚਾਲੇ ਪਾ ਦਿੱਤੇ।

*ਸੇਂਟ ਪੀਟਰਜ਼ਬਰਗ ਨੂੰ ਰੂਸ ਦੀ ਸ਼ਾਹੀ ਰਾਜਧਾਨੀ ਕਿਹਾ ਜਾਂਦਾ ਹੈ ਕਿਉਂਕਿ ਇਹ ਵਿਸ਼ਵ ਪ੍ਰਸਿੱਧ ਸ਼ਹਿਰ ਹੈ। ਇਥੇ ਰੂਸ ਦੇ ਕਈ ਸ਼ਾਹੀ ਮਹੱਲ ਅਤੇ ਮਿਊਜ਼ੀਅਮ ਮੌਜੂਦ ਹਨ। ਇਹ ਰੂਸ ਦਾ ਦੂਸਰਾ ਸਭ ਤੋਂ ਵੱਡਾ ਸ਼ਹਿਰ ਹੈ ਜਿਸ ਦਾ ਸੱਭਿਆਚਾਰਕ ਅਤੇ ਰਾਜਸੀ ਮਹੱਤਵ ਬਹੁਤ ਜ਼ਿਆਦਾ ਹੈ...*

# ਰੂਸ ਦੀਆਂ ਦੇਖਣਯੋਗ ਥਾਵਾਂ



ਰੂਸ ਦੀ ਰਾਜਧਾਨੀ ਮਾਸਕੋ ਆਪਣੀ ਸ਼ਾਨ ਤੇ ਆਕਰਸ਼ਣ ਲਈ ਦੁਨੀਆ ਦੇ ਨਾਮਵਰ ਸ਼ਹਿਰਾਂ 'ਚ ਸ਼ੁਮਾਰ ਹੈ। ਤੁਸੀਂ ਇਸ ਨੂੰ ਰੂਸ ਦਾ ਦਿਲ ਵੀ ਕਹਿ ਸਕਦੇ ਹੋ। ਮਾਸਕੋ ਨੂੰ ਦੇਖਣ ਲਈ ਇੰਨਾ ਕੁਝ ਹੈ ਕਿ ਤੁਸੀਂ ਉਲਝ ਜਾਓਗੇ ਕਿ ਕਿੱਥੋਂ ਸ਼ੁਰੂ ਕਰੀਏ ਤੇ ਕੀ-ਕੀ ਦੇਖੀਏ। ਰੂਸ ਦੇ ਫ਼ੇਮਸ ਆਈਕਨਜ਼ 'ਚੋਂ ਇਕ ਰੈੱਡ ਸਕਵਾਇਰ, ਮਾਸਕੋ ਕ੍ਰੇਮਲਿਨ, ਸੇਂਟ ਬੇਸਿਲ ਕੈਥੇਡਰਲ ਤੇ ਲੈਨਿਨ ਦੀ ਸਮਾਧੀ ਜਿਹੀਆਂ ਚੀਜ਼ਾਂ ਮਾਸਕੋ 'ਚ ਹੀ ਹਨ। ਇਹ ਦੇਖਣਯੋਗ ਥਾਵਾਂ ਸੈਲਾਨੀਆਂ ਨੂੰ ਆਪਣੇ ਵੱਲ ਆਕ੍ਰਸ਼ਤ ਕਰਦੀਆਂ ਹਨ।

## ਕ੍ਰੈਮਲਿਨ

ਕਰੀਬ ਇਕ ਵਰਗ ਕਿਲੋਮੀਟਰ 'ਚ ਫੈਲੇ ਇਸ ਖੇਤਰ 'ਚ ਕ੍ਰੇਮਲਿਨ ਦੀ ਮਜ਼ਬੂਤ ਦੀਵਾਰ ਅਤੇ ਸ਼ਾਨਦਾਰ ਇਮਾਰਤਾਂ ਨੂੰ ਦੇਖ ਕੇ ਤੁਸੀਂ ਰੋਮਾਂਚਿਤ ਹੋਵੋਗੇ। ਇਸ ਦੀ ਬਣਾਵਟ ਨੂੰ ਦੇਖ ਕੇ ਰੂਸ ਦੀ ਨੌਕਰਸ਼ਾਹੀ ਦੀ ਸ਼ਾਨ ਨੂੰ ਸਮਝ ਸਕਦੇ ਹੋ। ਦਿਲਚਸਪ ਇਹ ਹੈ ਕਿ ਮਾਸਕੋ ਆਉਣ ਵਾਲੇ ਸੈਲਾਨੀ ਆਪਣਾ ਸਭ ਤੋਂ ਜ਼ਿਆਦਾ ਸਮਾਂ ਇਥੇ ਬਿਤਾਉਣਾ ਹੀ ਚੰਗਾ ਸਮਝਦੇ ਹਨ, ਕਿਉਂਕਿ ਇਥੇ ਉਨ੍ਹਾਂ ਨੂੰ ਇਤਿਹਾਸਕ ਅਤੇ ਆਰਕੀਟੈਕਚਰ ਕਲਾ ਦੀਆਂ ਅਨੋਖੀਆਂ ਚੀਜ਼ਾਂ ਵੀ ਦੇਖਣ ਨੂੰ ਮਿਲਦੀਆਂ ਹਨ।

> **ਗੋਰਕੀ ਪਾਰਕ**
>
> *ਮਾਸਕੋ 'ਚ ਓਨਰਮੈਂਟਲ ਪਾਰਕ, ਪਾਰਟ ਫ਼ਨ ਫੇਅਰ ਅਤੇ ਗੋਰਕੀ ਪਾਰਕਾਂ ਅਜਿਹੀਆਂ ਥਾਵਾਂ ਹਨ, ਜੋ ਸ਼ਹਿਰ ਦੇ ਰੌਲੇ-ਰੱਪੇ ਤੋਂ ਦੂਰ ਇਕਾਂਤ ਤੇ ਸ਼ਾਂਤ ਮਾਹੌਲ 'ਚ ਫ਼ੁਰਸਤ ਦੇ ਕੁਝ ਪਲ ਬਿਤਾਉਣ ਲਈ ਬਹੁਤ ਵਧੀਆ ਹਨ। ਗੋਰਕੀ ਪਾਰਕ ਨਦੀ ਦੇ ਕਿਨਾਰੇ ਕਰੀਬ 3 ਕਿਲੋਮੀਟਰ 'ਚ ਫੈਲਿਆ ਹੋਇਆ ਹੈ। ਇਸ ਪਾਰਕ ਦੀ ਸ਼ਾਨ ਮਨੋਰੰਜਨ ਪਾਰਕ, ਹਵਾ 'ਚ ਉਚਾਈ 'ਤੇ ਲਹਿਰ ਰਹੇ ਝੰਡੇ ਅਤੇ ਪੁਰਾਣੇ ਦੌਰ ਦੀਆਂ ਵੱਜਦੀਆਂ ਖ਼ੁਸ਼ਨੁਮਾ ਧੁਨਾਂ ਦੇ ਅਨੁਭਵ ਨੂੰ ਕਦੇ ਵੀ ਭੁੱਲ ਨਹੀਂ ਸਕਦੇ।*

## ਅਜ਼ੰਪਸ਼ਨ ਕੈਥੇਡਰਲ

ਰੂਸੀ ਕ੍ਰਾਂਤੀ ਤੋਂ ਪਹਿਲਾਂ ਦੇਸ਼ ਦੀ ਇਹੀ ਕੇਂਦਰੀ ਚਰਚ ਹੁੰਦੀ ਸੀ। ਇਹ ਆਪਣੀ ਅਨੋਖੀ ਬਣਾਵਟ ਕਰਕੇ ਪੂਰੇ ਦੇਸ਼ 'ਚ ਮਸ਼ਹੂਰ ਸੀ। ਦੱਸਦੇ ਹਨ ਕਿ ਕ੍ਰਾਂਤੀ ਦੌਰਾਨ ਇਹ ਰੂਸੀ ਆਰਥੋਡਾਕਸ ਚਰਚ ਦਾ ਕਬਰਸਤਾਨ ਬਣ ਗਿਆ ਸੀ। ਸਾਲ 1320 ਤੋਂ 1700 ਦਰਮਿਆਨ ਸੈਂਕੜੇ ਲੋਕਾਂ ਦੀਆਂ ਇਥੇ ਜਾਨਾਂ ਗਈਆਂ। ਕੈਥੇਡਰਲ 'ਚ ਸੈਲਾਨੀਆਂ ਦੇ ਆਉਣ ਲਈ ਇਸ 'ਚ ਪ੍ਰਵੇਸ਼ ਪੱਛਮੀ ਅੰਤ 'ਚ ਹੈ। ਜੇ ਤੁਸੀਂ ਕ੍ਰੇਮਲਿਨ ਆਏ ਤਾਂ ਇਥੇ ਆਉਣਾ ਨਾ ਭੁੱਲੋ। ਕਈ ਬੇਮਿਸਾਲ ਚੀਜ਼ਾਂ ਤੁਹਾਨੂੰ ਦੇਖਣ ਨੂੰ ਮਿਲਣਗੀਆਂ।

## ਸ਼ਸਤਰ ਘਰ

ਰੂਸ ਦਾ ਇਹ ਸ਼ਸਤਰ ਘਰ 1511 ਦੇ ਲਗਪਗ ਬਣਿਆ ਹੈ। ਇਸ 'ਚ ਪਹਿਲਾਂ ਹਥਿਆਰ ਤਿਆਰ ਕੀਤੇ ਜਾਂਦੇ ਸਨ ਤੇ ਇਥੇ ਹੀ ਇਨ੍ਹਾਂ ਨੂੰ ਸਟੋਰ ਵੀ ਕੀਤਾ ਜਾਂਦਾ ਸੀ। ਬਾਅਦ ਦੇ ਸਾਲਾਂ ਬਾਅਦ ਸ਼ਸਤਰ ਘਰ ਨੂੰ ਜਿਊਲਰੀ ਅਤੇ ਕਸੀਦਾਕਾਰੀ ਲਈ ਇਸਤੇਮਾਲ ਕੀਤਾ ਜਾਣ ਲੱਗਾ। ਲੇਕਿਨ ਪੀਟਰ ਦਾ ਗ੍ਰੇਟ ਦੇ ਸ਼ਾਸਨਕਾਲ ਦੌਰਾਨ ਇਸ ਦੇ ਸਾਰੇ ਸੁਨਿਆਰਿਆਂ, ਸ਼ਿਲਪਕਾਰਾਂ ਤੇ ਦਸਤਕਾਰਾਂ ਨੂੰ ਪੀਟਰਬਰਗ ਭੇਜ ਦਿੱਤਾ ਗਿਆ ਤੇ ਇਸ ਨੂੰ ਸ਼ਾਹੀ ਖਜ਼ਾਨੇ ਦਾ ਮਿਊਜ਼ੀਅਮ ਬਣਾ ਦਿੱਤਾ ਗਿਆ। ਸਦੀਆਂ ਪੁਰਾਣੇ ਇਸ ਮਿਊਜ਼ੀਅਮ 'ਚ ਤ੍ਰਾਸਦੀਆਂ ਤੋਂ ਬਾਅਦ ਵੀ ਕਈ ਦੁਰਲੱਭ ਚੀਜ਼ਾਂ ਅੱਜ ਵੀ ਇਥੇ ਸੁਸ਼ੋਭਿਤ ਹਨ। ਇਨ੍ਹਾਂ ਪੁਰਾਣੀਆਂ ਵਸਤਾਂ ਨੂੰ ਦੇਖਣ ਲਈ ਵੱਡੀ ਗਿਣਤੀ 'ਚ ਸੈਲਾਨੀ ਇਥੇ ਆਉਂਦੇ ਹਨ। ਕ੍ਰੇਮਲਿਨ ਆਉਣ ਵਾਲੇ ਯਾਤਰੀ ਇਸ ਨੂੰ ਦੇਖਣ ਜ਼ਰੂਰ ਆਉਂਦੇ ਹਨ।

## ਡਾਇਮੰਡ ਫੰਡ ਐਗਜ਼ੀਬੀਸ਼ਨ

ਸ਼ਸਤਰ ਘਰ ਦੀਆਂ ਅਦਭੁੱਤ ਵਸਤਾਂ ਦੇਖਣ ਤੋਂ ਬਾਅਦ ਵੀ ਜੇ ਤੁਹਾਡਾ ਮਨ ਨਹੀਂ ਭਰਦਾ ਤਾਂ ਅਜਿਹੀਆਂ ਹੀ ਕਈ ਹੋਰ ਅਨੋਖੀਆਂ ਚੀਜ਼ਾਂ ਦੇਖਣ ਦੀ ਮਨ 'ਚ ਇੱਛਾ ਹੈ ਤਾਂ ਡਾਇਮੰਡ ਫੰਡ ਐਗਜ਼ੀਬੀਸ਼ਨ ਵੀ ਜ਼ਰੂਰ ਘੁੰਮ ਆਓ। ਇਥੇ ਵੀ ਤੁਹਾਨੂੰ ਇਕ ਤੋਂ ਵੱਧ ਇਕ ਅਜੀਬ ਚੀਜ਼ ਦੇਖਣ ਨੂੰ ਮਿਲੇਗੀ। ਇਹ ਪ੍ਰਦਰਸ਼ਨੀ ਵੀ ਸ਼ਸਤਰ ਘਰ ਦੀ ਬਿਲਡਿੰਗ 'ਚ ਹੀ ਸਥਿਤ ਹੈ, ਜਿਸ 'ਚ ਮਹਾਰਾਣੀਆਂ ਦੇ ਕੀਮਤੀ ਗਹਿਣੇ ਅਤੇ ਮਹਿੰਗੇ ਪੱਥਰਾਂ ਦੇ ਸੰਗ੍ਰਹਿ ਦੇਖਣ ਨੂੰ ਮਿਲਦੇ ਹਨ। ਇਥੇ ਕਈ ਹੀਰੇ ਤੇ ਮੋਤੀਆਂ ਤੋਂ ਬਣੇ ਗਹਿਣਿਆਂ ਨੂੰ ਵੀ ਕਰੀਬ ਤੋਂ ਦੇਖਣ ਦਾ ਮੌਕਾ ਮਿਲ ਸਕਦਾ ਹੈ।

## ਸਟੇਟ ਮਿਊਜ਼ੀਅਮ

ਸਟੇਟ ਇਤਿਹਾਸਿਕ ਮਿਊਜ਼ੀਅਮ 'ਚ ਕਈ ਅਨੋਖੀਆਂ ਚੀਜ਼ਾਂ ਦਾ ਭੰਡਾਰ ਮੌਜੂਦ ਹੈ। ਇਸ 'ਚ ਸਮੁੱਚੇ ਰੂਸੀ ਸਮਾਜ ਦੀ ਵਿਰਾਸਤ ਨੂੰ ਦੇਖ ਸਕਦੇ ਹੋ। 19ਵੀਂ ਸਦੀ 'ਚ ਬਣੇ ਮਿਊਜ਼ੀਅਮ ਦੀ ਇਹ ਬਿਲਡਿੰਗ ਸੈਲਾਨੀਆਂ ਲਈ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੈ। ਇਸ 'ਚ ਬਣੇ ਕਮਰਿਆਂ ਦੀ ਸ਼ੈਲੀ 'ਚ ਕਈ ਸਦੀਆਂ ਦੀ ਸ਼ਿਲਪਕਾਰੀ ਨੂੰ ਇਸਤੇਮਾਲ ਕੀਤਾ ਗਿਆ ਹੈ। ਦੀਵਾਰਾਂ ਦੀ ਸਜਾਵਟ ਇਸ ਕਦਰ ਹੈ ਕਿ ਤੁਹਾਨੂੰ ਰੂਸ ਦੀ ਪੁਰਾਣੀ ਚਰਚ ਦੀ ਯਾਦ ਆਵੇਗੀ। ਸਾਲ 1997 'ਚ ਸੈਲਾਨੀਆਂ ਲਈ ਇਹ ਮਿਊਜ਼ੀਅਮ ਦੁਬਾਰਾ ਖੋਲ੍ਹਿਆ ਗਿਆ। ਉਦੋਂ ਤੋਂ ਕਈ ਨਵੀਆਂ ਤੇ ਅਤਿ-ਆਧੁਨਿਕ ਵਸਤਾਂ ਇਸ ਮਿਊਜ਼ੀਅਮ 'ਚ ਸ਼ਾਮਿਲ ਹੋ ਚੁੱਕੀਆਂ ਹਨ।

## ਟੇਰੇਮ ਪੈਲੇਸ

16ਵੀਂ ਤੇ 17ਵੀਂ ਸਦੀ ਦਾ ਇਹ ਪੈਲੇਸ ਕ੍ਰੇਮਲਿਨ ਦੇ ਖ਼ੂਬਸੂਰਤ ਮਹਿਲਾਂ 'ਚ ਸ਼ੁਮਾਰ ਹੈ। ਵੈਸ਼ਾਲੀ ਤੀਜੇ ਨੇ ਇਸ ਨੂੰ ਪੱਥਰਾਂ ਨਾਲ ਬਣਵਾਇਆ ਸੀ। ਇਸ ਪੈਲੇਸ 'ਚ ਡਾਈਨਿੰਗ ਰੂਮ, ਲੀਵਿੰਗ ਰੂਮ, ਬੈੱਡਰੂਮ ਅਤੇ ਸਟੱਡੀ ਰੂਮ ਤੋਂ ਇਲਾਵਾ ਕਈ ਛੋਟੇ-ਛੋਟੇ ਗਿਰਜਾਘਰ ਵੀ ਬਣੇ ਹੋਏ ਹਨ। ਇਤਿਹਾਸਿਕ ਵਿਰਾਸਤਾਂ ਨੂੰ ਕਰੀਬ ਤੋਂ ਦੇਖਣ ਦੇ ਸ਼ੌਕੀਨ ਸੈਲਾਨੀਆਂ ਨੂੰ ਇਸ ਨੂੰ ਦੇਖਣ ਲਈ ਜ਼ਰੂਰ ਆਉਣਾ ਚਾਹੀਦਾ ਹੈ।

## ਬੋਲਸ਼ੋਈ ਥੀਏਟਰ

ਬੋਲਸ਼ੋਈ ਥੀਏਟਰ ਸਕਵਾਇਰ 'ਚ ਸ਼ਾਨਦਾਰ ਥੀਏਟਰ ਹੈ। ਇਸ 'ਚ ਲੰਬਾ-ਚੌੜਾ ਪਲਾਜ਼ਾ ਤੇ ਫੁਆਰਾ ਵੀ ਹੈ। ਲੇਕਿਨ ਸੈਲਾਨੀ ਅਕਸਰ ਬੋਲਸ਼ੋਈ ਥੀਏਟਰ ਨੂੰ ਦੇਖਣ ਹੀ ਇਥੇ ਆਉਂਦੇ ਹਨ। ਸਾਲ 1824 'ਚ ਗੁਲਾਬੀ ਤੇ ਸਫ਼ੈਦ ਰੰਗ ਨਾਲ ਬਣਿਆ ਇਹ ਇਤਿਹਾਸਕ ਥੀਏਟਰ ਹੁਣ ਤਕ ਕਈ ਵੱਡੇ-ਵੱਡੇ ਪ੍ਰੀਮੀਅਰਾਂ ਦੇ ਆਯੋਜਨਾਂ ਦਾ ਗਵਾਹ ਬਣ ਚੁੱਕਿਆ ਹੈ।

## ਮਿਊਜ਼ੀਅਮ ਆਫ਼ ਮਾਡਰਨ ਆਰਟ

ਇਹ ਮਿਊਜ਼ੀਅਮ 18ਵੀਂ ਸਦੀ 'ਚ ਬਣੇ ਕਲਾਸੀਕਲ ਘਰ 'ਚ ਬਣਿਆ ਹੋਇਆ ਹੈ। ਭਵਨ ਦੀ ਡਿਜ਼ਾਈਨਿੰਗ ਤੋਂ ਇਲਾਵਾ ਮਿਊਜ਼ੀਅਮ 'ਚ ਪੇਂਟਿੰਗਾਂ ਨੂੰ ਵੀ ਦੇਖ ਸਕਦੇ ਹੋ। ਇਸ 'ਚ 20ਵੀਂ ਸਦੀ ਦੌਰਾਨ ਰੂਸੀ ਤੇ ਵਿਦੇਸ਼ੀ ਕਲਾਕਾਰਾਂ ਵੱਲੋਂ ਬਣਾਈਆਂ ਗਈਆਂ ਪੇਂਟਿੰਗਾਂ, ਮੂਰਤੀਆਂ ਅਤੇ ਗ੍ਰਾਫ਼ਿਕਸ ਹਰ ਕਿਤੇ ਤਹਾਨੂੰ ਦੇਖਣ ਨੂੰ ਨਹੀਂ ਮਿਲਣਗੇ।ਕਈ ਹੋਰ ਵਿਸ਼ਵ ਪ੍ਰਸਿੱਧ ਆਰਟਸ ਤੁਸੀਂ ਸਿਰਫ਼ ਇਥੇ ਹੀ ਦੇਖ ਸਕਦੇ ਹੋ।

## ਸੇਂਟ ਪੀਟਰਜ਼ਬਰਗ

ਸੇਂਟ ਪੀਟਰਜ਼ਬਰਗ ਨੂੰ ਰੂਸ ਦੀ ਸ਼ਾਹੀ ਰਾਜਧਾਨੀ ਕਿਹਾ ਜਾਂਦਾ ਹੈ, ਕਿਉਂਕਿ ਇਹ ਵਿਸ਼ਵ ਪ੍ਰਸਿੱਧ ਸ਼ਹਿਰ ਹੈ। ਇਥੇ ਰੂਸ ਦੇ ਕਈ ਸ਼ਾਹੀ ਮਹੱਲ ਅਤੇ ਮਿਊਜ਼ੀਅਮ ਮੌਜੂਦ ਹਨ। ਇਹ ਰੂਸ ਦਾ ਦੂਸਰਾ ਸਭ ਤੋਂ ਵੱਡਾ ਸ਼ਹਿਰ ਹੈ, ਜਿਸ ਦਾ ਸੰਸਕ੍ਰਿਤਿਕ ਤੇ ਰਾਜਨੀਤਕ ਮਹੱਤਵ ਬਹੁਤ ਜ਼ਿਆਦਾ ਹੈ। ਸੈਰ-ਸਪਾਟੇ ਲਈ ਵੀ ਇਹ ਸ਼ਹਿਰ ਪ੍ਰਸਿੱਧ ਹੈ ਅਤੇ ਵੱਡੀ ਗਿਣਤੀ 'ਚ ਸੈਲਾਨੀ ਇਥੇ ਛੁੱਟੀਆਂ ਮਨਾਉਣ ਆਉਂਦੇ ਹਨ।

## ਕਾਜਨ

ਮਾਸਕੋ ਤੋਂ ਵੀ ਪੁਰਾਣਾ ਸ਼ਹਿਰ ਹੈ ਕਾਜਨ, ਜਿਸ ਦੀ ਸਥਾਪਨਾ 1005 'ਚ ਹੋਈ ਸੀ। 2018 ਦੇ ਫੁੱਟਬਾਲ ਵਰਲਡ ਕੱਪ 'ਚ ਮੇਜ਼ਬਾਨ ਹੋਣ ਦੇ ਨਾਲ ਹੀ ਇਸ ਸ਼ਹਿਰ 'ਚ ਪਹਿਲਾਂ ਵੀ ਕਈ ਖੇਡ ਸਰਗਰਮੀਆਂ ਦਾ ਆਯੋਜਨ ਹੋ ਚੁੱਕਿਆ ਹੈ, ਜਿਸ ਕਰਕੇ ਇਸ ਸ਼ਹਿਰ ਨੂੰ ਸਪੋਰਟਸ ਕੈਪੀਟਲ ਆਫ਼ ਰਸ਼ੀਆ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਥੇ ਕਾਜਨ ਕ੍ਰੇਮਵਿਲਨ, ਕੁਲ ਸ਼ਰੀਫ ਮਸਜਿਦ ਜਿਹੀਆਂ ਥਾਵਾਂ ਵੀ ਦੇਖਣਯੋਗ ਹਨ।

## ਸਾਮਾਰਾ

ਰੂਸ ਦਾ ਸ਼ਹਿਰ ਸਾਮਾਰਾ 2 ਨਦੀਆਂ ਸਾਮਾਰਾ ਤੇ ਵੋਲਗਾ ਦੇ ਮਿਲਾਪ ਵਾਲੀ ਜਗ੍ਹਾ 'ਤੇ ਵਸਿਆ ਹੈ। ਇਸ ਸ਼ਹਿਰ 'ਚ ਕਈ ਖ਼ੂਬਸੂਰਤ ਕੈਥੇਡਰਲ ਤੇ ਰੂਸ ਦੀ ਸਭ ਤੋਂ ਵੱਡੀ ਮਸਜਿਦ ਹੈ। ਯੂਰੀ ਗੈਗਰੀਨ ਨੂੰ ਸਪੇਸ 'ਚ ਲਿਜਾਣ ਵਾਲੇ ਰਾਕੇਟ ਵੋਸਤੋਕ 1 ਦਾ ਨਿਰਮਾਣ ਸਾਮਾਰਾ ਸ਼ਹਿਰ 'ਚ ਹੀ ਹੋਇਆ ਸੀ।

## ਸੋਚੀ

ਭਲੇ ਹੀ ਤੁਸੀਂ ਰੂਸ ਦੇ ਸ਼ਹਿਰਾਂ ਦੇ ਨਾਵਾਂ ਤੋਂ ਵਾਕਿਫ਼ ਨਹੀਂ ਹੋ, ਲੇਕਿਨ ਸੋਚੀ ਦਾ ਨਾਂ ਤੁਸੀਂ ਪਹਿਲਾਂ ਵੀ ਸੁਣਿਆ ਹੋਵੇਗਾ, ਕਿਉਂਕਿ ਫੁੱਟਬਾਲ ਵਰਲਡ ਕੱਪ 2018 ਦੀ ਮੇਜ਼ਬਾਨੀ ਕਰਨ ਤੋਂ ਪਹਿਲਾਂ ਰੂਸ ਦਾ ਕੋਸਟਲ ਸ਼ਹਿਰ ਸੋਚੀ 2014 ਦੀਆਂ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰ ਚੁੱਕਿਆ ਹੈ। ਇਥੇ ਵਾਈਜੈਨਟਾਈਨ ਦੇ ਸਮੇਂ ਦੇ ਖੰਡਰ ਹਨ, ਮਿਊਜ਼ੀਅਮ ਹਨ, ਜਿਸ ਕਰਕੇ ਸੋਚੀ ਆਰਟ ਅਤੇ ਇਤਿਹਾਸ 'ਚ ਦਿਲਚਸਪੀ ਰੱਖਣ ਵਾਲਿਆਂ ਲਈ ਵਧੀਆ ਸ਼ਹਿਰ ਹੈ। •




# ਪੰਜਾਬੀਅਤ ਦੇ ਰੰਗ 'ਚ ਰੰਗਿਆ ਸਾਊਥਹਾਲ



ਸੰਜੀਵ ਗੁਪਤਾ
97816-07000

*ਪੰਜਾਬੀਆਂ ਦੀ ਸਾਊਥਹਾਲ 'ਚ ਵੱਡੀ ਵਸੋਂ ਕਾਰਨ ਜਿੱਥੇ ਇੰਡੀਅਨ ਸਟੋਰ ਹਨ, ਉੱਥੇ ਵੱਡੇ-ਵੱਡੇ ਕਾਰਪੋਰੇਟ, ਟੈਸਕੋ ਅਤੇ ਹੋਰ ਸਟੋਰਾਂ ਵੱਲੋਂ ਵੀ ਭਾਰਤੀਆਂ ਲਈ ਰੋਜ਼ਾਨਾ ਵਰਤੋਂ ਵਾਲੇ ਸਾਮਾਨ ਲਈ ਅਲੱਗ ਥਾਂ ਨਿਸ਼ਚਿਤ ਕੀਤੀ ਹੋਈ ਹੈ। ਇਥੇ ਪੰਜਾਬੀਆਂ ਨੇ ਕਰੀਬ ਇਕ ਦਰਜਨ ਗੁਰਦੁਆਰਾ ਸਾਹਿਬ ਸਥਾਪਿਤ ਕੀਤੇ ਹਨ...*

ਭਾਰਤ ਦਾ ਖ਼ੁਸ਼ਹਾਲ ਸੂਬਾ ਪੰਜਾਬ ਜੋ ਕਿਸੇ ਸਮੇਂ ਪੂਰੇ ਦੇਸ਼ ਦਾ ਢਿੱਡ ਭਰਦਾ ਸੀ ਅਤੇ ਦੇਸ਼ 'ਤੇ ਜਦ ਵੀ ਕਦੇ ਭੀੜ ਪਈ ਜਾਂ ਗੋਰਿਆਂ ਦੀ ਜਕੜ 'ਚੋਂ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਵਾਰੀ ਆਈ ਤਾਂ ਇਤਿਹਾਸ ਗਵਾਹ ਹੈ ਪੰਜਾਬੀਆਂ ਨੇ ਅੱਗੇ ਵੱਧ ਕੇ ਟਾਕਰਾ ਕਰਦਿਆਂ ਹਰ ਥਾਂ ਜਿੱਤ 'ਤੇ ਝੰਡੇ ਗੱਡੇ। ਇਸੇ ਗੁਰੂਆਂ, ਪੀਰਾਂ, ਰਿਸ਼ੀਆਂ, ਮੁਨੀਆਂ ਦੀ ਪਵਿੱਤਰ ਧਰਤੀ ਦੇ ਜੰਮਪਲ ਪੰਜਾਬੀਆਂ ਨੇ ਸੱਤ ਸੁਮੰਦਰ ਪਾਰ ਗੋਰਿਆਂ ਦੇ ਦੇਸ਼ ਨੂੰ ਵੀ ਪੰਜਾਬੀਅਤ ਦੇ ਰੰਗ ਵਿਚ ਰੰਗਦਿਆਂ ਵਿਦੇਸ਼ਾਂ ਦੇ ਕਈ ਸ਼ਹਿਰਾਂ ਨੂੰ ਨਾ ਕੇਵਲ ਪੰਜਾਬੀਅਤ ਰੰਗ 'ਚ ਰੰਗਿਆ ਬਲਕਿ ਗੋਰੇ-ਗੋਰੀਆਂ ਵੀ ਪੰਜਾਬੀਅਤ ਦੀ ਚਾਸਨੀ 'ਚ ਭਿੱਜ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਰੀਦ ਬਣ ਗਏ, ਅਜਿਹਾ ਹੀ ਨਜ਼ਾਰਾ ਮੈਂ ਲੰਡਨ ਦੌਰੇ ਦੌਰਾਨ ਸ਼ਹਿਰ ਸਾਊਥਹਾਲ 'ਚ ਅੱਖੀਂ ਦੇਖਿਆ। ਬ੍ਰਿਟਿਸ਼ ਸਰਕਾਰ ਨੇ ਚਾਹੇ ਇਸ ਸ਼ਹਿਰ ਦਾ ਨਾਮ ਸਾਊਥਹਾਲ ਰੱਖਿਆ ਪਰ ਸਾਊਥਹਾਲ ਦੇ ਰੇਲਵੇ ਸਟੇਸ਼ਨ ਤੋਂ ਲੈ ਕੇ ਇਸ ਦੇ ਕਿਸੇ ਵੀ ਹਿੱਸੇ ਵਿਚ ਗੇੜੀ ਕਿਉਂ ਨਾ ਮਾਰ ਲਈਏ, ਉੱਥੇ ਹੀ ਪੰਜਾਬ ਦਾ ਭੁਲੇਖਾ ਪੈਂਦਾ ਹੈ।

ਇਹੀ ਨਹੀਂ ਗੋਰਿਆਂ ਦੀ ਧਰਤੀ ਦੇ ਸਖ਼ਤ ਨਿਯਮਾਂ ਤੇ ਕਾਨੂੰਨ ਅੱਗੇ ਚਾਹੇ ਪਰਿੰਦਾ ਵੀ ਪਰ ਨਹੀਂ ਮਾਰਦਾ ਪਰ ਪੰਜਾਬੀਆਂ ਨੇ ਇਸ ਕਹਾਵਤ ਨੂੰ ਵੀ ਝੂਠ ਸਾਬਿਤ ਕਰਦਿਆਂ ਸਖ਼ਤ ਕਾਨੂੰਨ ਵੀ ਮੋਮ ਕਰ ਦਿੱਤੇ। ਮੋਮ ਤੋਂ ਭਾਵ ਸਾਊਥਹਾਲ ਦੇ ਬਾਜ਼ਾਰਾਂ 'ਚ ਪੰਜਾਬ ਵਾਂਗ ਦੁਕਾਨਾਂ ਦੇ ਬਾਹਰ ਨਜਾਇਜ਼ ਕਬਜ਼ਿਆਂ ਦੀ ਤਰ੍ਹਾਂ ਗਾਹਕਾਂ ਨੂੰ ਆਕਰਸ਼ਿਤ ਕਰਨ ਲਈ ਕਈ-ਕਈ ਫੁੱਟ ਦੁਕਾਨਾਂ ਦੇ ਬਾਹਰ ਸਮਾਨ ਸਜਾ ਕੇ ਰੱਖਿਆ ਹੋਇਆ ਹੈ। ਪੰਜਾਬੀਆਂ ਨੂੰ ਦੇਖ ਇਨ੍ਹਾਂ ਬਾਜ਼ਾਰਾਂ ਵਿਚ ਗੋਰੇ ਵੀ ਰੀਸੋ-ਰੀਸ ਅਜਿਹਾ ਹੀ ਕਰਨ ਲੱਗ ਪਏ ਹਨ। ਲੰਡਨ ਦਾ ਸ਼ਹਿਰ ਸਾਊਥਹਾਲ ਪੰਜਾਬੀਆਂ ਦੀ ਪਸੰਦ ਬਣਨ ਦਾ ਮੁੱਖ ਕਾਰਨ ਇਥੋਂ ਦਾ ਸਾਰਿਆਂ ਨਾਲੋਂ ਵੱਡਾ ਅਤੇ ਦੁਨੀਆ ਦਾ ਪ੍ਰਸਿੱਧ ਹੀਥਰੋ ਏਅਰਪੋਰਟ ਨੇੜੇ ਹੈ। ਭਾਰਤ ਸਮੇਤ ਵੱਖ-ਵੱਖ ਦੇਸ਼ਾਂ 'ਚ ਵਸਦੇ ਪੰਜਾਬੀ, ਗੁਜਰਾਤੀ ਅਤੇ ਪਾਕਿਸਤਾਨੀ ਵੀ ਜਦੋਂ ਵੀ ਲੰਡਨ ਵਸਣ ਲਈ ਆਏ ਤਾਂ ਉਨ੍ਹਾਂ 'ਚੋਂ ਵੱਡੀ ਗਿਣਤੀ 'ਚ ਆਪਣਾ ਡੇਰਾ ਸਾਊਥਹਾਲ ਹੀ ਲਾਉਂਦੇ ਸਨ, ਕਿਉਂਕਿ ਜਿਨ੍ਹਾਂ ਕੋਲ ਵੀ ਉਨ੍ਹਾਂ ਨੇ ਆ ਕੇ ਰਹਿਣਾ ਹੁੰਦਾ ਸੀ, ਉਹ ਜ਼ਿਆਦਾਤਰ ਸਾਊਥਹਾਲ 'ਚ ਹੀ ਰਹਿੰਦੇ ਸਨ। ਸਮੇਂ ਦੇ ਨਾਲ-ਨਾਲ ਮਿਹਨਤਾਂ ਨਾਲ ਜਿਵੇਂ-ਜਿਵੇਂ ਕਾਮਯਾਬੀ ਮਿਲਦੀ ਗਈ ਪੰਜਾਬੀਆਂ ਨੇ ਲੰਡਨ ਦੇ ਹਰ ਸ਼ਹਿਰ ਵਿਚ ਆਪਣੇ ਸੁਪਨਿਆਂ ਨੂੰ ਸੱਚ ਕਰਦਿਆਂ ਆਲੀਸ਼ਾਨ ਮਹਿਲ ਤਕ ਉਸਾਰੇ ਪਰ ਪੰਜਾਬ ਦਾ ਭੁਲੇਖਾ ਪਾਉਂਦੇ ਸਾਊਥਹਾਲ ਦੀ ਕੋਈ ਰੀਸ ਨਹੀਂ। ਇਸ ਸ਼ਹਿਰ 'ਚ ਰਹਿਣ ਵਾਲੇ ਪੰਜਾਬੀਆਂ ਦਾ ਜ਼ਿਆਦਾ ਕੱਪੜੇ, ਗਰੋਸਰੀ, ਰੈਡੀਮੇਡ ਦਾ ਕੰਮ ਹੈ। ਇਸ ਤੋਂ ਇਲਾਵਾ ਇੰਡੀਅਨ ਰੈਸਟੋਰੈਂਟ, ਜਿੱਥੇ ਭਾਰਤੀ ਖ਼ਾਸ ਕਰ ਪੰਜਾਬੀ ਅਤੇ ਗੋਰੇ ਵੀ ਪੰਜਾਬ ਦੇ ਤੜਕਿਆਂ ਅਤੇ ਖੱਟੀ-ਮਿੱਠੀ ਅਤੇ ਤਿੱਖੀਆਂ ਆਈਟਮਾਂ ਦੇ ਚਟਕਾਰੇ ਲਈ ਭੱਜੇ ਆਉਂਦੇ ਹਨ।

ਪੰਜਾਬੀਆਂ ਦੀ ਸਾਊਥਹਾਲ 'ਚ ਵੱਡੀ ਵਸੋਂ ਦੇ ਚਲਦਿਆਂ ਜਿੱਥੇ ਇੰਡੀਅਨ ਸਟੋਰ ਹਨ, ਉੱਥੋਂ ਦੇ ਵੱਡੇ-ਵੱਡੇ ਕਾਰਪੋਰੇਟ, ਟੈਸਕੋ ਅਤੇ ਹੋਰ ਸਟੋਰਾਂ ਵੱਲੋਂ ਵੀ ਭਾਰਤੀਆਂ ਲਈ ਹਲਦੀ, ਮਿਰਚ ਤੋਂ ਲੈ ਕੇ ਤਮਾਮ ਮਸਾਲਿਆਂ ਲਈ ਅਲੱਗ ਥਾਂ ਨਿਸ਼ਚਿਤ ਕੀਤੀ ਹੋਈ ਹੈ। ਛੋਟੇ ਜਿਹੇ ਸ਼ਹਿਰ ਸਾਊਥਹਾਲ ਵਿਚ ਵਸੇ ਪੰਜਾਬੀਆਂ ਨੇ ਕਰੀਬ ਇਕ ਦਰਜਨ ਗੁਰਦੁਆਰਾ ਸਾਹਿਬ ਵੀ ਸਥਾਪਿਤ ਕੀਤੇ, ਜਿੱਥੇ ਰੋਜ਼ਾਨਾ ਸਿੱਖ ਨਤਮਸਤਕ ਹੁੰਦੇ, ਉੱਥੇ ਐਤਵਾਰ ਨੂੰ ਇਨ੍ਹਾਂ ਗੁਰਦੁਆਰਿਆਂ ਵਿਚ ਸੰਗਤਾਂ ਦਾ ਵੱਡਾ ਇਕੱਠ ਮੱਥਾ ਟੇਕਣ ਪਹੁੰਚਦਾ ਅਤੇ ਬਾਣੀ ਤੇ ਕੀਰਤਨ ਸਰਵਣ ਕਰਨ ਦੇ ਨਾਲ-ਨਾਲ ਗੁਰੂ ਘਰ ਸੇਵਾ ਕਰਨਾ ਨਹੀਂ ਭੁੱਲਦੇ। ਸਾਊਥਹਾਲ ਦੇ ਗੁਰਦੁਆਰਾ ਸਿੰਘ ਸਭਾ ਸਮੇਤ ਹੋਰਾਂ ਗੁਰਦੁਆਰਿਆਂ 'ਚ ਅਕਸਰ ਪੰਜਾਬ ਤੋਂ ਪ੍ਰਸਿੱਧ ਕੀਰਤਨੀ, ਸੰਤ ਮਹਾਂਪੁਰਸ਼ ਗੁਰੂ ਮਹਿਮਾ ਦਾ ਗੁਣਗਾਨ ਕਰਨ ਜਾਂਦੇ ਹਨ। ਪੰਜਾਬੀਅਤ ਦੇ ਰੰਗ ਵਿਚ ਰੰਗੇ ਸਾਊਥਹਾਲ ਦੇ ਰੇਲਵੇ ਸਟੇਸ਼ਨ ਦੇ ਬਾਹਰ ਵੀ ਪੰਜਾਬੀ ਵਿਚ ਲਿਖਿਆ ਹੋਇਆ ਹੈ, ਜੋ ਹਰ ਪੰਜਾਬੀ ਲਈ ਮਾਣ ਵਾਲੀ ਗੱਲ ਹੈ ਕਿ ਗੋਰਿਆਂ ਦੀ ਧਰਤੀ 'ਤੇ ਵੀ ਪੰਜਾਬੀਅਤ ਦਾ ਬੋਲਬਾਲਾ ਹੈ। •








# ਕੈਨੇਡਾ 'ਚ ਇਨਸਾਨੀ ਜਜ਼ਬੇ ਦੀ ਗਾਥਾ ਹੈ ਸਲਫ਼ਰ ਦੀ ਪਹਾੜੀ

*ਸਲਫ਼ਰ ਦੀ ਪਹਾੜੀ ਨਾਲ ਨੌਰਮਨ ਸੈਨਸਨ ਨਾਂ ਦੇ ਵਿਅਕਤੀ ਦੇ ਸਿਰੜੀ ਜਜ਼ਬੇ ਦਾ ਮਾਣਮੱਤਾ ਇਤਿਹਾਸ ਜੁੜਿਆ ਹੋਇਆ ਹੈ। ਇਹ ਜਜ਼ਬੇ ਵਾਲਾ ਬੰਦਾ ਮੌਸਮ ਵਿਭਾਗ ਦਾ ਕਰਮਚਾਰੀ ਤੇ ਬੈਂਫ਼ ਮਿਊਜ਼ੀਅਮ ਦਾ ਮੁਖੀ ਸੀ...*



ਰਾਮਦਾਸ ਬੰਗੜ
9915353800

ਕੈਨੇਡਾ ਦੀ ਇਕ ਖ਼ੂਬਸੂਰਤ ਅਤੇ ਚਰਚਿਤ ਪਹਾੜੀ ਦਾ ਨਾਂ ਹੈ ਸਲਫ਼ਰ। ਇਹ ਪਹਾੜੀ ਇਨਸਾਨੀ ਜਜ਼ਬੇ ਦੀ ਗਾਥਾ ਨੂੰ ਬਿਆਨ ਕਰਦੀ ਹੈ। ਇਹ ਪਹਾੜੀ ਅੱਜ-ਕੱਲ੍ਹ ਦੇਸ਼-ਵਿਦੇਸ਼ ਤੋਂ ਆਉਂਦੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇੱਥੇ ਪਹੁੰਚ ਕੇ ਪਤਾ ਚੱਲਦਾ ਹੈ ਕਿ ਇਸ ਧਰਤੀ 'ਤੇ ਹੈਰਾਨੀਜਨਕ ਕਾਰਨਾਮੇ ਕਰਨ ਵਾਲੇ ਇਨਸਾਨਾਂ ਦੀ ਕਦਰ ਹੁੰਦੀ ਹੈ। ਕਿਸੇ ਇਕ ਇਨਸਾਨ ਦੇ ਜਜ਼ਬੇ ਦੀ ਕਦਰ ਇਸ ਤਰ੍ਹਾਂ ਹੁੰਦੀ ਵੇਖ ਕੇ ਸਿਰ ਝੁਕ ਜਾਂਦਾ ਹੈ ਇਨ੍ਹਾਂ ਕਦਰਦਾਨਾਂ ਦੀ ਸੋਚ ਅਤੇ ਉੱਦਮਾਂ ਅੱਗੇ। ਸਲਫ਼ਰ ਦੀ ਪਹਾੜੀ ਨਾਲ ਨੌਰਮਨ ਸੈਨਸਨ ਨਾਂ ਦੇ ਵਿਅਕਤੀ ਦੇ ਸਿਰੜੀ ਜਜ਼ਬੇ ਦਾ ਮਾਣਮੱਤਾ ਇਤਿਹਾਸ ਜੁੜਿਆ ਹੋਇਆ ਹੈ। ਇਹ ਜਜ਼ਬੀ ਬੰਦਾ ਮੌਸਮ ਵਿਭਾਗ ਦਾ ਕਰਮਚਾਰੀ ਅਤੇ ਬੈਂਫ਼ ਮਿਊਜ਼ੀਅਮ ਦਾ ਮੁਖੀ ਸੀ। ਉਹ ਮੌਸਮ ਦੀ ਜਾਣਕਾਰੀ ਸਬੰਧੀ ਵੇਰਵੇ ਪ੍ਰਾਪਤ ਕਰ ਕੇ ਕੈਨੇਡਾ ਦੇ ਲੋਕਾਂ ਨੂੰ ਸੁਚੇਤ ਕਰਿਆ ਕਰਦਾ ਸੀ ਕਿ ਆਉਣ ਵਾਲੇ ਸਮੇਂ ਵਿਚ ਬਰਫ਼ਬਾਰੀ ਹੋਵੇਗੀ, ਮੀਂਹ ਪਵੇਗਾ ਧੁੱਪ ਚਮਕੇਗੀ ਜਾਂ ਫਿਰ ਤੇਜ਼ ਹਵਾਵਾਂ ਵਗਣਗੀਆਂ।

ਇਹ ਸਭ ਪਤਾ ਕਰਨ ਲਈ ਉਸ ਨੂੰ ਸਲਫ਼ਰ ਦੀ ਪਹਾੜੀ ਦੀ ਚੋਟੀ 'ਤੇ ਪੁੱਜਣਾ ਪੈਂਦਾ ਸੀ, ਜਿੱਥੇ ਸਿਹਤ ਵਿਭਾਗ ਵੱਲੋਂ ਦਿੱਤੇ ਗਏ ਉਪਕਰਨਾਂ ਨਾਲ ਉਹ ਮੌਸਮ ਸਬੰਧੀ ਜਾਣਕਾਰੀ ਪ੍ਰਾਪਤ ਕਰਦਾ ਸੀ। ਪਹਾੜੀ ਦੀ ਉਚਾਈ 2.5 ਕਿਲੋਮੀਟਰ ਸੀ। ਨੌਰਮਨ ਸੈਨਸਨ ਦੀ ਹਿੰਮਤ ਦੇ ਬਲਿਹਾਰੇ ਜਾਈਏ ਕਿ ਉਹ ਇਸ ਪਹਾੜੀ 'ਤੇ ਪੈਦਲ ਹੀ ਚੜ੍ਹਦਾ ਅਤੇ ਮੌਸਮ ਦੀ ਜਾਣਕਾਰੀ ਲੈ ਕੇ ਉਨ੍ਹੀਂ ਪੈਰੀਂ ਹੀ ਵਾਪਸ ਵੀ ਮੁੜਦਾ। ਉਸ ਦੇ ਨਾਲ ਉਸ ਦਾ ਇਕ ਲਾਡਲਾ ਕੁੱਤਾ ਵੀ ਜ਼ਰੂਰ ਹੁੰਦਾ ਸੀ। ਪਹਾੜੀ ਜਿੰਨੀ ਉੱਚੀ ਓਨੀ ਹੀ ਜੰਗਲੀ ਵੀ ਸੀ। ਇਸ ਜੰਗਲ ਵਿਚ ਖ਼ਤਰਨਾਕ ਪਹਾੜੀ ਸ਼ੇਰ, ਭਾਲੂ ਤੋਂ ਇਲਾਵਾ ਰਿੱਛ, ਪਹਾੜੀ ਹਿਰਨ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਜੰਗਲੀ ਜਾਨਵਰ ਅਤੇ ਜੀਵ ਜੰਤੂ ਆਪਣਾ ਘਰ ਬਣਾ ਕੇ ਰਹਿੰਦੇ ਸਨ। ਇਸ ਜ਼ੋਖ਼ਮ ਭਰੀ ਡਿਊਟੀ ਨੂੰ ਨਿਭਾਉਣ ਲਈ ਉਹ ਹਜ਼ਾਰਾਂ ਵਾਰ ਇਸ ਪਹਾੜੀ ਦੇ ਰਾਹਵਾਂ ਨੂੰ ਗਾਹੁੰਦਾ ਰਿਹਾ। ਉਸ ਵਕਤ ਕੰਪਿਊਟਰ ਦਾ ਯੁਗ ਨਾ ਹੋਣ ਕਰਕੇ ਉਹ ਹੱਥੀਂ ਹੀ ਲਿਖਤ-ਪੜ੍ਹਤ ਦਾ ਕੰਮ ਕਰਦਾ ਸੀ।

> **ਕੌਣ ਸੀ ਨੌਰਮਨ ਸੈਨਸਨ?**
>
> *ਹਿੰਮਤੀ, ਦਲੇਰ ਅਤੇ ਜਜ਼ਬੇ ਵਾਲੇ ਇਨਸਾਨ ਨੌਰਮਨ ਸੈਨਸਨ 1985 ਵਿਚ ਕੈਨੇਡਾ ਫ਼ੌਜ ਵਿਚ ਨੌਕਰੀ ਕਰਦਾ ਸੀ। ਬਾਅਦ ਵਿਚ ਫ਼ੌਜ ਦੀ ਨੌਕਰੀ ਛੱਡ ਦਿੱਤੀ ਅਤੇ ਮੌਸਮ ਵਿਭਾਗ ਵਿਚ ਨੌਕਰੀ ਹਾਸਿਲ ਕਰ ਲਈ। ਉਹ ਇਸ ਦੇ ਨਾਲ-ਨਾਲ ਬੈਂਫ਼ ਸ਼ਹਿਰ ਵਿਚ ਬਣੇ ਮਿਊਜ਼ੀਅਮ ਵਿਚ ਬਤੌਰ ਮੁਖੀ ਵਜੋਂ ਵੀ ਸੇਵਾਵਾਂ ਨਿਭਾਉਂਦਾ ਰਿਹਾ। ਉਸ ਦੀ ਡਿਊਟੀ ਇਹ ਸੀ ਕਿ ਪਹਾੜ ਦੀ ਚੋਟੀ 'ਤੇ ਜਾ ਕੇ ਮੌਸਮ ਸਬੰਧੀ ਵੇਰਵੇ ਇਕੱਤਰ ਕਰਨੇ। ਪਹਾੜੀ ਦੇ ਸਿਖਰ 'ਤੇ ਇਕ ਛੋਟਾ ਜਿਹਾ ਕੈਬਿਨ ਰੱਖਿਆ ਗਿਆ, ਜਿਸ ਨੂੰ ਉਹ ਦਫ਼ਤਰ ਵਜੋਂ ਵਰਤਦਾ ਸੀ। ਉਹ 84 ਸਾਲ ਦੀ ਉਮਰ ਤਕ ਇਸ ਪਹਾੜੀ 'ਤੇ ਚੜ੍ਹਦਾ ਤੇ ਉਤਰਦਾ ਰਿਹਾ।*

## ਗੰਡੋਲਾ ਟੂਰਿਸਟ ਵਜੋਂ ਹੋਇਆ ਪ੍ਰਸਿੱਧ

ਕੈਲਗਰੀ ਤੋਂ ਵੈਨਕੂਵਰ ਨੂੰ ਜਾਂਦੇ ਰਾਸ਼ਟਰੀ ਰਾਜ ਮਾਰਗ 'ਤੇ ਪੈਂਦੇ ਸ਼ਹਿਰ ਬੈਂਫ਼ ਦੇ ਬਿਲਕੁਲ ਨੇੜੇ ਗੰਡੋਲਾ ਦੇ ਨਾਂ ਨਾਲ ਜਾਣੇ ਜਾਂਦੇ ਇਸ ਸਥਾਨ ਉੱਪਰ ਸੈਲਾਨੀਆਂ ਦੀ ਵੱਡੀ ਭੀੜ ਲੱਗੀ ਰਹਿੰਦੀ ਹੈ। ਸੈਲਾਨੀਆਂ ਨੂੰ ਇਸ ਪਹਾੜੀ ਦੇ ਉੱਪਰ ਤਕ ਪਹੁੰਚਦੇ ਕਰਨ ਲਈ ਟਿੰਬਰ ਟਰਾਲੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਟਰਾਲੀ 8 ਤੋਂ 10 ਮਿੰਟ ਵਿਚ ਪਹਾੜੀ ਦੇ ਸਿਖਰ ਤਕ ਪਹੁੰਚਦੀ ਹੈ। ਪਹਾੜੀ ਦੇ ਉੱਪਰ 4 ਮੰਜ਼ਲੀ ਖ਼ੂਬਸੂਰਤ ਇਮਾਰਤ ਬਣੀ ਹੋਈ ਹੈ, ਜਿਸ ਵਿਚ ਇਕ ਰੈਸਟੋਰੈਂਟ ਅਤੇ 2 ਕੈਫੇ ਬਣੇ ਹੋਏ ਹਨ, ਜਿੱਥੇ ਮੀਟ, ਪਾਸਤਾ, ਸਲਾਦ, ਪੀਜ਼ਾ ਵਗੈਰਾ ਖਾਣ ਲਈ ਤਿਆਰ ਮਿਲਦੇ ਹਨ। ਚੌਥੀ ਮੰਜ਼ਿਲ ਉੱਪਰ ਖ਼ੂਬਸੂਰਤ ਵਿਊ ਦਿਖਾਈ ਦਿੰਦਾ ਹੈ। ਇਸ ਇਮਾਰਤ ਦੇ ਬਾਹਰ ਵਿਹੜੇ ਵਿਚ ਸ਼ੀਸ਼ੇ ਦੇ ਬਣੇ ਭਾਲੂ ਦਾ ਖ਼ੂਬਸੂਰਤ ਬੁੱਤ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਇਸ ਇਮਾਰਤ 'ਤੇ ਪਹੁੰਚਣ ਤੋਂ ਬਾਅਦ ਕਰੀਬ ਇਕ ਕਿਲੋਮੀਟਰ ਦੀ ਚੜ੍ਹਾਈ ਲੱਕੜ ਦੀਆਂ ਮਜ਼ਬੂਤ ਪੌੜੀਆਂ ਰਾਹੀਂ ਤੈਅ ਕਰਨੀ ਪੈਂਦੀ ਹੈ। ਇਨ੍ਹਾਂ ਪੌੜੀਆਂ ਦੀ ਹੱਦ ਨੌਰਮਨ ਸੈਨਸਨ ਦੇ ਬਣਾਏ ਗਏ ਇਤਿਹਾਸਕ ਦਫ਼ਤਰ ਅੱਗੇ ਜਾ ਕੇ ਮੁੱਕਦੀ ਹੈ। •



*ਇੰਗਲੈਂਡ ਕੋਲ ਇਕ ਮਿਆਰੀ ਤੇ ਸੁਲਝੀ-ਸੁਥਰੀ ਜੀਵਨ-ਸ਼ੈਲੀ ਹੈ। ਲੋਕਾਂ ਦੀਆਂ ਸਹੂਲਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਬਿਹਤਰੀਨ ਸਿਸਟਮ ਉਸਾਰਿਆ ਗਿਆ ਹੈ। ਇਥੇ ਬੰਦੇ ਦੀ ਕਦਰ ਹੈ ਅਤੇ ਬਾਕੀ ਸਭ ਚੀਜ਼ਾਂ ਬਾਅਦ 'ਚ ਹਨ...*

# ਅਮੀਰ ਵਿਰਾਸਤ ਵਾਲੇ ਇੰਗਲੈਂਡ ਦੀ ਸੈਰ



ਪ੍ਰੋ. ਕੁਲਬੀਰ ਸਿੰਘ
94171-52513

ਇੰਗਲੈਂਡ ਛੋਟਾ ਪ੍ਰੰਤੂ ਪ੍ਰਭਾਵਸ਼ਾਲੀ ਦੇਸ਼ ਹੈ। ਦੁਨੀਆ 'ਚੋਂ ਘੁੰਮਣ ਫਿਰਨ ਲਈ ਸਭ ਤੋਂ ਵੱਧ ਲੋਕ ਇੰਗਲੈਂਡ ਆਉਂਦੇ ਹਨ। ਸੁਖਾਲੀ ਪਹੁੰਚ ਲੋਕਾਂ ਦੀ ਆਮਦ ਦਾ ਕਾਰਨ ਬਣਦੀ ਹੈ। ਯੂਨੈਸਕੋ ਵੱਲੋਂ ਕਈ ਥਾਵਾਂ ਨੂੰ ਵਿਰਾਸਤੀ ਦਰਜਾ ਦਿੱਤਾ ਗਿਆ ਹੈ। ਸੁੰਦਰ ਕੁਦਰਤੀ ਦ੍ਰਿਸ਼ ਅਤੇ ਮਨ ਮੋਹ ਲੈਣ ਵਾਲੀ ਹਰਿਆਵਲ ਨੂੰ ਨਿਹਾਰਨ ਲਈ ਲੋਕ ਖਿੱਚੇ ਚਲੇ ਆਉਂਦੇ ਹਨ। ਸਮੁੰਦਰੀ ਕੰਢੇ ਵਸੇ ਕਸਬੇ ਵੀ ਖਿੱਚ ਦਾ ਸਬੱਬ ਬਣਦੇ ਹਨ। ਨਿਹਾਇਤ ਖ਼ੂਬਸੂਰਤ ਬਾਗ਼ ਬਗ਼ੀਚੇ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ। ਇੰਗਲੈਂਡ 'ਚ ਕੁੱਲ 66 ਛੋਟੇ-ਵੱਡੇ ਸ਼ਹਿਰ ਹਨ। ਹਰੇਕ ਦੀ ਨਿਵੇਕਲੀ ਪਛਾਣ, ਨਿਵੇਕਲਾ ਮੂੰਹ-ਮੁਹਾਂਦਰਾ ਹੈ ਤੇ ਅਲੱਗ ਸ਼ਖ਼ਸੀਅਤ ਹੈ। ਇੰਗਲੈਂਡ ਦਾ ਅਮੀਰ ਵਿਰਸਾ ਤੇ ਵਿਰਾਸਤ ਹੈ। ਉੱਥੇ 374000 ਵੇਖਣਯੋਗ ਇਮਾਰਤਾਂ ਹਨ। 1500 ਕਿਲ੍ਹੇ ਅਤੇ 2500 ਅਜਾਇਬ ਘਰ ਹਨ। ਮਿਆਰੀ ਤੇ ਵਕਾਰੀ ਵਿਦਿਅਕ ਅਦਾਰੇ ਹਨ।

ਇੰਗਲੈਂਡ ਕੋਲ ਇਕ ਮਿਆਰੀ ਤੇ ਸੁਲਝੀ ਸੁਥਰੀ ਜੀਵਨ-ਸ਼ੈਲੀ ਹੈ। ਲੋਕਾਂ ਦੀਆਂ ਸਹੂਲਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਬਿਹਤਰੀਨ ਸਿਸਟਮ ਉਸਾਰਿਆ ਗਿਆ ਹੈ। ਬੰਦੇ ਦੀ ਕਦਰ ਹੈ ਬਾਕੀ ਸਭ ਚੀਜ਼ਾਂ ਬਾਅਦ 'ਚ ਹਨ। ਖਾਣ ਪੀਣ ਸਾਫ਼-ਸੁਥਰਾ ਤੇ ਸਿਹਤਮੰਦ ਮਿਲਦਾ ਹੈ। ਵਾਤਾਵਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਆਲਾ-ਦੁਆਲਾ ਪ੍ਰਦੂਸ਼ਣ-ਰਹਿਤ ਕਿਵੇਂ ਰਹੇ ਇਸ 'ਤੇ ਧਿਆਨ ਕੇਂਦਰਿਤ ਕਰ ਕੇ ਕਾਫ਼ੀ ਮਿਹਨਤ ਕੀਤੀ ਜਾਂਦੀ ਹੈ। ਪੈਦਲ ਚੱਲਦੇ ਬੰਦੇ ਨੂੰ ਪਹਿਲ ਮਿਲਦੀ ਹੈ। ਉਹਦੇ ਲੰਘਣ ਲਈ ਕਾਰਾਂ, ਬੱਸਾਂ ਸਭ ਰੁਕ ਜਾਂਦੀਆਂ ਹਨ। ਜਿੱਧਰ ਨਜ਼ਰ ਮਾਰੋ ਹਰੇ ਭਰੇ ਰੁੱਖ ਨਜ਼ਰ ਆਉਣਗੇ। ਸੈਨਤਾਂ ਮਾਰਦੇ ਰੰਗ ਬਰੰਗੇ ਫੁੱਲ ਦਿਸਣਗੇ। ਖਾਣ-ਪੀਣ ਸਾਫ਼ ਤੇ ਸ਼ੁੱਧ, ਸਾਹ ਲੈਣ ਲਈ ਕਾਫ਼ੀ ਮਾਤਰਾ 'ਚ ਆਕਸੀਜਨ, ਮਨ ਮੋਹ ਲੈਣ ਵਾਲਾ ਮੌਸਮ, ਕੰਮਾਂ ਕਾਰਾਂ ਦਾ ਰੁਝੇਵਾਂ, ਉਡੂੰ ਉਡੂੰ ਕਰਦੇ ਲੋਕ, ਉਤਸ਼ਾਹ ਨਾਲ ਭਰੀ ਜ਼ਿੰਦਗੀ, ਇਮਾਨਦਾਰੀ ਤੇ ਸੱਚ ਦਾ ਬੋਲਬਾਲਾ। ਧਰਤੀ ਦੇ ਕਿਸੇ ਤਕੜੇ 'ਤੇ ਏਦੂੰ ਵੱਧ ਹੋਰ ਕੀ ਚਾਹੀਦਾ ਹੈ?

ਅਜੋਕੇ ਸਮਿਆਂ 'ਚ ਸੰਚਾਰ-ਪ੍ਰਬੰਧ ਦਾ ਮਹੱਤਵ ਬਹੁਤ ਵੱਧ ਗਿਆ ਹੈ। ਇੰਗਲੈਂਡ ਦੇ 95 ਫ਼ੀਸਦੀ ਲੋਕ ਮੰਨਦੇ ਹਨ ਕਿ ਉਹ ਇਕ ਬਿਹਤਰੀਨ ਦੇਸ਼ ਦੇ ਵਸਨੀਕ ਢੰਗ ਨਾਲ ਆਪਸ 'ਚ ਜੁੜੇ ਹੋਏ ਹਨ ਅਤੇ ਆਪਸ 'ਚ ਦੋਸਤਾਂ ਵਾਂਗ ਰਹਿੰਦੇ ਹਨ। ਇਹ ਉਹ ਚੀਜ਼ ਹੈ ਜਿਹੜੀ ਇੰਗਲੈਂਡ ਨੂੰ ਬਹੁਤ ਸਾਰੇ ਮੁਲਕਾਂ ਨਾਲੋਂ ਰਹਿਣ ਪੱਖੋਂ ਅੱਗੇ ਲੈ ਜਾਂਦੀ ਹੈ। ਸੰਚਾਰ ਪ੍ਰਬੰਧ ਏਨਾ ਪੁਖਤਾ ਹੈ ਕਿ ਕੋਈ ਵੀ ਜਾਣਕਾਰੀ ਸਕਿੰਟਾਂ 'ਚ ਸਭ ਲੋਕਾਂ ਤਕ ਪਹੁੰਚ ਜਾਂਦੀ ਹੈ। ਜੇ ਟਰੇਨ 30 ਸਕਿੰਟ ਲੇਟ ਆ ਰਹੀ ਹੈ ਤਾਂ ਇਸ ਦੀ ਸੂਚਨਾ ਯਾਤਰੀਆਂ ਨੂੰ ਦਿੱਤੀ ਜਾਂਦੀ ਹੈ ਅਤੇ ਮਾਫ਼ੀ ਮੰਗੀ ਜਾਂਦੀ ਹੈ। ਸੁਰੱਖਿਆ ਪੱਖੋਂ ਸੰਚਾਰ ਸਿਸਟਮ ਏਨਾ ਪੁਖਤਾ ਹੈ ਕਿ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਸੰਕਟ ਸਮੇਂ ਕਿਸੇ ਵਿਅਕਤੀ ਨੂੰ ਮਦਦ ਲਈ ਜਿੱਥੇ ਜਿਸ ਚੀਜ਼ ਦੀ ਜ਼ਰੂਰਤ ਪੈ ਸਕਦੀ ਹੈ ਉਹ ਚੀਜ਼ ਉੱਥੇ ਮੌਜੂਦ ਹੁੰਦੀ ਹੈ। ਪਾਣੀ ਦੀ, ਹਵਾ ਦੀ ਸ਼ੁੱਧਤਾ ਪੱਖੋਂ ਇੰਗਲੈਂਡ ਦੇ 97 ਪ੍ਰਤੀਸ਼ਤ ਲੋਕ ਸੰਤੁਸ਼ਟ ਹਨ। ਜਿਸ ਹਵਾ 'ਚ ਉਹ ਸਾਹ ਲੈ ਰਹੇ ਹਨ, ਜਿਹੜਾ ਪਾਣੀ ਉਹ ਪੀ ਰਹੇ ਹਨ ਉਹ ਮਾਪਦੰਡਾਂ 'ਤੇ ਖਰਾ ਉਤਰਦਾ ਹੈ। ਹਵਾ ਅਤੇ ਪਾਣੀ ਜੀਵਨ ਦੀਆਂ ਦੋ ਬੁਨਿਆਦੀ ਜ਼ਰੂਰਤਾਂ ਹਨ। ਸਰਕਾਰਾਂ, ਸਮਾਜ ਅਤੇ ਲੋਕ ਇਨ੍ਹਾਂ ਮਾਮਲਿਆਂ 'ਚ ਕੋਈ ਸਮਝੌਤਾ ਨਹੀਂ ਕਰਦੇ। ਜੀਵਨ ਅਤੇ ਜੀਵਨ ਦੀਆਂ ਲੋੜਾਂ ਨੂੰ ਨਿਹਾਇਤ ਤਰਜੀਹ ਤੇ ਤਵੱਜੋਂ ਦਿੱਤੀ ਜਾਂਦੀ ਹੈ। ਵਾਤਾਵਰਨ ਖ਼ੁਸ਼ਨੁਮਾ ਹੈ ਤਾਂ ਵਸਨੀਕ ਖ਼ੁਸ਼ ਹਨ। ਇਸ ਵਾਰ ਮੇਰੇ ਪਰਿਵਾਰਕ ਮੈਂਬਰਾਂ ਪ੍ਰੋ. ਕੰਵਲਜੀਤ ਕੌਰ, ਨਵਰੂਜ਼ ਸਿੰਘ, ਗੁਰਪੁਨੀਤ ਕੌਰ ਅਤੇ ਸੁਮਾਲੀ ਨੇ ਪੂਰਾ ਇੰਗਲੈਂਡ ਤੇ ਸਕਾਟਲੈਂਡ ਘੁੰਮਣ ਦੀ ਵਿਉਂਤਬੰਦੀ ਕਰ ਰੱਖੀ ਸੀ। ਸਾਡਾ ਪਹਿਲਾ ਪੜਾਅ ਲੰਡਨ ਸੀ।





## ਗਲਾਸਗੋ

ਸਾਡਾ ਦੂਸਰਾ ਪੜਾਅ ਗਲਾਸਗੋ ਸੀ। ਹਿਲਟਨ ਹੋਟਲ 'ਚ ਬੱਚਿਆਂ ਨੇ ਬੁਕਿੰਗ ਕਰਵਾ ਰੱਖੀ ਸੀ। ਅਸੀਂ ਗਲਾਗਸੋ ਤੋਂ ਈਡਨਬਰਗ ਚਲੇ ਗਏ ਤਾਂ ਹੋਟਲ 'ਚ ਅਮਿਤਾਭ ਬੱਚਨ ਰੁਕਿਆ ਸੀ। ਉਸਨੂੰ ਮਿਲਣ ਦਾ ਬਿਹਤਰੀਨ ਮੌਕਾ ਖੁੰਝ ਗਿਆ ਸੀ। ਗਲਾਸਗੋ ਇਕ ਦਿਲਕਸ਼ ਸ਼ਹਿਰ ਹੈ। ਇੰਗਲੈਂਡ ਆਉਣ ਵਾਲੇ ਗਲਾਸਗੋ ਜਾਣਾ ਜ਼ਰੂਰ ਪਸੰਦ ਕਰਦੇ ਹਨ। ਬੇਟਾ ਨਵਰੂਜ਼ ਸਿੰਘ ਅਤੇ ਬੇਟੀ ਸੁਮਾਲੀ ਵੱਖ-ਵੱਖ ਸਮ ਆਪਣੀ ਜੌਬ ਦੇ ਸਿਲਸਿਲੇ 'ਚ ਇੱਥੇ ਰਹਿੰਦੇ ਰਹੇ ਹਨ। ਗਲਾਸਗੋ ਉਨ੍ਹਾਂ ਦਾ ਪਸੰਦੀਦਾ ਸ਼ਹਿਰ ਹੈ। ਇੱਥੇ ਆਰਟ ਗੈਲਰੀ ਤੇ ਮਿਊਜ਼ੀਅਮ ਹੈ, ਕੰਟਰੀ ਪਾਰਕ ਹੈ, ਕੀਨੇਟਿਕ ਥੀਏਟਰ ਹੈ, ਫੁੱਟਬਾਲ ਮਿਊਜ਼ੀਅਮ ਹੈ, ਸਾਇੰਸ ਸੈਂਟਰ ਹੈ, ਰਿਵਰਸਾਈਡ ਮਿਊਜ਼ੀਅਮ ਹੈ ਪਰ ਮੈਨੂੰ ਗਲਾਸਗੋ ਦੇ ਸ਼ਾਂਤ ਵਾਤਾਵਰਨ, ਖੁੱਲ੍ਹੀਆਂ ਸੜਕਾਂ 'ਤੇ ਲੋਕਾਂ ਦੀ ਸਿਆਣਪ ਨੇ ਮੋਹ ਲਿਆ। ਅਸੀਂ ਸਟੇਸ਼ਨ ਦੇ ਬਾਹਰ ਕੈਬ ਦਾ ਇੰਤਜ਼ਾਰ ਕਰ ਰਹੇ ਸਾਂ। ਇਕ ਬਜ਼ੁਰਗ ਨੇ ਕੋਲ ਆ ਕੇ ਪੁੱਛਿਆ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ? ਕੁਝ ਪੁੱਛਣਾ ਚਾਹੁੰਦੇ ਹੋ?

## ਲੰਡਨ

ਲੰਡਨ ਦੀ ਦੁਨੀਆ ਦਾ ਚਰਚਿਤ ਸ਼ਹਿਰ ਹੈ। ਹਰ ਕੋਈ ਇੱਥੇ ਘੁੰਮਣ ਆਉਣਾ ਚਾਹੀਦਾ ਹੈ। ਥੇਮਜ਼ ਦਰਿਆ ਕੰਢੇ ਵੱਸਿਆ ਲੰਡਨ ਹਰ ਕਿਸੇ ਨੂੰ ਆਪਣੇ ਵੱਲ ਖਿੱਚਦਾ ਹੈ। ਇਸ ਨੂੰ ਵਿਸ਼ਵ ਸੱਭਿਆਚਾਰ ਦੀ ਰਾਜਧਾਨੀ ਕਿਹਾ ਜਾਂਦਾ ਹੈ। ਇੱਥੇ 300 ਭਾਸ਼ਾਵਾਂ ਬੋਲਣ ਵਾਲੇ ਲੋਕ ਵੱਸਦੇ ਹਨ। ਇਸ ਨੂੰ ਅਜਾਇਬ ਘਰਾਂ ਦਾ ਘਰ ਵੀ ਆਖਦੇ ਹਨ। ਏਥੇ ਏਨੀਆਂ ਵੇਖਣਯੋਗ ਥਾਵਾਂ ਹਨ ਕਿ ਘੁੰਮਣ ਫਿਰਨ ਗਿਆ ਵਿਅਕਤੀ ਦੁਨੀਆ ਭੁੱਲ ਕੇ ਕਈ ਦਿਨ ਉਨ੍ਹਾਂ 'ਚ ਗਵਾਚਾ ਰਹਿੰਦਾ ਹੈ। ਬ੍ਰਿਟਿਸ਼ ਮਿਊਜ਼ੀਅਮ ਹੈ, ਹਾਈਡ ਪਾਰਕ ਹੈ, ਟਾਵਰ ਆਫ਼ ਲੰਡਨ ਹੈ, ਬਕਿੰਗਮ ਪੈਲੇਸ ਹੈ, ਲੰਡਨ ਆਈ ਹੈ, ਮੇਦਾਮ ਤੁਸਾਦ ਮਿਊਜ਼ੀਅਮ ਹੈ, ਸੀ ਲਾਈਫ਼ ਲੰਡਨ ਹੈ, ਕੇਨਸ਼ਿੰਗਟਨ ਪੈਲੇਸ ਹੈ, ਕਿਲ੍ਹੇ ਹਨ ਪ੍ਰੰਤੂ ਹਰ ਕੋਈ ਸਭ ਤੋਂ ਪਹਿਲਾਂ ਲੰਡਨ ਬ੍ਰਿਜ ਵੇਖਣਾ ਲੋਚਦਾ ਹੈ।

## ਈਡਨਬਰਗ

ਕਲਾ ਪ੍ਰੇਮੀਆਂ ਲਈ ਈਡਨਬਰਗ ਬੜਾ ਖ਼ਾਸ ਹੈ। ਨੈਸ਼ਨਲ ਮਿਊਜ਼ੀਅਮ, ਈਡਨਬਰਗ ਕਿਲ੍ਹਾ, ਰਾਈਟਰਜ਼ ਮਿਊਜ਼ੀਅਮ, ਨੈਸ਼ਨਲ ਗੈਲਰੀ, ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟ, ਡਾਈਨਾਸਿਕ ਅਰਥ, ਮਿਊਜ਼ੀਅਮ ਆਫ਼ ਚਾਈਲਡਹੁੱਡ, ਬੋਟੈਨਿਕ ਗਾਰਡਨ, ਕਮੇਡੀ ਕਲੱਬ, ਵੇਖਣ ਉਪਰੰਤ ਈਡਨਬਰਗ ਦੀ ਅਮੀਰ ਵਿਰਾਸਤ ਤੇ ਅਜੋਕੀ ਅਮੀਰੀ ਦੇ ਭੇਦ ਨੂੰ ਜਾਣਿਆ ਜਾ ਸਕਦਾ ਹੈ। ਲੋਕ ਲੰਬੀਆਂ ਕਤਾਰਾਂ 'ਚ ਘੰਟਿਆਂ ਖੜ੍ਹੇ ਹੋ ਕੇ ਵਾਰੀ ਦਾ ਇੰਤਜ਼ਾਰ ਕਰਦੇ ਹਨ।

## ਨਿਊਕੈਸਲ

ਨਿਊਕੈਸਲ ਸ਼ਹਿਰ ਦੇ ਨਵੇਂਪਣ ਤੇ ਪੁਰਾਤਨਤਾ ਦੇ ਸੁਮੇਲ ਨੂੰ ਸ਼ਹਿਰ ਅੰਦਰ ਵਿਚਰ ਕੇ ਹੀ ਸਮਝਿਆ ਜਾ ਸਕਦਾ ਹੈ। ਲਾਈਫ ਸਾਇੰਸ ਸੈਂਟਰ, ਮੈਟਰੋ ਸੈਂਟਰ, ਏਂਜਲ ਆਫ਼ ਦਾ ਨਾਰਥ, ਸੇਂਟ ਜੇਮਜ਼ ਪਾਰਕ, ਥੀਏਟਰ ਰਾਇਲ, ਗਰੇਟ ਨਾਰਥ ਮਿਊਜ਼ੀਅਮ ਅਤੇ ਬੜਾ ਕੁਝ ਹੋਰ। ਪ੍ਰੰਤੂ ਮੈਨੂੰ ਸਭ ਤੋਂ ਵੱਧ ਨਿਊਕੈਸਲ ਵਿੱਚੋਂ ਵਹਿੰਦੀਆਂ ਨਦੀਆਂ 'ਤੇ ਬਣੇ ਪੁਲ਼ਾਂ ਨੇ ਸਭ ਤੋਂ ਵੱਧ ਆਕਰਸ਼ਿਤ ਕੀਤਾ। ਪੁਲ਼ਾਂ ਦੀ ਤਕਨੀਕ ਅਤੇ ਡਿਜ਼ਾਈਨ ਵੇਖ, ਸਮਝ ਕੇ ਮੈਂ ਅਸ਼-ਅਸ਼ ਕਰ ਉੱਠਿਆ। ਇੰਗਲੈਂਡ ਨੂੰ 'ਲੋਨਲੀ ਪਲੈਨਟ' ਵੀ ਕਿਹਾ ਜਾਂਦਾ ਹੈ। ਇਸ ਦੇ ਆਕਰਸ਼ਣ ਗਿਣਨ ਲੱਗੀਏ ਤਾਂ ਲੰਮੀ ਸੂਚੀ ਬਣ ਜਾਵੇਗੀ। ਸਟੋਨਹੇਨਜ਼ ਅਜਿਹਾ ਯਾਤਰੀ ਸਥਾਨ ਹੈ ਜੋ ਤੁਹਾਨੂੰ ਸਦੀਆਂ ਪਿਛਲੇ ਸਮੇਂ ਵਿਚ ਲੈ ਜਾਵੇਗਾ ਅਤੇ ਤੁਸੀਂ ਸੋਚਾਂ ਦੇ ਸੁਮੰਦਰ 'ਚ ਲਹਿ ਜਾਵੋਗੇ। ਪੁਰਾਣੀਆਂ ਵਸਤਾਂ ਨੂੰ ਸਾਂਭਣ ਸੰਭਾਲਣ ਦੀ ਕਲਾ ਦੇ ਕਾਇਲ ਹੋ ਜਾਵੋਗੇ। ਉਨ੍ਹਾਂ ਦੇ ਮਹੱਤਵ ਨੂੰ ਸਮਝਣ ਸਮਝਾਉਣ ਦੀ ਵਿਧੀ ਤੇ ਢੰਗ ਤਰੀਕਿਆਂ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੋਏ ਬਿਨਾਂ ਨਹੀਂ ਰਹੋਗੇ।

## ਚਲਦੇ-ਚਲਦੇ

ਨਿਊਕੈਸਲ ਵਿਖੇ ਰਾਤ ਖਾਣਾ ਖਾਣ ਲਈ ਇਕ ਭਾਰਤੀ ਰੈਸਟੋਰੈਂਟ 'ਤੇ ਗਏ। ਖਾਣਾ ਖਾ ਕੇ ਉੱਠੇ ਤਾਂ ਖਾਣਾ ਪਰੋਸ ਰਹੇ ਵੇਟਰ ਮੇਰੇ ਕੋਲ ਆਏ। ਕਹਿਣ ਲੱਗੇ "ਪੰਜਾਬ ਤੋਂ ਆਏ ਹੋ?" ਮੈ ਹਾਂ 'ਚ ਜਵਾਬ ਦਿੱਤਾ ਤਾਂ ਉਸ ਨੇ ਤੁਰੰਤ ਕਿਹਾ, "ਅਸੀਂ ਵੀ ਪੰਜਾਬ ਤੋਂ ਹਾਂ। ਪਾਕਿਸਤਾਨੀ ਪੰਜਾਬ ਤੋਂ। ਇੱਥੇ ਸਾਰੇ ਰਲ ਮਿਲ ਕੇ ਰਹਿੰਦੇ ਹਾਂ। ਉੱਥੇ ਸਿਆਸਤ ਨੇ ਸਾਰੇ ਬਖੇੜੇ ਖੜ੍ਹੇ ਕਰ ਰੱਖੇ ਨੇ।" ਇੰਨਾ ਕਹਿੰਦਿਆਂ ਉਹ ਉਦਾਸ ਹੋ ਗਿਆ ਅਤੇ ਅਸੀਂ ਸੋਚਾਂ 'ਚ ਡੁੱਬੇ ਰੈਸਟੋਰੈਂਟ 'ਚੋਂ ਬਾਹਰ ਵੱਲ ਹੋ ਤੁਰੇ। •

# ਬਿਹਾਰ SIR: ਸੁਪਰੀਮ ਕੋਰਟ 'ਚ ਸੁਣਵਾਈ ਸ਼ੁਰੂ; ਚੋਣ ਕਮਿਸ਼ਨ ਨੂੰ 'ਤੱਥਾਂ ਤੇ ਅੰਕੜਿਆਂ' ਨਾਲ ਤਿਆਰ ਰਹਿਣ ਦੀ ਹਦਾਇਤ

**ਨਵੀਂ ਦਿੱਲੀ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਵੱਲੋਂ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਅਮਲ ਸ਼ੁਰੂ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ 'ਚ ਸੁਣਵਾਈ ਸ਼ੁਰੂ ਹੋ ਗਈ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ ਆਰਜੇਡੀ ਆਗੂ ਮਨੋਜ ਝਾਅ ਵੱਲੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਦੀਆਂ ਦਲੀਲਾਂ 'ਤੇ ਸੁਣਵਾਈ ਸ਼ੁਰੂ ਕੀਤੀ ਹੈ। ਸਿੱਬਲ ਨੇ ਦਲੀਲ ਦਿੱਤੀ ਕਿ ਇੱਕ ਹਲਕੇ ਵਿੱਚ ਚੋਣ ਪੈਨਲ ਨੇ 12 ਲੋਕਾਂ ਨੂੰ ਮ੍ਰਿਤਕ ਐਲਾਨ ਦਿੱਤਾ, ਹਾਲਾਂਕਿ ਉਨ੍ਹਾਂ ਨੂੰ ਜ਼ਿੰਦਾ ਪਾਇਆ ਗਿਆ ਜਦੋਂ ਕਿ ਇੱਕ ਹੋਰ ਮਾਮਲੇ ਵਿੱਚ ਜ਼ਿੰਦਾ ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਚੋਣ ਕਮਿਸ਼ਨ ਵੱਲੋਂ ਪੇਸ਼ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਅਮਲ ਦੌਰਾਨ 'ਇੱਥੇ ਤੇ ਉੱਥੇ ਕੁਝ ਨੁਕਸ ਹੋਣੇ ਤੈਅ ਹਨ' ਅਤੇ ਇਹ ਦਾਅਵਾ ਕਰਨਾ ਕਿ ਮ੍ਰਿਤਕਾਂ ਨੂੰ ਜ਼ਿੰਦਾ ਅਤੇ ਜ਼ਿੰਦਾ ਨੂੰ ਮ੍ਰਿਤਕ ਐਲਾਨਿਆ ਗਿਆ ਸੀ, ਨੂੰ ਹਮੇਸ਼ਾ ਠੀਕ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਸਿਰਫ਼ ਇੱਕ ਖਰੜਾ ਸੂਚੀ ਸੀ।



ਬੈਂਚ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਤੱਥਾਂ ਤੇ ਅੰਕੜਿਆਂ ਨਾਲ 'ਤਿਆਰ' ਰਹੇ ਕਿਉਂਕਿ ਚੋਣ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਵੋਟਰਾਂ ਦੀ ਗਿਣਤੀ, ਉਸ ਤੋਂ ਪਹਿਲਾਂ ਤੇ ਹੁਣ ਮ੍ਰਿਤਕਾਂ ਦੀ ਗਿਣਤੀ ਤੇ ਹੋਰਨਾ ਸਬੰਧਤ ਵੇਰਵਿਆਂ ਨੂੰ ਲੈ ਕੇ ਸਵਾਲ ਉੱਠਣਗੇ।

ਸਿਖਰਲੀ ਅਦਾਲਤ ਨੇ 29 ਜੁਲਾਈ ਨੂੰ ਚੋਣ ਕਮਿਸ਼ਨ ਨੂੰ ਕਾਨੂੰਨ ਅਨੁਸਾਰ ਕੰਮ ਕਰਨ ਲਈ ਇੱਕ ਸੰਵਿਧਾਨਕ ਅਥਾਰਿਟੀ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਜੇਕਰ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਅਮਲ ਦੌਰਾਨ (ਵੋਟਰਾਂ ਨੂੰ) 'ਵੱਡੇ ਪੱਧਰ 'ਤੇ ਬਾਹਰ' ਕੀਤਾ ਜਾਂਦਾ ਹੈ ਤਾਂ ਉਹ ਤੁਰੰਤ ਦਖਲ ਦੇਵੇਗਾ।

ਵਿਰੋਧੀ ਧਿਰ ਦੇ ਇਨ੍ਹਾਂ ਦਾਅਵਿਆਂ ਕਿ ਇਹ ਅਮਲ ਕਰੋੜਾਂ ਯੋਗ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗਾ, ਦੇ ਬਾਵਜੂਦ ਖਰੜਾ ਸੂਚੀ 1 ਅਗਸਤ ਨੂੰ ਪ੍ਰਕਾਸ਼ਿਤ ਕੀਤੀ ਗਈ ਸੀ ਅਤੇ ਅੰਤਿਮ ਸੂਚੀ 30 ਸਤੰਬਰ ਨੂੰ ਪ੍ਰਕਾਸ਼ਿਤ ਹੋਣ ਦੀ ਉਮੀਦ ਹੈ। ਸਿਖਰਲੀ ਅਦਾਲਤ ਨੇ 10 ਜੁਲਾਈ ਨੂੰ ਪਿਛਲੀ ਸੁਣਵਾਈ ਦੌਰਾਨ ਚੋਣ ਕਮਿਸ਼ਨ ਨੂੰ ਆਧਾਰ, ਵੋਟਰ ਆਈਡੀ ਅਤੇ ਰਾਸ਼ਨ ਕਾਰਡਾਂ ਨੂੰ ਵੈਧ ਦਸਤਾਵੇਜ਼ਾਂ ਵਜੋਂ ਵਿਚਾਰਨ ਲਈ ਕਿਹਾ ਸੀ।

ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਬਿਹਾਰ ਵਿੱਚ ਆਪਣੀ ਪ੍ਰਕਿਰਿਆ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ। ਉਧਰ ਚੋਣ ਕਮਿਸ਼ਨ ਦੇ ਕੋਰਟ ਵਿਚ ਦਾਇਰ ਹਲਫ਼ਨਾਮੇ ਵਿੱਚ ਬਿਹਾਰ ਵਿੱਚ ਵੋਟਰ ਸੂਚੀਆਂ ਦੇ ਚੱਲ ਰਹੇ SIR ਨੂੰ ਇਹ ਕਹਿੰਦਿਆਂ ਜਾਇਜ਼ ਠਹਿਰਾਇਆ ਸੀ ਕਿ ਇਹ ਵੋਟਰ ਸੂਚੀਆਂ ਵਿੱਚੋਂ 'ਅਯੋਗ ਵਿਅਕਤੀਆਂ ਨੂੰ ਬਾਹਰ ਕੱਢ ਕੇ' ਚੋਣਾਂ ਦੀ ਸ਼ੁੱਧਤਾ ਨੂੰ ਵਧਾਉਂਦਾ ਹੈ।

ਆਰਜੇਡੀ ਸੰਸਦ ਮੈਂਬਰ ਝਾਅ ਅਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਮਹੂਆ ਮੋਇਤਰਾ ਤੋਂ ਇਲਾਵਾ, ਕਾਂਗਰਸ ਦੇ ਕੇਸੀ ਵੇਣੂਗੋਪਾਲ, ਸ਼ਰਦ ਪਵਾਰ ਐਨਸੀਪੀ ਧੜੇ ਤੋਂ ਸੁਪ੍ਰੀਆ ਸੂਲੇ, ਭਾਰਤੀ ਕਮਿਊਨਿਸਟ ਪਾਰਟੀ ਤੋਂ ਡੀ. ਰਾਜਾ, ਸਮਾਜਵਾਦੀ ਪਾਰਟੀ ਤੋਂ ਹਰਿੰਦਰ ਸਿੰਘ ਮਲਿਕ, ਸ਼ਿਵ ਸੈਨਾ (ਊਧਵ ਠਾਕਰੇ) ਤੋਂ ਅਰਵਿੰਦ ਸਾਵੰਤ, ਝਾਰਖੰਡ ਮੁਕਤੀ ਮੋਰਚਾ ਤੋਂ ਸਰਫਰਾਜ਼ ਅਹਿਮਦ ਅਤੇ ਸੀਪੀਆਈ (ਐਮਐਲ) ਦੇ ਦੀਪਾਂਕਰ ਭੱਟਾਚਾਰੀਆ ਨੇ ਸਾਂਝੇ ਤੌਰ 'ਤੇ ਚੋਣ ਕਮਿਸ਼ਨ ਦੇ 24 ਜੂਨ ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਸਿਖਰਲੀ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ। ਪੀਯੂਸੀਐਲ, ਗੈਰਸਰਕਾਰੀ ਸੰਗਠਨ ਐਸੋਸੀਏਸ਼ਨ ਆਫ ਡੈਮੋਕਰੇਟਿਕ ਰਿਫਾਰਮਜ਼ ਅਤੇ ਯੋਗੇਂਦਰ ਯਾਦਵ ਜਿਹੇ ਕਾਰਕੁਨਾਂ ਸਣੇ ਕਈ ਹੋਰ ਸਿਵਲ ਸੁਸਾਇਟੀ ਸੰਗਠਨਾਂ ਨੇ ਚੋਣ ਕਮਿਸ਼ਨ ਦੇ ਹੁਕਮ ਵਿਰੁੱਧ ਸਿਖਰਲੀ ਅਦਾਲਤ ਦਾ ਰੁਖ਼ ਕੀਤਾ ਸੀ।

# ਸਪੀਕਰ ਓਮ ਬਿਰਲਾ ਨੇ ਜਸਟਿਸ ਯਸ਼ਵੰਤ ਵਰਮਾ ਖਿਲਾਫ਼ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਐਲਾਨੀ

**ਨਵੀਂ ਦਿੱਲੀ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਖਿਲਾਫ਼ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਐਲਾਨ ਦਿੱਤੀ ਹੈ। ਸੁਪਰੀਮ ਕੋਰਟ ਦੇ ਜੱਜ ਅਰਵਿੰਦ ਕੁਮਾਰ, ਮਦਰਾਸ ਹਾਈ ਕੋਰਟ ਦੇ ਚੀਫ ਜਸਟਿਸ ਮਨਿੰਦਰ ਮੋਹਨ ਸ਼੍ਰੀਵਾਸਤਵ ਅਤੇ ਕਾਨੂੰਨਦਾਨ ਬੀ.ਵੀ. ਆਚਾਰੀਆ ਜਸਟਿਸ ਵਰਮਾ ਵਿਰੁੱਧ ਦੋਸ਼ਾਂ ਦੀ ਜਾਂਚ ਕਰਨਗੇ। ਸਪੀਕਰ ਓਮ ਬਿਰਲਾ ਨੇ ਮੰਗਲਵਾਰ ਨੂੰ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਖਿਲਾਫ ਮਹਾਦੋਸ਼ ਲਈ 146 ਸੰਸਦ ਮੈਂਬਰਾਂ ਵੱਲੋਂ ਦਸਤਖਤ ਕੀਤੇ ਗਏ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ।

ਹੰਗਾਮਾ ਸਦਨ ਵਿਚ ਵਾਰ ਕਾਰਵਾਈ ਮੁਲਤਵੀ ਕੀਤੇ ਜਾਣ ਮਗਰੋਂ ਦੁਪਹਿਰ 12 ਵਜੇ ਮੁੜ ਜੁੜਿਆ ਤਾਂ ਸਪੀਕਰ ਓਮ ਬਿਰਲਾ ਨੇ ਸਦਨ ਨੂੰ ਸੰਬੋਧਨ ਕਰਦੇ ਹੋਏ ਜਸਟਿਸ ਵਰਮਾ ਖਿਲਾਫ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਐਲਾਨ ਕੀਤਾ। ਸਪੀਕਰ ਨੇ ਸਦਨ ਨੂੰ ਦੱਸਿਆ ਕਿ ਮਹਾਦੋਸ਼ ਦੀ ਤਜਵੀਜ਼ ਨੂੰ ਉਦੋਂ ਤੱਕ ਮੁਲਤਵੀ ਰੱਖਿਆ ਜਾਵੇਗਾ ਜਦੋਂ ਤੱਕ ਕਮੇਟੀ ਆਪਣੀ ਰਿਪੋਰਟ ਪੇਸ਼ ਨਹੀਂ ਕਰ ਦਿੰਦੀ। ਸੁਪਰੀਮ ਕੋਰਟ ਦੇ ਜੱਜ ਅਰਵਿੰਦ ਕੁਮਾਰ, ਮਦਰਾਸ ਹਾਈ ਕੋਰਟ ਦੇ ਚੀਫ ਜਸਟਿਸ ਮਨਿੰਦਰ ਮੋਹਨ ਸ਼੍ਰੀਵਾਸਤਵ ਅਤੇ ਕਰਨਾਟਕ ਹਾਈ ਕੋਰਟ ਦੇ ਕਾਨੂੰਨਦਾਨ ਬੀ.ਵੀ. ਆਚਾਰੀਆ ਜਸਟਿਸ ਵਰਮਾ ਵਿਰੁੱਧ ਦੋਸ਼ਾਂ ਦੀ ਜਾਂਚ ਕਰਨਗੇ। ਮੌਨਸੂਨ ਇਜਲਾਸ ਦੇ ਪਹਿਲੇ ਦਿਨ 21 ਜੁਲਾਈ ਨੂੰ ਕਈ ਸੰਸਦ ਮੈਂਬਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਇੱਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਜਸਟਿਸ ਯਸ਼ਵੰਤ ਵਰਮਾ ਨੂੰ ਹਟਾਉਣ ਦੀ ਮੰਗ ਕੀਤੀ ਗਈ ਸੀ।

ਸੰਵਿਧਾਨ ਦੇ ਆਰਟੀਕਲ 124, 217 ਅਤੇ 218 ਦੇ ਤਹਿਤ ਜਸਟਿਸ ਵਰਮਾ ਵਿਰੁੱਧ ਮਹਾਦੋਸ਼ ਪ੍ਰਸਤਾਵ 'ਤੇ ਕੁੱਲ 146 ਲੋਕ ਸਭਾ ਮੈਂਬਰਾਂ ਨੇ ਦਸਤਖਤ ਕੀਤੇ ਸਨ। ਭਾਜਪਾ, ਕਾਂਗਰਸ, ਟੀਡੀਪੀ, ਜੇਡੀਯੂ, ਜੇਡੀ(ਐੱਸ), ਜਨ ਸੈਨਾ ਪਾਰਟੀ, ਏਜੀਪੀ, ਸ਼ਿਵ ਸੈਨਾ (ਸ਼ਿੰਦੇ) ਅਤੇ ਸੀਪੀਐੱਮ ਸਮੇਤ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਮੈਮੋਰੰਡਮ 'ਤੇ ਦਸਤਖਤ ਕੀਤੇ ਹਨ।

ਮੈਮੋਰੰਡਮ 'ਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਭਾਜਪਾ ਸੰਸਦ ਮੈਂਬਰ ਅਨੁਰਾਗ ਸਿੰਘ ਠਾਕੁਰ, ਰਵੀ ਸ਼ੰਕਰ ਪ੍ਰਸਾਦ ਅਤੇ ਰਾਜੀਵ ਪ੍ਰਤਾਪ ਰੂਡੀ, ਕਾਂਗਰਸ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਐੱਨਸੀਪੀ (ਐੱਸਪੀ) ਦੀ ਸੁਪ੍ਰੀਆ ਸੁਲੇ ਸ਼ਾਮਲ ਹਨ। ਲੋਕ ਸਭਾ ਸਪੀਕਰ ਦੁਆਰਾ ਗਠਿਤ ਜਾਂਚ ਪੈਨਲ ਜਸਟਿਸ ਵਰਮਾ ਦੀ ਦਿੱਲੀ ਵਿਚਲੇ ਘਰ 'ਚੋਂ ਨਕਦੀ ਦੀ ਵਸੂਲੀ ਨਾਲ ਸਬੰਧਤ ਮਾਮਲੇ ਦੀ ਜਾਂਚ ਕਰੇਗਾ।

ਕਾਬਿਲੇਗੌਰ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ, ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ ਜਸਟਿਸ ਜੀ.ਐਸ. ਸੰਧਾਵਾਲੀਆ ਅਤੇ ਕਰਨਾਟਕ ਹਾਈ ਕੋਰਟ ਦੇ ਜਸਟਿਸ ਅਨੂ ਸ਼ਿਵਰਾਮਨ ਦੀ ਸ਼ਮੂਲੀਅਤ ਵਾਲੀ ਅੰਦਰੂਨੀ ਕਮੇਟੀ ਨੇ 4 ਮਈ ਦੀ ਆਪਣੀ ਰਿਪੋਰਟ ਵਿੱਚ ਜਸਟਿਸ ਵਰਮਾ ਨੂੰ ਨਵੀਂ ਦਿੱਲੀ ਸਥਿਤ ਉਨ੍ਹਾਂ ਦੇ ਸਰਕਾਰੀ ਨਿਵਾਸ ਦੇ ਸਟੋਰਰੂਮ ਵਿੱਚ ਭਾਰੀ ਮਾਤਰਾ ਵਿੱਚ ਨਕਦੀ ਦੀ ਬਰਾਮਦਗੀ ਲਈ ਦੋਸ਼ੀ ਠਹਿਰਾਇਆ ਸੀ।

# ਜਦੋਂ ਐੱਪਲ ਮਿਊਜ਼ਿਕ ਵਾਲਿਆਂ ਨੇ 'ਸਰ੍ਹੋਂ ਦਾ ਤੇਲ' ਚੋਅ ਕੇ ਕੀਤਾ ਦਿਲਜੀਤ ਦੋਸਾਂਝ ਦਾ ਸਵਾਗਤ

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮਸ਼ਹੂਰ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਜਿੱਥੇ ਵੀ ਜਾਂਦੇ ਹਨ ਪੰਜਾਬ ਦਾ ਸੱਭਿਆਚਾਰ ਹਮੇਸ਼ਾ ਆਪਣੇ ਨਾਲ ਲੈ ਕੇ ਜਾਂਦੇ ਹਨ। ਪਰ ਦਿਲਜੀਤ ਦੀ ਲੋਕਪ੍ਰੀਅਤਾ ਦੇ ਚਲਦਿਆਂ ਹੁਣ ਵਿਦੇਸ਼ਾਂ ਵਿੱਚ ਰਹਿਣ ਵਾਲਿਆਂ ਨੇ ਵੀ ਉਨ੍ਹਾਂ ਦਾ ਸਵਾਗਤ ਪੰਜਾਬ ਦੀਆਂ ਰੀਤਾਂ ਅਨੁਸਾਰ ਕਰਨਾ ਸ਼ੁਰੂ ਕਰ ਦਿੱਤਾ ਹੈ।

ਦਿਲਜੀਤ ਦੋਸਾਂਝ ਦਾ ਐਪਲ ਮਿਊਜ਼ਿਕ ਵੱਲੋਂ ਲਾਸ ਏਂਜਲਸ ਵਿਚ ਪੰਜਾਬ ਦੇ ਰਿਵਾਇਤੀ ਅੰਦਾਜ਼ ਵਿੱਚ ਸਵਾਗਤ ਕੀਤਾ ਗਿਆ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ। ਇਸ ਕਲਿੱਪ ਵਿੱਚ ਦਿਲਜੀਤ ਨੂੰ ਐਪਲ ਮਿਊਜ਼ਿਕ ਸਟੂਡੀਓ ਵਿੱਚ ਦਾਖਲ ਹੁੰਦੇ ਦੇਖਿਆ ਗਿਆ, ਜਿੱਥੇ ਉਨ੍ਹਾਂ ਦਾ ਪੰਜਾਬੀ ਸੱਭਿਆਚਾਰ ਦੀ ਰਵਾਇਤ ÷ਸਰੋਂ ਦਾ ਤੇਲ÷ ਦੀ ਰਸਮ ਨਾਲ ਸਵਾਗਤ ਕੀਤਾ ਗਿਆ। ਪ੍ਰਸ਼ੰਸਕ ਇਸ ਗੱਲ ਦੀ ਖੂਬ ਤਾਰੀਫ਼ ਕਰ ਰਹੇ ਹਨ ਕਿ ਕਿਵੇਂ ਇਸ ਗਲੋਬਲ ਪਲੇਟਫਾਰਮ 'ਤੇ ਭਾਰਤੀ ਖਾਸ ਕਰ ਪੰਜਾਬੀ ਸੱਭਿਆਚਾਰ ਨੂੰ ਇੰਨੇ ਖੂਬਸੂਰਤ ਤਰੀਕੇ ਨਾਲ ਪੇਸ਼ ਕੀਤਾ ਗਿਆ।

ਇੰਨਾ ਹੀ ਨਹੀਂ ਦਿਲਜੀਤ ਨੇ ਇਸ ਵੀਡੀਓ ਵਿੱਚ ਸਰਪ੍ਰਾਈਜ਼ ਵੀ ਦਿੱਤਾ। ਇਸ ਖਾਸ ਪਲ ਦੌਰਾਨ ਉਨ੍ਹਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਨਵਾਂ ਐਲਬਮ ਇਸ ਸਤੰਬਰ ਵਿੱਚ ਰਿਲੀਜ਼ ਹੋਵੇਗੀ, ਜਿਸ ਨਾਲ ਪ੍ਰਸ਼ੰਸਕਾਂ ਵਿੱਚ ਉਤਸ਼ਾਹ ਹੋਰ ਵੀ ਵੱਧ ਗਿਆ ਹੈ। ਐਪਲ ਮਿਊਜ਼ਿਕ ਨੇ ਵੀ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਇਸ ਪਲ ਦੀ ਝਲਕ ਸਾਂਝੀ ਕੀਤੀ।

# ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀ ਰਿਹਾਅ ਕੀਤੇ ਜਾਣ: ਸੁਪਰੀਮ ਕੋਰਟ

**ਨਵੀਂ ਦਿੱਲੀ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਉਨ੍ਹਾਂ ਕੈਦੀਆਂ ਬਾਰੇ ਚਿੰਤਾ ਜ਼ਾਹਰ ਕੀਤੀ ਜੋ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ ਵਿੱਚ ਬੰਦ ਹਨ। ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨਿਰਦੇਸ਼ ਦਿੱਤੇ ਕਿ ਜੇ ਅਜਿਹੇ ਕਿਸੇ ਦੋਸ਼ੀ ਦੀ ਕਿਸੇ ਹੋਰ ਕੇਸ ਵਿੱਚ ਲੋੜ ਨਹੀਂ ਹੈ, ਤਾਂ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਜਸਟਿਸ ਬੀਵੀ ਨਾਗਰਤਨਾ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ 2002 ਦੇ ਨਿਤੀਸ਼ ਕਟਾਰਾ ਕਤਲ ਕੇਸ ਵਿੱਚ ਸੁਖਦੇਵ ਯਾਦਵ ਉਰਫ਼ ਪਹਿਲਵਾਨ ਦੀ ਰਿਹਾਈ ਦਾ ਹੁਕਮ ਦਿੰਦੇ ਹੋਏ ਇਹ ਨਿਰਦੇਸ਼ ਦਿੱਤਾ। ਅਦਾਲਤ ਨੇ ਕਿਹਾ ਕਿ ਯਾਦਵ ਨੇ ਇਸ ਸਾਲ ਮਾਰਚ ਵਿੱਚ ਬਿਨਾਂ ਕਿਸੇ ਛੋਟ ਦੇ ਆਪਣੀ 20 ਸਾਲ ਦੀ ਸਜ਼ਾ ਪੂਰੀ ਕਰ ਲਈ ਸੀ। ਬੈਂਚ ਨੇ ਕਿਹਾ, "ਇਸ ਹੁਕਮ ਦੀ ਕਾਪੀ ਰਜਿਸਟਰੀ ਰਾਹੀਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰਾਂ ਨੂੰ ਭੇਜੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਕੋਈ ਦੋਸ਼ੀ ਜਾਂ ਕੈਦੀ ਸਜ਼ਾ ਦੀ ਮਿਆਦ ਤੋਂ ਬਾਅਦ ਵੀ ਜੇਲ੍ਹ ਵਿੱਚ ਰਿਹਾ ਹੈ।"

ਇਸ ਵਿੱਚ ਅੱਗੇ ਕਿਹਾ ਗਿਆ ਹੈ, "ਜੇ ਅਜਿਹਾ ਹੈ, ਤਾਂ ਅਜਿਹੇ ਦੋਸ਼ੀਆਂ ਨੂੰ ਰਿਹਾਅ ਕਰਨ ਲਈ ਨਿਰਦੇਸ਼ ਜਾਰੀ ਕੀਤੇ ਜਾਣ, ਜੇ ਉਨ੍ਹਾਂ ਦੀ ਕਿਸੇ ਹੋਰ ਮਾਮਲੇ ਵਿੱਚ ਲੋੜ ਨਾ ਹੋਵੇ। ਇਸ ਤਰ੍ਹਾਂ ਦੀ ਇੱਕ ਕਾਪੀ ਮੈਂਬਰ ਸਕੱਤਰ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਨੂੰ ਅੱਗੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਲੀਗਲ ਸਰਵਿਸ ਅਥਾਰਟੀਜ਼ ਦੇ ਮੈਂਬਰ ਸਕੱਤਰਾਂ ਨੂੰ ਭੇਜੀ ਜਾਵੇ ਤਾਂ ਜੋ ਰਾਜਾਂ ਵਿੱਚ ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀਜ਼ ਨੂੰ ਇਸ ਫੈਸਲੇ ਨੂੰ ਲਾਗੂ ਕਰਨ ਲਈ ਕਿਹਾ ਜਾ ਸਕੇ।"

ਸੁਪਰੀਮ ਕੋਰਟ ਨੇ ਕਿਹਾ ਕਿ ਯਾਦਵ ਨੂੰ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਕਰ ਦਿੱਤਾ ਜਾਣਾ ਚਾਹੀਦਾ ਸੀ। ਬੈਂਚ ਨੇ ਕਿਹਾ, "9 ਮਾਰਚ, 2025 ਤੋਂ ਬਾਅਦ ਅਪੀਲਕਰਤਾ ਦੀ ਕੋਈ ਹੋਰ ਕੈਦ ਨਹੀਂ ਹੋ ਸਕਦੀ... ਅਸਲ ਵਿੱਚ 10 ਮਾਰਚ, 2025 ਨੂੰ ਅਪੀਲਕਰਤਾ ਨੂੰ ਰਿਹਾਅ ਕਰ ਦਿੱਤਾ ਜਾਣਾ ਚਾਹੀਦਾ ਸੀ, ਕਿਉਂਕਿ ਉਸ ਨੇ ਆਪਣੀ ਸਜ਼ਾ ਪੂਰੀ ਕਰ ਲਈ ਸੀ।÷ ਸੁਪਰੀਮ ਕੋਰਟ ਨੇ ਇਸ 'ਤੇ ਪਹਿਲਾਂ ਯਾਦਵ ਨੂੰ ਤਿੰਨ ਮਹੀਨਿਆਂ ਦੀ ਫਰਲੋ ਦਿੱਤੀ ਸੀ, ਕਿਉਂਕਿ ਉਸ ਨੇ ਬਿਨਾਂ ਕਿਸੇ ਛੋਟ ਦੇ ਲਗਾਤਾਰ 20 ਸਾਲ ਕੈਦ ਕੱਟੀ ਸੀ। ਫਰਲੋ ਜੇਲ੍ਹ ਤੋਂ ਇੱਕ ਅਸਥਾਈ ਰਿਹਾਈ ਹੁੰਦੀ ਹੈ, ਪੂਰੀ ਸਜ਼ਾ ਦੀ ਮੁਅੱਤਲੀ ਜਾਂ ਛੋਟ ਨਹੀਂ ਹੁੰਦੀ, ਅਤੇ ਇਹ ਆਮ ਤੌਰ 'ਤੇ ਲੰਬੇ ਸਮੇਂ ਦੇ ਕੈਦੀਆਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਨੇ ਆਪਣੀ ਸਜ਼ਾ ਦਾ ਕੁਝ ਹਿੱਸਾ ਕੱਟਿਆ ਹੁੰਦਾ ਹੈ।

ਯਾਦਵ ਦੀ ਪਟੀਸ਼ਨ ਨੇ ਦਿੱਲੀ ਹਾਈ ਕੋਰਟ ਦੇ ਨਵੰਬਰ 2024 ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਨੇ ਉਸ ਨੂੰ ਤਿੰਨ ਹਫ਼ਤਿਆਂ ਲਈ ਫਰਲੋ 'ਤੇ ਰਿਹਾਅ ਕਰਨ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।

# ਪੰਜਾਬ ਸਰਕਾਰ ਨੇ ਕਿਸਾਨਾਂ ਦੀ ਮੰਗ ਮੰਨਦਿਆਂ Land Pooling Policy ਵਾਪਸ ਲਈ: ਹਰਪਾਲ ਚੀਮਾ

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਮੰਗ ਨੂੰ ਮੰਨਦਿਆਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦਾ ਫੈਸਲਾ ਕੀਤਾ ਹੈ।



ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਲੈਂਡ ਪੂਲਿੰਗ ਨੀਤੀ ਤਿਆਰ ਕੀਤੀ ਸੀ, ਪਰ ਜਦੋਂ ਕਿਸਾਨਾਂ ਨੂੰ ਨੀਤੀ ਪਸੰਦ ਨਹੀਂ ਆਈ ਤਾਂ ਉਸ ਨੂੰ ਲਾਗੂ ਨਹੀਂ ਕੀਤਾ ਜਾਵੇਗਾ।

ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਸਰਕਾਰ ਨੇ ਪਿਛਲੇ 10 ਸਾਲਾਂ ਦੇ ਕਾਰਜਕਾਲ ਦੌਰਾਨ 30 ਹਜ਼ਾਰ ਏਕੜ ਜ਼ਮੀਨ 'ਤੇ ਗੈਰਕਾਨੂੰਨੀ ਢੰਗ ਨਾਲ ਕਲੋਨੀਆਂ ਬਣਾਈਆਂ ਹਨ, ਜਿਸ ਕਰਕੇ ਹਜ਼ਾਰਾਂ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ ਕਿਸਾਨ ਹਿਤੈਸ਼ੀ ਪਾਰਟੀ ਹੈ ਅਤੇ ਕਿਸਾਨਾਂ ਦੇ ਹਿੱਤਾਂ ਵਿੱਚ ਵੱਡੇ ਫੈਸਲੇ ਲੈਂਦੀ ਰਹੇਗੀ।

# ਲੋਕਤਾਂਤਰਿਕ ਵਿਵਸਥਾ ਨੂੰ ਮਜਬੂਤ ਬਨਾਉਣ ਵਿੱਚ ਮੀਡੀਆ ਦੀ ਭੂਮਿਕਾ ਬਹੁਤ ਮਹਤੱਵਪੂਰਣ : ਸ੍ਰੀ ਹਰਵਿੰਦਰ ਕਲਿਆਣ

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਕਿਹਾ ਕਿ ਲੋਕਤਾਂਤਰਿਕ ਵਿਵਸਥਾ ਨੂੰ ਮਜਬੂਤ ਬਨਾਉਣ ਵਿੱਚ ਮੀਡੀਆ ਦੀ ਭੂਮਿਕਾ ਬਹੁਤ ਮਹਤੱਵਪੂਰਣ ਹੈ। ਵਿਧਾਨਸਭਾ ਵਿੱਚ ਜਨਤਾ ਦੀ ਭਾਵਨਾਵਾਂ ਨੂੰ ਲੈ ਕੇ ਚਰਚਾ ਹੁੰਦੀ ਹੈ ਅਤੇ ਹੱਲ ਦਾ ਯਤਨ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਕਾਨੂੰਨ ਦਾ ਰੂਪ ਦਿੱਤਾ ਜਾਂਦਾ ਹੈ। ਮੀਡੀਆ ਇਸ ਪ੍ਰਕ੍ਰਿਆ ਵਿੱਚ ਜਨਤਾ ਤੇ ਵਿਧਾਨਮੰਡਲ ਦੇ ਵਿੱਚ ਸੇਤੂ ਦਾ ਕੰਮ ਕਰਦਾ ਹੈ ਅਤੇ ਇਸ ਦਾ ਸੰਵੈਧਾਨਿਕ ਰੂਪ ਨਾਲ ਵੀ ਸਬੰਧ ਹੈ।



ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਹਰਿਆਣਾ ਨਿਵਾਸ ਚੰਡੀਗੜ੍ਹ ਵਿੱਚ ਮੀਡੀਆ ਪਰਸਨਸ ਲਈ ਆਯੋਜਿਤ ਕੀਤੀ ਗਈ ਸਿਖਲਾਈ ਵਰਕਸ਼ਾਪ ਦਾ ਉਦਘਾਟਨ ਕਰਨ ਦੇ ਬਾਅਦ ਆਪਣਾ ਸੰਬੋਧਨ ਦੇ ਰਹੇ ਸਨ। ਉਨ੍ਹਾਂ ਨੇ ਵਰਕਸ਼ਾਪ ਦਾ ਉਦਘਾਟਨ ਦੀਪ ਪ੍ਰਜਵਲੱਤ ਕਰ ਕੇ ਕੀਤਾ। ਹਰਿਆਣਾ ਵਿਧਾਨਸਭਾ ਵੱਲੋਂ ਆਯੋਜਿਤ ਵਰਕਸ਼ਾਪ ਵਿੱਚ ਮੀਡੀਆ ਪਰਸਨਸ ਨੂੰ ਵਿਧਾਨਸਭਾ ਦੀ ਕਾਰਵਾਈ ਨਾਲ ਸਬੰਧਿਤ ਬਾਰੀਕੀਆਂ ਦੇ ਬਾਰੇ ਦਸਿਆ ਗਿਆ।

ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਕਿਹਾ ਕਿ ਸਿੱਖਣ ਦੀ ਕੋਈ ਸੀਮਾ ਨਹੀਂ ਹੁੰਦੀ। ਚਾਹੇ ਅਸੀਂ ਕਿੰਨੀ ਵੀ ਉਚਾਈਆਂ 'ਤੇ ਪਹੁੰਚ ਜਾਣ, ਸੁਧਾਰ ਅਤੇ ਸਿੱਖਣ ਦੀ ਗੁੰਜਾਇਸ਼ ਹਮੇਸ਼ਾ ਬਣੀ ਰਹਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਵਰਕਸ਼ਾਪ ਸਿਰਫ ਰਸਮੀ ਕਾਰਵਾਈ ਨਈਂ, ਸਗੋ ਇਸ ਦਾ ਉਦੇਸ਼ ਦੇਸ਼ ਅਤੇ ਸੂਬੇ ਦੀ ਪ੍ਰਗਤੀ ਵਿੱਚ ਮੀਡੀਆ ਦੀ ਸਰਗਰਮ ਅਤੇ ਰਚਨਾਤਮਕ ਭਾਗੀਦਾਰੀ ਯਕੀਨੀ ਕਰਨਾ ਹੈ।

ਉਨ੍ਹਾਂ ਨੇ ਨੀਤੀ ਨਿਰਮਾਣ, ਬਜਟ ਸਮੀਖਿਆ ਅਤੇ ਜਨਹਿਤ ਦੇ ਮੁੱਦਿਆਂ 'ਤੇ ਚਰਚਾ ਵਰਗੇ ਲੋਕਤੰਤਰ ਦੇ ਮਹਤੱਵਪੂਰਣ ਪਹਿਲੂਆਂ ਦੀ ਨਿਰਪੱਖ ਅਤੇ ਜਿਮੇਵਾਰੀ ਦੇ ਨਾਲ ਰਿਪੋਰਟਿੰਗ ਨੂੰ ਮੀਡੀਆ ਦੀ ਜਿਮੇਵਾਰੀ ਦਸਿਆ। ਨਾਲ ਹੀ, ਤੱਥਾਂ ਦੀ ਸ਼ੁਧਤਾ, ਸ਼ਬਦਾਂ ਦੀ ਮਰਿਆਦਾ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਅਪਨਾਉਣ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਸਮਾਜ ਨੂੰ ਸਹੀ ਦਿਸ਼ਾ ਦੇਣ ਵਿੱਚ ਮੀਡੀਆ ਦੀ ਜਿਮੇਵਾਰੀ ਬਹੁਤ ਮਹਤੱਵਪੂਰਣ ਹੈ। ਸ੍ਰੀ ਕਲਿਆਣ ਨੇ ਕਿਹਾ ਕਿ ਇਸ ਵਰਕਸ਼ਾਪ ਵਿੱਚ ਮੀਡੀਆ ਪ੍ਰਤੀਨਿਧੀਆਂ ਨੂੰ ਵੱਖ-ਵੱਖ ਤਕਨੀਕੀ ਪਹਿਲੂਆਂ, ਸੰਸਦੀ ਰਿਵਾਇਤਾਂ, ਵਿਧਾਈ ਪ੍ਰਕ੍ਰਿਆਵਾਂ ਅਤੇ ਡਿਜੀਟਲ ਪਲੇਟਫਾਰਮ ਦੀ ਵਰਤੋ 'ਤੇ ਵਿਸਥਾਰ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਨੇ ਵਨ ਨੇਸ਼ਨ, ਵਨ ਲੇਜੀਸਲੇਚਰ ਦੀ ਅਵਧਾਰਣਾ ਅਤੇ ਹਰਿਆਣਾ ਵਿਧਾਨਸਭਾ ਦੇ ਡਿਜੀਟਲ ਟ੍ਰਾਂਜਿਸ਼ਨ ਦੇ ਅੱਜ ਯਤਨਾਂ ਦਾ ਵਰਨਣ ਕਰਦੇ ਹੋਏ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਵਿੱਚ ਮੀਡੀਆ ਦੀ ਅਹਿਮ ਭੂਮਿਕਾ 'ਤੇ ਜੋਰ ਦਿੱਤਾ।

ਵਰਕਸ਼ਾਪ ਵਿੱਚ ਆਪਣੇ ਵਿਚਾਰ ਰੱਖਦੇ ਹੋਏ ਹਰਿਆਣਾ ਦੀ ਸਾਬਕਾ ਮੁੱਖ ਸਕੱਤਰ ਅਤੇ ਸੇਵਾਮੁਕਤ ਆਈਏਐਸ ਅਧਿਕਾਰੀ ਸ੍ਰੀਮਤੀ ਕੇਸ਼ਨੀ ਆਨੰਦ ਅਰੋੜਾ ਨੇ ਮੌਲਿਕਤਾ 'ਤੇ ਕਿਹਾ ਕਿ ਜੀਵਨ ਵਿੱਚ ਸਪਸ਼ਟ ਟੀਚੇ ਦਾ ਹੋਣਾ ਜਰੂਰੀ ਹੈ। ਜਿਸ ਦੇ ਕੋਲ ਕੋਈ ਟੀਚਾ ਨਾ ਹੋਵੇ, ਤਾਂ ਉਹ ਦਿਸ਼ਾ-ਹੀਨ ਜਹਾਜ ਦੀ ਤਰ੍ਹਾ ਹੈ। ਉਨ੍ਹਾਂ ਨੇ ਕਰਮਸ਼ੀਲਤਾ, ਸਕਾਰਾਤਮਕ ਸੋਚ ਅਤੇ ਆਤਮਕ ਖੁਸ਼ੀ ਨੂੰ ਸਫਲਤਾ ਦੀ ਕੁੰਜੀ ਦਸਿਆ। ਨਾਲ ਹੀ, ਪ੍ਰਾਥਮਿਕਤਾਵਾਂ ਤੈਅ ਕਰਨ, ਸੰਤੁਲਿਤ ਦ੍ਰਿਸ਼ਟੀਕੋਣ ਅਪਨਾਉਣ ਅਤੇ ਹਰ ਸਥਿਤੀ ਵਿੱਚ ਸਰਬੋਤਮ ਸੋਚ ਬਣਾਏ ਰੱਖਣ ਦੀ ਜਰੂਰਤ 'ਤੇ ਜ਼ੋਰ ਦਿੱਤਾ। ਇਸ ਦੌਰਾਨ ਉਨ੍ਹਾਂ ਨੇ ਆਪਣੇ ਦਫਤਰ ਦੇ ਕਈ ਤਜਰਬੇ ਉਦਾਹਰਣ ਵਜੋ ਦੱਸਦੇ ਹੋਏ ਕਿਹਾ ਕਿ ਕਿਵੇਂ ਸਥਿਤੀਆਂ ਨੇ ਉਨ੍ਹਾਂ ਨੂੰ ਗਰਾਉਂਡ 'ਤੇ ਕੰਮ ਕਰਨ ਦਾ ਮੌਕਾ ਦਿੱਤਾ ਅਤੇ ਅਸੀਂ ਆਪਣੀ ਸਕਾਰਾਤਮਕ ਸੋਚ ਨਾਲ ਕਿਵੇਂ ਅੱਗੇ ਵੱਧ ਸਕਦੇ ਹਨ। ਸ੍ਰੀਮਤੀ ਕੇਸ਼ਨੀ ਆਨੰਦ ਅਰੋੜਾ ਨੇ ਕਿਹਾ ਕਿ ਮੀਡੀਆ ਦੇ ਸਾਹਮਣੇ ਕਈ ਤਰ੍ਹਾ ਦੇ ਚੈਲੇਂਜਿਸ ਹਨ, ਪਰ ਇੰਨ੍ਹਾਂ ਸਥਿਤੀਆਂ ਤੋਂ ਪਾਰ ਅਸੀਂ ਸਕਾਰਾਤਮਕ ਸੋਚ ਦੇ ਜਰਇਏ ਪਾਰ ਪਾ ਸਕਦੇ ਹਨ।

ਵਰਕਸ਼ਾਪ ਵਿੱਚ ਪੀਆਰਐਸ ਲੇਜਿਸਲੇਚਰ ਰਿਸਰਚ ਦੇ ਸ੍ਰੀ ਚਕਸ਼ੂ ਰਾਏ ਅਤੇ ਯਸ਼ਿਕਾ ਕੇਡਿਆ ਨੇ ਮੌਜੂਦ ਮੀਡੀਆ ਪਰਸਨਸ ਦੇ ਸਾਹਮਣੇ ਸੰਸਦ ਅਤੇ ਵਿਧਾਨਸਭਾ ਦੀ ਕਾਰਵਾਈ ਦੀ ਕਵਰੇਜ ਦੌਰਾਨ ਧਿਆਨ ਰੱਖੇ ਜਾਣ ਵਾਲੇ ਵੱਖ-ਵੱਖ ਪਹਿਲੂਆਂ ਦੇ ਬਾਰੇ ਵਿੱਚ ਆਪਣੀ ਗੱਲ ਰੱਖੀ। ਪੀਆਰਐਸ ਲੇਜਿਸਲੇਚਰ ਰਿਸਰਚ ਦੇ ਸ੍ਰੀ ਚਕਸ਼ੂ ਰਾਏ ਨੇ ਵਿਧਾਇਕਾ ਦੇ ਵਿਸ਼ੇਸ਼ ਅਧਿਕਾਰ ਦੀ ਬਾਰੀਕੀਆਂ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਦਸਿਆ ਕਿ ਸੈਸ਼ਨ ਦੌਰਾਨ ਜੇਕਰ ਸਪੀਕਰ ਕਿਸੇ ਗੱਲ ਨੂੰ ਜਾ ਵਿਸ਼ਾ ਨੂੰ ਸੈਸ਼ਨ ਦੀ ਕਾਰਵਾਈ ਤੋਂ ਹਟਾ ਦਿੰਦੇ ਹਨ, ਤਾਂ ਉਹ ਕਵਰ ਹੋਣਾ ਇੱਕ ਤਰ੍ਹਾ ਨਾਲ ਵਿਸ਼ੇਸ਼ ਅਧਿਕਾਰ ਦਾ ਉਲੰਘਣ ਹੈ। ਇਸ ਤਰ੍ਹਾ ਨਾਲ ਸੈਸ਼ਨ ਦੇ ਪਟਲ 'ਤੇ ਆਉਣ ਤੋਂ ਪਹਿਲਾਂ ਜੇਕਰ ਕੋਈ ਡਾਕਿਯੂਮੈਂਟ ਆਦਿ ਪਬਲਿਸ਼ ਹੁੰਦਾ ਹੈ ਤਾਂ ਉਹ ਵੀ ਇਸੀ ਵਿੱਚ ਆਵੇਗਾ। ਉਨ੍ਹਾਂ ਨੇ ਕਿਹਾ ਕਿ ਸੈਸ਼ਨ ਦੀ ਕਵਰੇਜ ਦੇ ਲਈ ਆਉਣ ਵਾਲੇ ਮੀਡੀਆ ਪਰਸਨਸ ਨੂੰ ਕਈ ਪਹਿਲੂਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਤਾਂ ਜੋ ਸੈਸ਼ਨ ਵਿੱਚ ਹੋਣ ਵਾਲੇ ਵੱਖ-ਵੱਖ ਪਹਿਲੂਆਂ ਨਾਲ ਜਨਤਾ ਵੀ ਰੁਬਰੂ ਹੋ ਸਕੇ।

ਪ੍ਰੋਗਰਾਮ ਦੇ ਦੂਜੇ ਪੜਾਅ ਵਿੱਚ ਮੀਡੀਆ ਨਾਲ ਜੁੜੇ ਵਿਸ਼ਿਆਂ ਨੂੰ ਲੈ ਕੇ ਵਕਤਾ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਹਿੰਦੀ ਦੇ ਪ੍ਰੋਫੈਸਰ ਡਾ. ਗੁਰਮੀਤ ਸਿੰਘ ਨੇ ਕਿਹਾ ਕਿ ਮੀਡੀਆ ਪਰਸਨਸ ਨੂੰ ਆਪਣੀ ਸੀਮਾਵਾਂ ਨੂੰ ਸਮਝਣਾ ਹੋਵੇਗਾ, ਸਾਨੂੰ ਆਪਣਾ ਕੰਮ ਇਮਾਨਦਾਰੀ ਨਾਲ ਅਤੇ ਨਿਰਪੱਖਤਾ ਨਾਲ ਕਰਨਾ ਹੋਵੇਗਾ। ਉਨ੍ਹਾਂ ਨੇ ਪ੍ਰੈਸ ਬ੍ਰੀਫਿੰਗ ਦਾ ਜਿਕਰ ਕਰਦੇ ਹੋਏ ਕਿਹਾ ਕਿ ਇਹ ਰਿਲੇ ਰੇਸ ਦੀ ਤਰ੍ਹਾ ਹੋਣੀ ਚਾਹੀਦੀ ਹੈ।

# 'ਸੇਫ ਪੰਜਾਬ' ਪੋਰਟਲ ਸਦਕਾ ਨਸ਼ਿਆਂ ਵਿਰੁੱਧ ਜੰਗ ਵਿੱਚ 5,000 ਤੋਂ ਵੱਧ ਐਫ.ਆਈ.ਆਰ ਦਰਜ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ -ਯੁੱਧ ਨਸ਼ਿਆਂ ਵਿਰੁੱਧ ਕੈਬਨਿਟ ਸਬ-ਕਮੇਟੀ' ਦੇ ਚੇਅਰਮੈਨ ਵੀ ਹਨ, ਨੇ ਅੱਜ ਇਥੇ ਐਲਾਨ ਕੀਤਾ ਕਿ -ਸੇਫ ਪੰਜਾਬ ਪੋਰਟਲ' ਸਦਕਾ ਇੱਕ ਸਾਲ ਵਿੱਚ 5,000 ਤੋਂ ਵੱਧ ਫਸਟ ਇਨਫਾਰਮੇਸ਼ਨ ਰਿਪੋਰਟਾਂ (ਐਫ.ਆਈ.ਆਰ) ਦਰਜ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਗਸਤ 2024 ਵਿੱਚ ਨਸ਼ਾ ਤਸਕਰਾਂ ਅਤੇ ਨਸ਼ਾ ਹੌਟਸਪੌਟਸ ਬਾਰੇ ਜਨਤਕ ਜਾਣਕਾਰੀ ਅਤੇ ਸੁਝਾਅ ਇਕੱਠੇ ਕਰਨ ਲਈ ਲਾਂਚ ਕੀਤੇ ਗਏ ਇਸ ਵਟਸਐਪ ਚੈਟਬੋਟ ਨੇ 32 ਫੀਸਦੀ ਦੀ ਪ੍ਰਸ਼ੰਸਾਯੋਗ ਪਰਿਵਰਤਨ ਦਰ ਹਾਸਲ ਕੀਤੀ ਹੈ, ਜਿਸ ਨਾਲ ਲੋਕਾਂ ਵੱਲੋਂ ਦਿੱਤੀ ਜਾਣਕਾਰੀ ਨੂੰ ਠੋਸ ਪੁਲਿਸ ਕਾਰਵਾਈ ਵਿੱਚ ਬਦਲਿਆ ਗਿਆ ਹੈ।

ਪੰਜਾਬ ਭਵਨ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਟਸਐਪ ਚੈਟਬੋਟ, ਜੋ 9779100200 'ਤੇ ਉਪਲਬਧ ਹੈ, ਨੂੰ ਮਿਲ ਰਹੇ ਭਰਵੇਂ ਜਨਤਕ ਹੁੰਗਾਰੇ ਨੇ 'ਸੇਫ ਪੰਜਾਬ ਪੋਰਟਲ' ਨੂੰ ਪੁਲਿਸ ਨਾਲ ਜਨਤਕ ਸਹਿਯੋਗ ਲਈ ਦੇਸ਼ ਦੇ ਸਭ ਤੋਂ ਪ੍ਰਭਾਵਸ਼ਾਲੀ ਪੋਰਟਲਾਂ ਵਿੱਚੋਂ ਇੱਕ ਬਣਾ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪੋਰਟਲ ਖੁਫੀਆ ਜਾਣਕਾਰੀ ਦਾ ਇੱਕ ਮਹੱਤਵਪੂਰਨ ਸਰੋਤ ਅਤੇ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ, ਜੋ ਕਿ ਨਸ਼ਾ ਤਸਕਰੀ ਵਿਰੁੱਧ ਸੂਬੇ ਦੇ ਯਤਨਾਂ ਨੂੰ ਹੋਰ ਤੇਜ਼ ਕਰਨ ਲਈ 1 ਮਾਰਚ, 2025 ਨੂੰ ਅਧਿਕਾਰਤ ਤੌਰ 'ਤੇ ਸ਼ੁਰੂ ਕੀਤੀ ਗਈ ਸੀ, ਵਿੱਚ ਇੱਕ ਸ਼ਕਤੀਸ਼ਾਲੀ ਹਥਿਆਰ ਬਣ ਗਿਆ ਹੈ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸਫ਼ਲਤਾ ਬਾਰੇ ਹੋਰ ਵੇਰਵੇ ਦਿੰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਇਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਐਨ.ਡੀ.ਪੀ.ਐਸ ਐਕਟ ਤਹਿਤ ਕੁੱਲ 16,322 ਕੇਸ ਦਰਜ ਕੀਤੇ ਗਏ ਹਨ, ਜਿਸ ਤਹਿਤ 25,552 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਦੀਆਂ 182 ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹਿਆ ਗਿਆ ਹੈ। ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, ਜਿਸ ਵਿੱਚ 1,054 ਕਿਲੋ ਹੈਰੋਇਨ, 21,534 ਕਿਲੋ ਭੁੱਕੀ, 366 ਕਿਲੋ ਅਫ਼ੀਮ ਅਤੇ ਤਿੰਨ ਮਿਲੀਅਨ ਤੋਂ ਵੱਧ ਗੋਲੀਆਂ, ਕੈਪਸੂਲ ਅਤੇ ਨਸ਼ੀਲੀਆਂ ਦਵਾਈਆਂ ਸ਼ਾਮਲ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਕਾਲੀ-ਭਾਜਪਾ ਗਠਜੋੜ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਉਨ੍ਹਾਂ 'ਤੇ ਇੱਕ ਦਹਾਕੇ ਤੱਕ ਨਸ਼ਾ ਤਸਕਰੀ ਨੂੰ ਸਰਪ੍ਰਸਤੀ ਦੇਣ ਦਾ ਦੋਸ਼ ਲਗਾਇਆ, ਅਤੇ ਸਾਲ 2017 ਤੋਂ 2022 ਦੌਰਾਨ ਨਸ਼ੇ ਦੀ ਸਮੱਸਿਆ ਵਿਰੁੱਧ ਸਖ਼ਤ ਕਾਰਵਾਈ ਕਰਨ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ 'ਤੇ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਇਸ ਮੌਕੇ 'ਆਮ ਆਦਮੀ ਪਾਰਟੀ' (ਆਪ) ਦੀ ਸਰਕਾਰ ਵੱਲੋਂ ਸਤਾ ਵਿੱਚ ਆਉਣ ਦੇ ਆਪਣੇ ਪਹਿਲੇ ਦਿਨ ਤੋਂ ਹੀ ਇਸ ਕੋਹੜ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਮਿਸ਼ਨ ਦਾ ਜਿਕਰ ਕਰਦਿਆ ਕਿਹਾ ਕਿ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਰਾਹੀਂ ਇਸ ਨੂੰ ਸੂਬੇ ਵਿੱਚੋਂ ਜੜ੍ਹੋਂ ਖ਼ਤਮ ਕਰ ਦਿੱਤਾ ਜਾਵੇਗਾ।

# ਸ਼ਰਧਾਲੂਆਂ ਨਾਲ ਭਰਿਆ ਵਾਹਨ ਖੱਡ 'ਚ ਡਿੱਗਿਆ, 10 ਦੀ ਮੌਤ

**ਪੁਣੇ (ਮਹਾਰਾਸ਼ਟਰ), 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ 10 ਮਹਿਲਾ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖਮੀ ਹੋ ਗਈਆਂ। ਇਹ ਦੁਖਦਾਈ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮੰਦਰ ਜਾ ਰਹੇ ਸ਼ਰਧਾਲੂਆਂ ਨਾਲ ਭਰੀ ਇੱਕ ਪਿਕਅੱਪ ਵੈਨ ਖੇੜ ਤਾਲੁਕਾ ਦੇ ਕੁੰਡੇਸ਼ਵਰ ਮੰਦਰ ਦੇ ਨੇੜੇ ਇੱਕ ਡੂੰਘੀ ਖੱਡ ਵਿੱਚ ਡਿੱਗ ਗਈ। ਪੁਲਿਸ ਅਨੁਸਾਰ, ਗੱਡੀ ਵਿੱਚ ਲਗਭਗ 30-35 ਸ਼ਰਧਾਲੂ ਸਵਾਰ ਸਨ, ਜੋ ਕਿ ਪਾਪਲਵਾੜੀ ਪਿੰਡ ਦੇ ਵਸਨੀਕ ਸਨ। ਜਦੋਂ ਵੈਨ ਇੱਕ ਖੜ੍ਹੀ ਢਲਾਣ ਅਤੇ ਇੱਕ ਤਿੱਖੇ ਮੋੜ 'ਤੇ ਚੜ੍ਹ ਰਹੀ ਸੀ, ਤਾਂ ਡਰਾਈਵਰ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ। ਇਸ ਤੋਂ ਬਾਅਦ, ਵੈਨ ਪਿੱਛੇ ਵੱਲ ਪਲਟੀ ਅਤੇ 25-30 ਫੁੱਟ ਡੂੰਘੀ ਖਾਈ ਵਿੱਚ ਡਿੱਗ ਗਈ, ਜਿਸ ਨਾਲ ਮੌਕੇ 'ਤੇ ਹਫੜਾ-ਦਫੜੀ ਮਚ ਗਈ।

ਇਸ ਹਾਦਸੇ ਵਿੱਚ ਸੰਜੀਵਨੀ ਦਰੇਕਰ, ਬੈਦਾਬਾਈ ਦਰੇਕਰ ਅਤੇ ਸ਼ਕੁੰਤਲਾ ਚੋਰਗੇ ਸਮੇਤ ਅੱਠ ਔਰਤਾਂ ਦੀ ਮੌਤ ਹੋ ਗਈ। ਕਈ ਜ਼ਖਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਅਤੇ ਉਨ੍ਹਾਂ ਦਾ ਚੰਦੌਲੀ ਦੇ ਸਰਕਾਰੀ ਹਸਪਤਾਲਾਂ ਅਤੇ ਨੇੜਲੇ ਨਿੱਜੀ ਮੈਡੀਕਲ ਸੈਂਟਰਾਂ ਵਿੱਚ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਡਰਾਈਵਰ ਵਿਰੁੱਧ ਲਾਪਰਵਾਹੀ ਨਾਲ ਗੱਡੀ ਚਲਾਉਣ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੁਖਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਵਿੱਚੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਅਤੇ ਹਰੇਕ ਜ਼ਖਮੀ ਨੂੰ 50,000 ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਵੀ ਰਾਜ ਸਰਕਾਰ ਵੱਲੋਂ ਹਰੇਕ ਮ੍ਰਿਤਕ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ

# ਸੰਯੁਕਤ ਕਿਸਾਨ ਮੋਰਚੇ ਵੱਲੋਂ ਲੈਂਡ ਪੂਲਿੰਗ ਦਾ ਨੋਟੀਫਿਕੇਸ਼ਨ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ



**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੰਘੇ ਦਿਨ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਸਬੰਧੀ ਕੀਤੇ ਐਲਾਨ ਤੋਂ ਬਾਅਦ ਅੱਜ ਸੰਯੁਕਤ ਕਿਸਾਨ ਮੋਰਚਾ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਮੀਟਿੰਗ ਕੀਤੀ। ਇਸ ਦੌਰਾਨ ਸੂਬਾ ਸਰਕਾਰ ਦੇ ਫੈਸਲੇ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਸੰਯੁਕਤ ਕਿਸਾਨ ਮੋਰਚੇ ਨੇ ਫੈਸਲਾ ਕੀਤਾ ਕਿ ਜਦੋਂ ਤੱਕ ਪੰਜਾਬ ਸਰਕਾਰ ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਰੱਦ ਨਹੀਂ ਕਰਦੀ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਇਸ ਬਾਰੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ ਅਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਮੋਰਚੇ ਵੱਲੋਂ ਸਰਕਾਰ ਨੂੰ 20 ਅਗਸਤ ਤੱਕ ਦਾ ਸਮਾਂ ਦਿੱਤਾ ਗਿਆ ਹੈ। ਜੇ ਸਰਕਾਰ ਉਦੋਂ ਤੱਕ ਸਥਿਤੀ ਸਪਸ਼ਟ ਨਹੀਂ ਕਰਦੀ ਤਾਂ ਮੋਰਚਾ ਸੰਘਰਸ਼ ਨੂੰ ਹੋਰ ਤੇਜ਼ ਕਰੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਅਗਸਤ ਨੂੰ ਸਮਰਾਲਾ ਵਿਖੇ ਕਿਸਾਨ ਮਹਾ ਰੈਲੀ ਕੀਤੀ ਜਾਵੇਗੀ ਜਿੱਥੇ ਕਿਸਾਨਾਂ ਦੀਆਂ ਮੰਗਾਂ ਅਤੇ ਸੰਘਰਸ਼ ਦੀ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ।

ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁਫਤ ਵਪਾਰ ਸਮਝੌਤਿਆਂ ਦੇ ਖਿਲਾਫ 13 ਅਗਸਤ ਨੂੰ ਪੰਜਾਬ ਭਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਸਦਰ ਡੋਨਲਡ ਟਰੰਪ ਦੇ ਪੁਤਲੇ ਸਾੜੇ ਜਾਣਗੇ।

# 'ਵਕੀਲਾਂ ਨੂੰ ਸੰਮਨ': ਅਸੀਂ ਦੇਸ਼ ਦੇ ਸਾਰੇ ਨਾਗਰਿਕਾਂ ਦੇ ਰਖਵਾਲੇ ਹਾਂ: ਸੁਪਰੀਮ ਕੋਰਟ

**ਨਵੀਂ ਦਿੱਲੀ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਾਂਚ ਏਜੰਸੀਆਂ ਵੱਲੋਂ ਵਕੀਲਾਂ ਨੂੰ ਸੰਮਨ ਭੇਜਣ ਦੇ ਮਾਮਲੇ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਦੇਸ਼ ਦੇ ਸਾਰੇ ਨਾਗਰਿਕਾਂ ਦੇ ਸਰਪ੍ਰਸਤ ਹਾਂ। ਅਦਾਲਤ ਨੇ ਵਕੀਲਾਂ ਨੂੰ ਉਨ੍ਹਾਂ ਦੇ ਮੁਵੱਕਿਲ ਦੀ ਨੁਮਾਇੰਦਗੀ ਕਰਨ ਦੇ ਮਾਮਲੇ ਵਿੱਚ ਜਾਂਚ ਏਜੰਸੀਆਂ ਵੱਲੋਂ ਸੰਮਨ ਭੇਜਣ ਦੇ ਇੱਕ ਸੁਓ ਮੋਟੋ ਕੇਸ ਵਿੱਚ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਅਤੇ ਜਸਟਿਸ ਐਨਵੀ ਅਨਜਾਰੀਆ ਦੇ ਬੈਂਚ ਨੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਸੁਣਵਾਈ ਕਰਦੇ ਹੋਏ ਟਿੱਪਣੀ ਕੀਤੀ, "ਅਸੀਂ ਦੇਸ਼ ਦੇ ਸਾਰੇ ਨਾਗਰਿਕਾਂ ਦੇ ਸਰਪ੍ਰਸਤ ਹਾਂ।" ਇਸ ਤੋਂ ਬਾਅਦ ਬੈਂਚ ਨੇ ਇਸ ਮਾਮਲੇ ਵਿੱਚ ਆਪਣਾ ਫੈਸਲਾ ਰਾਖਵਾਂ ਰੱਖ ਲਿਆ।

ਸੁਣਵਾਈ ਦੌਰਾਨ ਮਹਿਤਾ ਨੇ ਦਲੀਲ ਦਿੱਤੀ ਕਿ ਵਕੀਲਾਂ ਨੂੰ ਨਿਆਂ ਪ੍ਰਸ਼ਾਸਨ ਦੇ ਹਿੱਸੇ ਵਜੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਇੱਕ ਅਪਰਾਧ ਵਿੱਚ ਵਕੀਲ ਦੀ ਸ਼ਮੂਲੀਅਤ ਦੇ ਮਾਮਲੇ 'ਤੇ, ਬੈਂਚ ਨੇ ਕਿਹਾ ਕਿ ਉਸਨੇ ਪਹਿਲਾਂ ਹੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਕੋਈ ਵਕੀਲ ਸਬੂਤਾਂ ਨਾਲ ਛੇੜਛਾੜ ਜਾਂ ਉਨ੍ਹਾਂ ਨੂੰ ਬਣਾਉਣ ਬਾਰੇ ਸਲਾਹ ਦਿੰਦਾ ਹੈ, ਤਾਂ ਉਸਦੀ ਛੋਟ ਖ਼ਤਮ ਹੋ ਜਾਵੇਗੀ।

ਮਹਿਤਾ ਨੇ ਕਿਹਾ ਕਿ ਕਿਸੇ ਵਕੀਲ ਨੂੰ ਪੇਸ਼ੇਵਰ ਰਾਏ ਦੇਣ ਲਈ ਜਾਂਚ ਏਜੰਸੀਆਂ ਵੱਲੋਂ ਕਦੇ ਵੀ ਸੰਮਨ ਨਹੀਂ ਕੀਤਾ ਜਾਣਾ ਚਾਹੀਦਾ। ਸੀਨੀਅਰ ਵਕੀਲ ਸਿਧਾਰਥ ਲੂਥਰਾ, ਜੋ ਇਸ ਮਾਮਲੇ ਵਿੱਚ ਵੀ ਪੇਸ਼ ਹੋਏ ਸਨ, ਨੇ ਕਿਹਾ ਕਿ ਇਹ ਮੁੱਦਾ ਨਿਆਂ ਤੱਕ ਪਹੁੰਚ ਬਾਰੇ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਇੱਕ ਵਕੀਲ ਵਿਰੁੱਧ ਇਸ ਆਧਾਰ 'ਤੇ ਐੱਫਆਈਆਰ ਦਰਜ ਕੀਤੀ ਗਈ ਸੀ ਕਿ ਉਸ ਦੇ ਮੁਵੱਕਿਲ ਨੇ ਕਿਹਾ ਸੀ ਕਿ ਉਸ ਨੇ ਉਸਨੂੰ ਇੱਕ ਹਲਫ਼ਨਾਮਾ ਦੇਣ ਦਾ ਅਧਿਕਾਰ ਨਹੀਂ ਦਿੱਤਾ ਸੀ, ਜੋ ਨੋਟਰਾਈਜ਼ਡ ਸੀ।

ਸੁਣਵਾਈ ਦੌਰਾਨ ਬੈਂਚ ਨੇ ਕਿਹਾ ਕਿ ਉਹ ਵਕੀਲਾਂ ਦੀਆਂ ਦੋ ਸ਼੍ਰੇਣੀਆਂ ਨਹੀਂ ਬਣਾ ਸਕਦਾ। ਮਹਿਤਾ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਉਹ ਸਾਰਿਆਂ ਲਈ ਕਾਨੂੰਨ ਬਣਾਵੇ ਪਰ ਦੇਸ਼ ਦੇ ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖੇ। ਬੈਂਚ ਨੇ ਕਿਹਾ, "ਹੁਕਮ ਲਈ ਬੰਦ ਕਰੋ।"

ਅਟਾਰਨੀ ਜਨਰਲ ਆਰ ਵੈਂਕਟਾਰਮਨੀ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੇ ਇਸ ਮਾਮਲੇ ਵਿੱਚ ਵੱਖ-ਵੱਖ ਬਾਰ ਸੰਸਥਾਵਾਂ ਵੱਲੋਂ ਦਾਖਲ ਕੀਤੇ ਗਏ ਦਸਤਾਵੇਜ਼ਾਂ ਨੂੰ ਦੇਖ ਲਿਆ ਹੈ ਅਤੇ ਉਹ ਇੱਕ ਲਿਖਤੀ ਨੋਟ ਦਾਇਰ ਕਰਨਗੇ। ਬੈਂਚ ਨੇ ਵਕੀਲਾਂ ਨੂੰ ਇੱਕ ਹਫ਼ਤੇ ਦੇ ਅੰਦਰ ਆਪਣੇ ਨੋਟ ਦਾਇਰ ਕਰਨ ਲਈ ਕਿਹਾ।

29 ਜੁਲਾਈ ਨੂੰ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਕਿਸੇ ਵਿਅਕਤੀ, ਜੋ ਸਿਰਫ਼ ਇੱਕ ਵਕੀਲ ਵਜੋਂ ਕੰਮ ਕਰ ਰਿਹਾ ਹੈ, ਨੂੰ ਜਾਂਚ ਏਜੰਸੀਆਂ ਵੱਲੋਂ ਉਸ ਕਲਾਇੰਟ ਨੂੰ ਕਾਨੂੰਨੀ ਰਾਏ ਦੇਣ ਲਈ ਸੰਮਨ ਨਹੀਂ ਕੀਤਾ ਜਾਣਾ ਚਾਹੀਦਾ ਜਿਸ ਦੀ ਜਾਂਚ ਚੱਲ ਰਹੀ ਹੈ। ਹਾਲਾਂਕਿ, ਅਦਾਲਤ ਨੇ ਕਿਹਾ ਕਿ ਜੇ ਕੋਈ ਵਕੀਲ ਅਪਰਾਧ ਵਿੱਚ ਕਲਾਇੰਟ ਦੀ ਮਦਦ ਕਰ ਰਿਹਾ ਸੀ, ਤਾਂ ਉਸਨੂੰ ਸੰਮਨ ਕੀਤਾ ਜਾ ਸਕਦਾ ਹੈ।

# 2030 ਤੋਂ ਬਾਅਦ ਅਮਰ ਹੋ ਜਾਣਗੇ ਇਨਸਾਨ

**ਨਵੀਂ ਦਿੱਲੀ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੀ ਇਨਸਾਨ ਦੀ ਮੌਤ ਇੱਕ ਇਤਿਹਾਸਕ ਗੱਲ ਬਣ ਜਾਵੇਗੀ ? ਕੀ ਅਸੀਂ ਅਮਰ ਹੋਣ ਵਾਲੇ ਹਾਂ ? ਇਹ ਕੋਈ ਫ਼ਿਲਮੀ ਕਲਪਨਾ ਨਹੀਂ ਸਗੋਂ ਗੂਗਲ ਦੇ ਸਾਬਕਾ ਇੰਜੀਨੀਅਰ ਅਤੇ ਭਵਿੱਖ ਵਾਲੀ ਕਰਨ ਵਾਲੇ ਮਸ਼ਹੂਰ ਰੇ ਕੁਰਜਵੈਲ ਦਾ ਦਾਅਵਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ 2030 ਤੋਂ ਬਾਅਦ ਇਨਸਾਨ ਅਮਰ ਹੋ ਸਕਦਾ ਹੈ। ਖ਼ਾਸ ਗੱਲ ਇਹ ਹੈ ਕਿ ਰੇ ਕੁਰਜਵੈਲ ਨੇ ਹੁਣ ਤਕ 147 ਭਵਿੱਖਬਾਣੀਆਂ ਕੀਤੀਆਂ ਹਨ ਜਿਨ੍ਹਾਂ 'ਚੋਂ 86 ਫ਼ੀਸਦੀ ਤੋਂ ਵੱਧ ਸਹੀ ਸਾਬਿਤ ਹੋ ਚੁੱਕੀਆਂ ਹਨ।

**ਕਿੱਥੋਂ ਸ਼ੁਰੂ ਹੋਇਆ ਇਹ ਦਾਅਵਾ ?** ਰੇਅ ਕੁਰਜਵੈੱਲ ਨੇ ਆਪਨੀ ਪ੍ਰਸਿੱਧ ਕਿਤਾਬ **The Singularity is Near** 'ਚ ਪਹਿਲੀ ਵਾਰੀ ਇਹ ਵਿਚਾਰ ਰੱਖਿਆ ਸੀ ਕਿ ਤਕਨੀਕ ਇੰਨੀ ਅੱਗੇ ਵੱਧ ਜਾਏਗੀ ਕਿ ਇਨਸਾਨ ਕਦੇ ਨਾ ਮਰਨ ਵਾਲੀ ਪ੍ਰਜਾਤੀ ਬਣ ਸਕਦਾ ਹੈ। ਉਨ੍ਹਾਂ ਅਨੁਸਾਰ (ਜਨੈਟਿਕਸ), (ਨੈਨੋ ਤਕਨੀਕ), ਅਤੇ (ਰੋਬੋਟਿਕਸ) - ਇਹ ਤਿੰਨ ਤਕਨਾਲੋਜੀਆਂ ਅਮਰਤਾ ਵਲ ਲਿਜਾਣ ਵਾਲੀਆਂ ਚਾਬੀਆਂ ਹਨ।

**ਤਕਨਾਲੋਜੀ ਅਮਰਤਾ ਕਿਵੇਂ ਦੇਵੇਗੀ ?** ਕੁਰਜਵੈੱਲ ਮੰਨਦੇ ਹਨ ਕਿ ਅਸੀਂ ਜਲਦੀ ਨੈਨੋਬੋਟਸ ਬਣਾਉਣ ਲੱਗ ਪਵਾਂਗ ਜਿਨ੍ਹਾਂ ਨੂੰ ਸੂਖਮ ਰੋਬੋਟਸ ਵੀ ਕਿਹਾ ਜਾਂਦਾ ਹੈ, ਅਤੇ ਇਹ ਸ਼ਰੀਰ ਦੇ ਅੰਦਰ ਜਾ ਕੇ ਕੰਮ ਕਰਨਗੇ। ਇਹ ਨੈਨੋਬੋਟਸ ਸ਼ਰੀਰ ਦੀਆਂ ਟੁੱਟੀਆਂ ਕੋਸ਼ਿਕਾਵਾਂ ਦੀ ਮੁਰੰਮਤ ਕਰਨਗੇ, ਅਤੇ ਇਹ ਬੁਢਾਪੇ ਦੀ ਪ੍ਰਕਿਰਿਆ ਨੂੰ ਹੌਲੀ ਕਰ ਦੇਣਗੇ। ਬੀਮਾਰੀਆਂ ਨਾਲ ਲੜਨਗੇ, ਇੱਥੋਂ ਤਕ ਕਿ ਕੈਂਸਰ ਵਰਗੀਆਂ ਬੀਮਾਰੀਆਂ ਨਾਲ ਵੀ। ਇਹ ਛੋਟੇ-ਛੋਟੇ ਰੋਬੋਟਸ ਸ਼ਰੀਰ 'ਚ ਤੈਰਦੇ ਰਹਿਣਗੇ, ਅਤੇ ਹਰ ਸਮੇਂ ਉਸ ਦੀ ਮੁਰੰਮਤ ਕਰਦੇ ਰਹਿਣਗੇ। ਅਜਿਹੇ 'ਚ ਸ਼ਰੀਰ ਬੁੱਢਾ ਹੋਵੇਗਾ ਹੀ ਨਹੀਂ, ਅਤੇ ਇਨਸਾਨ ਹਮੇਸ਼ਾ ਲਈ ਜਿਊਂਦਾ ਰਹਿ ਸਕੇਗਾ।

**AI ਅਤੇ ਕੰਪਿਊਟਰ ਵੀ ਨਿਭਾਉਣਗੇ ਵੱਡੀ ਭੂਮਿਕਾ:** ਕੁਰਜਵੈੱਲ ਦਾ ਮੰਨਣਾ ਹੈ ਕਿ 2029 ਤਕ ਕੰਪਿਊਟਰ ਇਨਸਾਨ ਵਾਂਗ ਸੋਚਣ ਸਮਝਣ ਦੇ ਯੋਗ ਹੋ ਜਾਣਗੇ। ਉਹ AI ਸਿਸਟਮ ਇਨਸਾਨੀ ਦਿਮਾਗ਼ ਨੂੰ ਨਾ ਸਿਰਫ਼ ਸਮਝਣਗੇ ਬਲਕਿ ਕੌਪੀ ਕਰ ਕੇ ਹੋਰ ਵੀ ਹੁਸ਼ਿਆਰ ਬਣ ਜਾਣਗੇ।

**ਪਹਿਲਾਂ ਕੀ-ਕੀ ਭਵਿੱਖਬਾਣੀਆਂ ਸੱਚ ਸਾਬਿਤ ਹੋਈਆਂ ?** ਕੁਰਜਵੈੱਲ ਦੀਆਂ ਕਈ ਪੂਰਵ ਭਵਿੱਖਬਾਣੀਆਂ ਅੱਜ ਸੱਚ ਹੋ ਚੁੱਕੀਆਂ ਹਨ। 1990 'ਚ ਉਨ੍ਹਾਂ ਕਿਹਾ ਸੀ ਕਿ 2000 ਤਕ ਕੰਪਿਊਟਰ ਇਨਸਾਨ ਨੂੰ ਸ਼ਤਰੰਜ 'ਚ ਹਰਾ ਦੇਵੇਗਾ। ਇਹ ਓਦੋਂ ਸੱਚ ਹੋ ਗਿਆ ਜਦੋਂ 1997 'ਚ ਜਦੋਂ **IBM** ਦੇ **Deep Blue** ਕੰਪਿਊਟਰ ਨੇ ਵਿਸ਼ਵ ਸ਼ਤਰੰਜ ਚੈਂਪੀਅਨ ਗ਼ੈਰੀ ਕਾਸਪਾਰੋਵ ਨੂੰ ਹਰਾ ਦਿੱਤਾ। 999 'ਚ ਉਨ੍ਹਾਂ ਨੇ ਭਵਿੱਖਬਾਣੀ ਕੀਤੀ ਕਿ 2023 ਤਕ ਇੱਕ ਹਜ਼ਾਰ ਡਾਲਰਾਂ ਦਾ ਇੱਕ ਲੈਪਟੌਪ ਇਨਸਾਨੀ ਦਿਮਾਗ਼ ਜਿੰਨੀ ਜਾਣਕਾਰੀ ਸੰਭਾਲ ਸਕੇਗਾ। ਇਹ ਭਵਿੱਖਬਾਣੀਆਂ ਵੀ ਹੁਣ ਸੱਚ ਹੋ ਚੁੱਕਿਆ ਹਨ। ਅੱਜ ਦੇ **AI** ਕੰਪਿਊਟਰਜ਼ ਅਤੇ ਲੈਪਟੌਪਸ ਬੇਹੱਦ ਤੇਜ਼ ਅਤੇ ਸਮਝਦਾਰ ਬਣ ਚੁੱਕੇ ਹਨ।

**2010 ਤਕ ਦੁਨੀਆਂ ਭਰ 'ਚ ਸਭ ਤੋਂ ਤੇਜ਼ ਹੋ ਜਾਵੇਗਾ ਵਾਇਰਲੈੱਸ ਇੰਟਰਨੈਟ:** ਇਹ ਵੀ ਅੱਜ ਦੀ ਹਕੀਕਤ ਹੈ ਜਦੋਂ ਭਾਰਤ ਦੇ ਪਿੰਡਾਂ ਤਕ **4G** ਪਹੁੰਚ ਚੁੱਕਿਆ ਹੈ ਅਤੇ **5G** ਆਮ ਹੋ ਰਿਹਾ ਹੈ।

**ਭਵਿੱਖ 'ਚ ਕੀ ਹੋ ਸਕਦਾ ਹੈ ?** ਭਵਿੱਖ 'ਚ ਇਨਸਾਨ ਅਤੇ ਦਾ ਰਲੇਵਾਂ ਸ਼ੁਰੂ ਹੋਵੇਗਾ। ਡਿਜੀਟਲ ਅਮਰਤਾ ਦਾ ਯੁੱਗ ਆਏਗਾ- ਯਾਨੀ ਤੁਹਾਡਾ ਦਿਮਾਗ਼ ਕਲਾਊਡ 'ਚ ਸੁਰੱਖਿਅਤ ਰਹੇਗਾ ਜਿਸ ਨੂੰ ਮੁੜ ਤੋਂ ਡਾਊਨਲੋਡ ਕੀਤਾ ਜਾ ਸਕੇਗਾ।

# ਹਰਿਆਣਾ ਦੇ ਮੁੱਖ ਮੰਤਰੀ ਨੇ ਤਨਜ਼ਾਨੀਆ ਵਿੱਚ ਉਦਯੋਗਾਂ ਦਾ ਵਿਸਥਾਰ ਕਰਨ ਦੇ ਚਾਹਵਾਨ ਨਿਵੇਸ਼ਕਾਂ ਨੂੰ ਸਮਰਥਨ ਦਾ ਭਰੋਸਾ ਦਿੱਤਾ

**ਚੰਡੀਗੜ੍ਹ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਸਰਕਾਰ ਤਨਜ਼ਾਨੀਆ ਵਿੱਚ ਆਪਣੇ ਉਦਯੋਗਾਂ ਦਾ ਵਿਸਥਾਰ ਕਰਨ ਦੀ ਇੱਛਾ ਰੱਖਣ ਵਾਲੇ ਹਰਿਆਣਾ ਦੇ ਨਿਵੇਸ਼ਕਾਂ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਪ੍ਰਦਾਨ ਕਰੇਗੀ। ਰਾਜ ਸਰਕਾਰ ਨੇ ਅੰਤਰਰਾਸ਼ਟਰੀ ਸਬੰਧਾਂ ਨੂੰ ਉਤਸ਼ਾਹਿਤ ਕਰਨ ਅਤੇ ਰਾਜ ਦੇ 'ਗੋ ਗਲੋਬਲ ਪਹੁੰਚ ਰਾਹੀਂ ਹਰਿਆਣਾ ਨੂੰ ਬਦਲਣ' ਦੇ ਦ੍ਰਿਸ਼ਟੀਕੋਣ ਨਾਲ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਵੱਖਰਾ ਵਿਦੇਸ਼ੀ ਸਹਿਯੋਗ ਵਿਭਾਗ ਸਥਾਪਤ ਕੀਤਾ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਅੱਜ ਇੱਥੇ ਤਨਜ਼ਾਨੀਆ ਵਿੱਚ ਹਾਲ ਹੀ ਵਿੱਚ ਆਯੋਜਿਤ 49ਵੇਂ ਦਾਰ-ਏ-ਸਲਾਮ ਅੰਤਰਰਾਸ਼ਟਰੀ ਵਪਾਰ ਮੇਲੇ ਵਿੱਚ ਹਿੱਸਾ ਲੈਣ ਵਾਲੇ ਹਰਿਆਣਾ ਦੇ ਇੱਕ ਉੱਚ ਪੱਧਰੀ ਵਫ਼ਦ ਦੇ ਪ੍ਰਤੀਨਿਧੀਆਂ ਨਾਲ ਇੱਕ ਡੀਬ੍ਰੀਫਿੰਗ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਸਨ।

ਸ਼੍ਰੀ ਨਾਇਬ ਸਿੰਘ ਸੈਣੀ ਨੇ ਉਦਯੋਗਪਤੀਆਂ ਨੂੰ ਤਨਜ਼ਾਨੀਆ ਵਿੱਚ ਆਪਣੇ ਉਦਯੋਗ ਸਥਾਪਤ ਕਰਨ ਦੇ ਮੌਕਿਆਂ ਦੀ ਭਾਲ ਕਰਨ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਰਾਜ ਸਰਕਾਰ ਉਨ੍ਹਾਂ ਦੇ ਹਿੱਤ ਦੇ ਖੇਤਰਾਂ ਵਿੱਚ ਸਬੰਧਤ ਵਿਭਾਗਾਂ ਰਾਹੀਂ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਦੇ ਯਤਨਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ।

ਇਹ ਜ਼ਿਕਰਯੋਗ ਹੈ ਕਿ ਹਰਿਆਣਾ ਤੋਂ ਇੱਕ ਉੱਚ ਪੱਧਰੀ ਵਫ਼ਦ, ਜਿਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ-ਨਾਲ ਉਦਯੋਗਪਤੀ, ਨਿਰਯਾਤਕ, ਵਪਾਰੀ ਅਤੇ ਵੱਖ-ਵੱਖ ਖੇਤਰਾਂ ਦੇ ਪ੍ਰਤੀਨਿਧ ਸ਼ਾਮਲ ਸਨ, ਨੇ 49ਵੇਂ ਦਾਰ-ਏ-ਸਲਾਮ ਅੰਤਰਰਾਸ਼ਟਰੀ ਵਪਾਰ ਮੇਲੇ ਵਿੱਚ ਹਿੱਸਾ ਲੈਣ ਲਈ ਤਨਜ਼ਾਨੀਆ ਦਾ ਦੌਰਾ ਕੀਤਾ ਸੀ। ਇਸ ਦੌਰੇ ਦੌਰਾਨ, ਹਰਿਆਣਾ ਵਫ਼ਦ ਅਤੇ ਤਨਜ਼ਾਨੀਆ ਸਰਕਾਰ ਦੇ ਪ੍ਰਤੀਨਿਧੀਆਂ ਅਤੇ ਕੰਪਨੀਆਂ ਵਿਚਕਾਰ ਆਯਾਤ-ਨਿਰਯਾਤ, ਖੇਤੀਬਾੜੀ ਉਪਕਰਣ, ਆਈਟੀ ਹੁਨਰ, ਖਣਨ, ਮੈਡੀਕਲ ਅਤੇ ਪਲਾਈਵੁੱਡ ਵਰਗੇ ਖੇਤਰਾਂ ਵਿੱਚ ਮੌਕਿਆਂ ਦੀ ਪੜਚੋਲ ਕਰਨ ਲਈ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ।

ਹਰਿਆਣਾ ਦੇ ਵਿਦੇਸ਼ੀ ਸਹਿਯੋਗ ਵਿਭਾਗ ਦੇ ਸਲਾਹਕਾਰ ਸ਼੍ਰੀ ਪਵਨ ਚੌਧਰੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ 49ਵੇਂ ਦਾਰ-ਏ-ਸਲਾਮ ਅੰਤਰਰਾਸ਼ਟਰੀ ਵਪਾਰ ਮੇਲੇ ਵਿੱਚ ਹਰਿਆਣਾ ਪੈਵੇਲੀਅਨ ਵੀ ਸਥਾਪਤ ਕੀਤਾ ਗਿਆ ਸੀ, ਜਿਸ ਨੇ ਹਰਿਆਣਾ ਸਰਕਾਰ ਦੀਆਂ ਪ੍ਰਗਤੀਸ਼ੀਲ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਉਜਾਗਰ ਕੀਤਾ ਅਤੇ ਰਾਜ ਨੂੰ ਨਿਵੇਸ਼ ਲਈ ਇੱਕ ਪਸੰਦੀਦਾ ਸਥਾਨ ਵਜੋਂ ਦਰਸਾਇਆ। ਇਸ ਦੌਰਾਨ, ਦੋ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ, ਪਹਿਲਾ ਅਤੇ ਸੋਕੋਇਨ ਖੇਤੀਬਾੜੀ ਯੂਨੀਵਰਸਿਟੀ, ਤਨਜ਼ਾਨੀਆ ਵਿਚਕਾਰ ਅਤੇ ਦੂਜਾ ਹਾਰਟਰੋਨ ਅਤੇ ਸੂਚਨਾ, ਯੁਵਾ, ਸੱਭਿਆਚਾਰ ਅਤੇ ਖੇਡ ਮੰਤਰਾਲੇ, ਜ਼ਾਂਜ਼ੀਬਾਰ ਵਿਚਕਾਰ। ਇਸ ਤੋਂ ਇਲਾਵਾ, ਹਰਿਆਣਾ ਦੇ ਦੋ ਨਿਵੇਸ਼ਕਾਂ, ਗ੍ਰੀਨ ਇੰਪੈਕਸ ਲਿਮਟਿਡ (ਪਲਾਈਵੁੱਡ) ਅਤੇ ਜੈ ਦਾਦਾ ਦੋਹਲਾ ਗਰੁੱਪ ਕੰਪਨੀ ਲਿਮਟਿਡ (ਮਾਈਨਿੰਗ ਸੈਕਟਰ) ਨੇ ਤਨਜ਼ਾਨੀਆ ਵਿੱਚ ਆਪਣੀਆਂ ਕੰਪਨੀਆਂ ਰਜਿਸਟਰ ਕੀਤੀਆਂ। ਵਫ਼ਦ ਨੇ 13 ਮੀਟਿੰਗਾਂ ਅਤੇ 4 ਖੇਤਰੀ ਦੌਰੇ ਵੀ ਕੀਤੇ।

ਉਦਯੋਗਪਤੀਆਂ, ਨਿਰਯਾਤਕਾਂ ਅਤੇ ਕਾਰੋਬਾਰੀਆਂ ਨੇ ਪੂਰੇ ਦੌਰੇ ਦੌਰਾਨ ਹਰਿਆਣਾ ਸਰਕਾਰ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਤਨਜ਼ਾਨੀਆ ਦੌਰੇ ਦੇ ਆਪਣੇ ਤਜਰਬੇ ਵੀ ਸਾਂਝੇ ਕੀਤੇ ਅਤੇ ਖੇਤੀਬਾੜੀ, ਘਰੇਲੂ ਉਪਕਰਣਾਂ, ਸਿੱਖਿਆ, ਪੈਕੇਜਿੰਗ, ਪਲਾਈਵੁੱਡ ਅਤੇ ਹੋਰ ਖੇਤਰਾਂ ਵਿੱਚ ਨਿਵੇਸ਼ ਲਈ ਮੁੱਖ ਮੰਤਰੀ ਨੂੰ ਪ੍ਰਸਤਾਵ ਸੌਂਪੇ।

ਇਸ ਦੌਰਾਨ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਹਰਿਆਣਾ ਵਿਦੇਸ਼ ਸਹਿਯੋਗ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀਮਤੀ ਅਮਨੀਤ ਪੀ. ਕੁਮਾਰ, ਹਾਰਟ ?ਰੋਨ ਦੇ ਐਮਡੀ ਸ੍ਰੀ ਜੇ. ਗਣੇਸ਼ਨ, ਐਚਆਈਆਈਡੀਸੀ ਦੇ ਐਮਡੀ ਸ੍ਰੀ ਯਸ਼ ਗਰਗ, ਹਰਿਆਣਾ ਵਪਾਰ ਮੇਲਾ ਅਥਾਰਟੀ ਦੇ ਪ੍ਰਸ਼ਾਸਕ ਸ੍ਰੀ ਵਿਨੈ ਪ੍ਰਤਾਪ ਸਿੰਘ, ਹਰਿਆਣਾ ਵਿਦੇਸ਼ ਸਹਿਯੋਗ ਵਿਭਾਗ ਦੀ ਡਾਇਰੈਕਟਰ ਸ੍ਰੀਮਤੀ ਅਮਨਾ ਤਸਨੀਮ ਅਤੇ ਤਨਜ਼ਾਨੀਆ ਗਏ ਵਫ਼ਦ ਦੇ ਸਾਰੇ ਮੈਂਬਰ ਮੌਜੂਦ ਸਨ।



# ਅਗਰਵਾਲ ਸਮਾਜ ਦੇ ਸੰਮੇਲਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਜੀਂਦ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਸੱਤ ਸਤੰਬਰ ਨੂੰ ਮਹਾਰਾਜਾ ਅਗਰਸੈਨ ਸਕੂਲ ਜੀਂਦ ਵਿੱਚ 'ਨੌਰਥ ਜ਼ੋਨ' ਦਾ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ 'ਚ ਅਗਰਸੈਨ ਭਾਈਚਾਰੇ ਦੇ ਵਿਆਉਣ ਯੋਗ ਲੜਕੇ-ਲੜਕੀਆਂ ਦੀ ਜਾਣ-ਪਛਾਣ ਕਰਵਾਈ ਜਾਵੇਗੀ। ਇਹ ਸੰਮੇਲਨ ਆਲ ਇੰਡੀਆ ਅਗਰਵਾਲ ਸਮਾਜ ਹਰਿਆਣਾ ਵੱਲੋਂ ਕਰਵਾਇਆ ਜਾ ਰਿਹਾ ਹੈ।

ਅਗਰਵਾਲ ਆਗੂਆਂ ਨੇ ਇਸ ਸੰਮੇਲਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ, ਜਿਸ ਵਿੱਚ ਸ਼ਹਿਰ ਦੇ ਅਗਰਵਾਲ ਸਮਾਜ ਦੇ ਸੀਨੀਅਰ ਨੇਤਾ, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਦੇ ਨਾਲ-ਨਾਲ ਪ੍ਰਮੁੱਖ ਵਪਾਰੀਆਂ ਨੇ ਸ਼ਿਰਕਤ ਕੀਤੀ।

ਬੈਠਕ ਵਿੱਚ ਸੰਮੇਲਨ ਦੀ ਰੂਪ-ਰੇਖਾ ਅਤੇ ਪ੍ਰਬੰਧਾਂ ਨੂੰ ਲੈ ਕੇ ਵਿਸ਼ੇਸ਼ ਚਰਚਾ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਆਲ ਇੰਡੀਆ ਅਗਰਵਾਲ ਸਮਾਜ ਦੇ ਸੂਬਾਈ ਪ੍ਰਧਾਨ ਡਾ. ਰਾਜ ਕੁਮਾਰ ਗੋਇਲ ਵੱਲੋਂ ਕੀਤੀ ਗਈ। ਮੁੱਖ ਬੁਲਾਰਿਆਂ ਦੇ ਰੂਪ ਵਿੱਚ ਦਿੱਲੀ ਤੋਂ ਰਾਜਿੰਦਰ ਅਗਰਵਾਲ ਅਤੇ ਰੋਹਤਕ ਤੋਂ ਆਏ ਹਰੀ ਓਮ ਭਾਲੀ ਸਣੇ ਕਈ ਸਮਾਜ ਸੇਵੀ ਹਾਜ਼ਰ ਰਹੇ। ਸੂਬਾਈ ਪ੍ਰਧਾਨ ਡਾ. ਰਾਜ ਕੁਮਾਰ ਗੋਇਲ ਨੇ ਦੱਸਿਆ ਕਿ ਜੀਂਦ ਵਿੱਚ ਇਸ ਤਰ੍ਹਾਂ ਸੰਮੇਲਨ ਦੀ ਸ਼ੁਰੂਆਤ ਵਰ੍ਹਾ 2001 ਵਿੱਚ ਕੀਤੀ ਗਈ ਸੀ। ਇਸ ਤੋਂ ਬਾਅਦ ਲਗਾਤਾਰ ਇਹ ਸੰਮੇਲਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਅੱਜ ਹਰ ਸਮਾਜ ਦੇ ਲੋਕਾਂ ਲਈ ਵਿਆਹ ਚੁਣੌਤੀ ਬਣਿਆ ਹੋਇਆ ਹੈ ਤੇ ਯੋਗ ਜੀਵਨ ਸਾਥੀ ਲੱਭਣਾ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਰਵਾਲ ਸਮਾਜ ਨੇ ਲੋਕਾਂ ਨੂੰ ਰਾਹਤ ਮੁਹੱਈਆ ਕਰਵਾਉਂਦੇ ਹੋਏ ਇਸ ਤਰ੍ਹਾਂ ਦੇ ਸੰਮੇਲਨਾਂ ਦਾ ਪ੍ਰਬੰਧ ਕੀਤਾ ਹੈ, ਜੋ ਵਿਆਉਣ ਯੋਗ ਨੌਜਵਾਨਾਂ ਲਈ ਇੱਕ ਵਰਦਾਨ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਉੱਤਰੀ ਭਾਰਤ ਦੇ ਕੋਨੇ-ਕੋਨੇ ਤੋਂ ਆਉਣ ਵਾਲੇ ਮਹਿਮਾਨਾਂ ਦੇ ਸਵਾਗਤ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਪੀਸੀ ਜੈਨ, ਡਾ. ਰਜਨੀਸ਼ ਜੈਨ, ਅਗਰਵਾਲ ਜਾਗਰੂਕਤਾ ਮੰਚ ਦੇ ਪ੍ਰਧਾਨ ਬੀਐੱਸ ਗਰਗ, ਆਈਡੀ ਗੋਇਲ, ਅਸ਼ੋਕ ਗੋਇਲ, ਰਾਕੇਸ਼ ਸਿੰਗਲ, ਮਹੇਸ਼ ਸਿੰਗਲਾ, ਰਵੀਨ ਜਿੰਦਲ, ਅਨਿਲ ਬਾਂਸਲ, ਸੱਤਪਾਲ ਜੈਨ, ਅਗਰਵਾਲ ਏਕਤਾ ਮੰਚ ਦੇ ਪ੍ਰਧਾਨ ਜੈ ਕੁਮਾਰ ਗੋਇਲ, ਸਤੀਸ਼ ਜਿੰਦਲ, ਲਾਇਨਜ਼ ਕੱਲਬ ਤੋਂ ਸੁਰੇਸ਼ ਜਿੰਦਲ, ਸੰਜੇ ਗਰਗ, ਰਾਮਧਨ ਜੈਨ, ਸਾਂਵਰ ਗਰਗ ਅਤੇ ਜਿਤਿੰਦਰ ਗੋਇਲ ਅਤੇ ਹੋਰ ਹਾਜ਼ਰ ਰਹੇ।

# ਚੰਗੇ ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਕੀਤਾ ਸਨਮਾਨਤ; ਜ਼ਿਲ੍ਹਾ ਬੈਡਮਿੰਟਨ ਚੈਂਪੀਅਨਸ਼ਿਪ ਦਾ ਪੋਸਟਰ ਕੀਤਾ ਜਾਰੀ



**ਜਲੰਧਰ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਖੇਡ ਢਾਂਚੇ ਨੂੰ ਹੋਰ ਮਜ਼ਬੂਤੀ ਦੇਣ ਵੱਲ ਇੱਕ ਵੱਡਾ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ (ਆਈਏਐਸ) ਨੇ ਸ਼ੁੱਕਰਵਾਰ ਨੂੰ ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਨਵੇਂ ਬਣੇ ਚਾਰ ਮਲਟੀਪਰਪਜ਼ ਕੋਰਟ ਅਤੇ ਇੱਕ ਆਧੁਨਿਕ ਰਨਿੰਗ ਟਰੈਕ ਦਾ ਉਦਘਾਟਨ ਕੀਤਾ।

ਇਸ ਨਵੇਂ ਵਿਕਾਸ ਨਾਲ ਹੁਣ ਇਹ ਸਟੇਡੀਅਮ ਪੰਜਾਬ ਦਾ ਇਕੱਲਾ ਅਜਿਹਾ ਸਟੇਡੀਅਮ ਬਣ ਗਿਆ ਹੈ, ਜਿਸ ਵਿੱਚ ਕੁੱਲ 10 ਕੋਰਟ ਹਨ।

ਇਸ ਮੌਕੇ ਡਾ. ਅਗਰਵਾਲ ਵੱਲੋਂ ਉਨ੍ਹਾਂ ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਸਮਾਗਮ ਦੌਰਾਨ ਇੰਡੀਅਨ ਆਇਲ ਜਲੰਧਰ ਡਿਸਟ੍ਰਿਕਟ ਬੈਡਮਿੰਟਨ ਚੈਂਪੀਅਨਸ਼ਿਪ (28 ਤੋਂ 31 ਅਗਸਤ 2025) ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ।

ਸਭਾ ਨੂੰ ਸੰਬੋਧਨ ਕਰਦਿਆਂ ਡਾ. ਅਗਰਵਾਲ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੀ ਜ਼ਿੰਦਗੀ ਨੂੰ ਸੰਵਾਰਨ ਵਿੱਚ ਬਹੁਤ ਹੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਕਿਹਾ 'ਖੇਡਾਂ ਨਾ ਸਿਰਫ਼ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਮਜ਼ਬੂਤੀ ਨੂੰ ਵਧਾਉਂਦੀਆਂ ਹਨ, ਸਗੋਂ ਅਨੁਸ਼ਾਸਨ, ਟੀਮ ਸਪਿਰਿਟ ਅਤੇ ਚਰਿੱਤਰ ਨਿਰਮਾਣ ਵਿਚ ਵੀ ਸਹਾਇਕ ਹੁੰਦੀਆਂ ਹਨ। ਇਹ ਇਨਸਾਨ ਨੂੰ ਆਤਮ ਵਿਸ਼ਵਾਸੀ, ਜ਼ਿੰਮੇਵਾਰ ਅਤੇ ਮਜ਼ਬੂਤ ਬਣਾਉਂਦੀਆਂ ਹਨ।

ਉਨ੍ਹਾਂ ਨੇ ਸਨਮਾਨਤ ਖਿਡਾਰੀਆਂ ਦੇ ਮਾਪਿਆਂ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਖੇਤਰ ਵਿੱਚ ਬੈਡਮਿੰਟਨ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਲਾਹਿਆ। ਨਾਲ ਹੀ ਉਨ੍ਹਾਂ ਭਵਿੱਖ ਵਿੱਚ ਐਸੋਸੀਏਸ਼ਨ ਦੀਆਂ ਯੋਜਨਾਵਾਂ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਰਿਤਿਨ ਖੰਨਾ ਨੇ ਪ੍ਰਾਜੈਕਟ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੂਰੇ ਵਿਕਾਸ ਕਾਰਜ ਦੀ ਲਾਗਤ 25 ਲੱਖ ਰੁਪਏ ਰਹੀ ਅਤੇ ਇਹ ਸਿਰਫ ਤਿੰਨ ਮਹੀਨਿਆਂ ਵਿੱਚ ਪੂਰਾ ਕੀਤਾ ਗਿਆ।

ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਖਿਡਾਰੀ ਬਹੁਤ ਹੀ ਕਿਫਾਇਤੀ ਦਰਾਂ 'ਤੇ "ਪੇ ਐਂਡ ਪਲੇ"ਆਧਾਰ 'ਤੇ ਹਡਲ ਐਪ ਰਾਹੀਂ ਜਾਂ ਸਿੱਧਾ ਐਸੋਸੀਏਸ਼ਨ ਰਾਹੀਂ ਆਪਣਾ ਸਲੌਟ ਬੁੱਕ ਕਰ ਸਕਣਗੇ। ਇਨ੍ਹਾਂ ਨਵੀਆਂ ਸਹੂਲਤਾਂ ਰਾਹੀਂ ਹੁਣ ਲੋਕ ਇੱਕੋ ਥਾਂ 'ਤੇ ਬੈਡਮਿੰਟਨ ਅਤੇ ਪਿਕਲਬਾਲ ਦੋਹਾਂ ਦਾ ਆਨੰਦ ਲੈ ਸਕਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸਟੇਡੀਅਮ ਨੂੰ ਹੋਰ ਅਧੁਨਿਕ ਬਣਾਉਣ ਲਈ ਕਈ ਹੋਰ ਪ੍ਰਾਜੈਕਟ ਵੀ ਪ੍ਰਕਿਰਿਆ ਅਧੀਨ ਹਨ।

ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ 5 ਸਾਲਾਂ 'ਚ ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਦੇ ਵਿਕਾਸ 'ਤੇ 1 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਜਾ ਚੁੱਕੇ ਹਨ। ਹੁਣ ਸਟੇਡੀਅਮ ਵਿੱਚ 10 ਕੋਰਟ, ਜਿਮਨੇਜ਼ੀਅਮ, ਯੋਗਾ ਅਤੇ ਏਰੋਬਿਕਸ ਸੈਂਟਰ, ਰੈਸਟੋਰੈਂਟ, ਫਿਜ਼ੀਓਥੈਰੇਪੀ ਸੈਂਟਰ, ਖੇਡ ਸਾਮਾਨ ਦੀ ਦੁਕਾਨ ਅਤੇ ਰਨਿੰਗ ਟਰੈਕ ਵਰਗੀਆਂ ਆਧੁਨਿਕ ਸੁਵਿਧਾਵਾਂ ਵੀ ਉਪਲਬਧ ਹਨ।

ਇਸ ਮੌਕੇ ਡੀ.ਬੀ.ਏ. ਚੇਅਰਮੈਨ ਰਣਦੀਪ ਸਿੰਘ ਹੀਰ (ਪੀ.ਸੀ.ਐਸ.), ਖਜ਼ਾਨਚੀ ਪਲਵਿੰਦਰ ਜੁਨੇਜਾ ਅਤੇ ਕਾਰਜਕਾਰੀ ਮੈਂਬਰ ਰਾਕੇਸ਼ ਖੰਨਾ, ਕੁਸੁਮ ਕੈਪੀ, ਮੁਕੁਲ ਵਰਮਾ, ਹਰਪ੍ਰੀਤ ਸਿੰਘ, ਅਮਨ ਮਿਤਲ ਅਤੇ ਰਵਨੀਤ ਤੱਖਰ ਵੀ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ 19 ਅਗਸਤ ਨੂੰ

**ਗੁਰਦਾਸਪੁਰ,13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ, ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਪੱਧਰ 'ਤੇ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ (ਲੇਖ ਰਚਨਾ, ਕਹਾਣੀ, ਕਵਿਤਾ ਰਚਨਾ ਅਤੇ ਕਵਿਤਾ ਗਾਇਨ) ਮੁਕਾਬਲੇ ਸਾਲ 2025-26 ਦੌਰਾਨ ਕਰਵਾਏ ਜਾ ਰਹੇ ਹਨ। ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਗੁਰਦਾਸਪੁਰ ਵੱਲੋਂ ਇਹ ਮੁਕਾਬਲੇ ਮਿਤੀ 19 ਅਗਸਤ 2025 ਦਿਨ ਮੰਗਲਵਾਰ ਨੂੰ ਸਵੇਰੇ 9:30 ਵਜੇ ਸ੍ਰੀਮਤੀ ਧੰਨ ਦੇਵੀ ਡੀ.ਏ.ਵੀ. ਪਬਲਿਕ ਸੀਨੀਅਰ ਸਕੈਂਡਰੀ ਸਕੂਲ, ਨਜ਼ਦੀਕ ਹਨੂਮਾਨ ਚੌਂਕ, ਗੁਰਦਾਸਪੁਰ ਵਿਖੇ ਕਰਵਾਏ ਜਾ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਜੂਨੀਅਰ ਸਹਾਇਕ ਸ਼ਾਮ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਸਕੂਲਾਂ ਵੱਲੋਂ ਇਨ੍ਹਾਂ ਮੁਕਾਬਲਿਆਂ ਲਈ ਇੰਦਰਾਜ/ਐਂਟਰੀਆਂ ਭੇਜੀਆਂ ਗਈਆਂ ਹਨ ਉਹ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਮਿਤੀ 19 ਅਗਸਤ 2025 ਨੂੰ ਸਵੇਰੇ 9:30 ਵਜੇ ਸਮੇਤ ਪਹਿਚਾਣ ਪੱਤਰ ਆਪਣੀ ਹਾਜ਼ਰੀ ਪੇਸ਼ ਕਰਨੀ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਰਾਜ ਪੱਧਰ ਦੇ ਮੁਕਾਬਲਿਆਂ ਲਈ ਵੀ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਦੇ ਸੰਪਰਕ ਨੰਬਰ 9464041987 ਉੱਪਰ ਰਾਬਤਾ ਕੀਤਾ ਜਾ ਸਕਦਾ ਹੈ।

# ਦਸ ਕਿਲੋ ਭੁੱਕੀ ਸਣੇ ਟਰੱਕ ਡਰਾਈਵਰ ਕਾਬੂ

**ਸ਼ਾਹਬਾਦ ਮਾਰਕੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਪੁਲੀਸ ਨੇ ਨਸ਼ਿਆਂ ਦੀ ਤਸਕਰੀ 'ਤੇ ਕਾਰਵਾਈ ਕਰਦੇ ਹੋਏ, ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ ਹੇਠ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਲ੍ਹਾ ਪੁਲੀਸ ਕਪਤਾਨ ਨਿਤੀਸ਼ ਅਗਰਵਾਲ ਦੀ ਅਗਵਾਈ ਹੇਠ ਪੁਲੀਸ ਟੀਮ ਨੇ ਮਨਜੀਤ ਸਿੰਘ ਉਰਫ਼ ਰਿੰਕੂ ਨੂੰ ਗ੍ਰਿਫ਼ਤਾਰ ਕੀਤਾ, ਜੋ ਗੁਰਦਾਸਪੁਰ ਦਾ ਰਹਿਣ ਵਾਲਾ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ ਦਸ ਕਿਲੋ 230 ਗਰਾਮ ਭੁੱਕੀ ਬਰਾਮਦ ਹੋਈ ਹੈ।




ਪੁਲੀਸ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਪਰਾਧ ਸ਼ਾਖਾ ਦੀ ਟੀਮ ਦੇ ਇੰਚਾਰਜ ਮੋਹਨ ਲਾਲ ਆਪਣੀ ਟੀਮ ਨਾਲ ਜੀਟੀ ਰੋਡ ਨੌਂਗਜਾ ਪੀਰ ਸ਼ਾਹਬਾਦ ਦੇ ਨੇੜੇ ਮੌਜੂਦ ਸਨ। ਪੁਲੀਸ ਟੀਮ ਨੂੰ ਸੂਚਨਾ ਮਿਲੀ ਕਿ ਮਨਜੀਤ ਸਿੰਘ ਉਰਫ਼ ਰਿੰਕੂ ਇੱਕ ਟਰੱਕ ਨੰਬਰ ਯੂਕੇ 06 ਸੀਬੀ 6877 'ਤੇ ਬਤੌਰ ਡਰਾਈਵਰ ਹੈ। ਰਿੰਕੂ ਟਰੱਕ ਵਿੱਚ ਝਾਰਖੰਡ ਬਿਹਾਰ ਦਾ ਸਫ਼ਰ ਕਰਕੇ ਵਾਪਸੀ ਦੌਰਾਨ ਟਰੱਕ ਵਿੱਚ ਨਸ਼ਾ ਲੈ ਕੇ ਆਉਂਦਾ ਹੈ। ਪੁਲੀਸ ਨੂੰ ਸੂਚਨਾ ਮਿਲੀ ਕਿ ਅੱਜ ਵੀ ਰਿੰਕੂ ਆਪਣੇ ਟਰੱਕ 'ਚ ਸਮਾਨ ਲੱਦ ਕੇ ਸ਼ਾਹਬਾਦ ਦੇ ਰਸਤੇ ਰਾਹੀਂ ਪੰਜਾਬ ਜਾਏਗਾ। ਸੂਚਨਾ ਦੇ ਆਧਾਰ 'ਤੇ ਪੁਲੀਸ ਨੇ ਜਦੋਂ ਰਸਤੇ ਵਿੱਚ ਨਾਕਾ ਲਾਇਆ ਤਾਂ ਰਿੰਕੂ ਦਾ ਟਰੱਕ ਆਉਂਦਾ ਦੇਖ ਪੁਲੀਸ ਨੇ ਟਰੱਕ ਨੂੰ ਰੋਕ ਲਿਆ। ਪੁਲੀਸ ਨੇ ਜਦੋਂ ਟਰੱਕ ਦੀ ਤਲਾਸ਼ੀ ਲਈ ਤਾਂ ਉਸ ਦੇ ਕਬਜ਼ੇ ਵਿੱਚੋਂ ਦਸ ਕਿਲੋ 230 ਗਰਾਮ ਭੁੱਕੀ ਬਰਾਮਦ ਹੋਈ। ਪੁਲੀਸ ਨੇ ਮੌਕੇ 'ਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਅਦਾਲਤ ਨੇ ਮੁਲਜ਼ਮ ਨੂੰ ਇੱਕ ਰੋਜ਼ਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ।

# ਸਕੂਲ 'ਚ ਦੰਦਾਂ ਦਾ ਜਾਂਚ ਕੈਂਪ

**ਸੁਨਾਮ ਊਧਮ ਸਿੰਘ ਵਾਲਾ, 9 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਲਿਟਲ ਸਟਾਰਜ਼ ਪਬਲਿਕ ਸਕੂਲ ਵਿੱਚ ਬੱਚਿਆਂ ਦੇ ਦੰਦਾਂ ਦੀ ਜਾਂਚ ਲਈ ਗੁਰੂ ਨਾਨਕ ਦੇਵ ਡੈਂਟਲ ਕਾਲਜ ਸੁਨਾਮ ਦੀ ਟੀਮ ਵੱਲੋਂ ਮੈਡੀਕਲ ਕੈਂਪ ਲਾਇਆ ਗਿਆ।

ਡੈਂਟਲ ਕਾਲਜ ਦੀ ਟੀਮ ਨੇ ਬੱਚਿਆਂ ਨੂੰ ਆਪਣੇ ਦੰਦਾਂ ਦੇ ਰੋਜ਼ਾਨਾ ਸਾਂਭ ਸੰਭਾਲ, ਸਫਾਈ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਬੱਚਿਆਂ ਨੂੰ ਮੁਫਤ ਟੁੱਥ ਪੇਸਟ ਅਤੇ ਬੁਰਸ਼ ਵੀ ਮੁਹੱਈਆ ਕਰਵਾਏ। ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਸੁਖਵਿੰਦਰ ਸਿੰਘ ਬਰਾੜ, ਕਰਮਜੀਤ ਕੌਰ ਤੇ ਪ੍ਰਿੰਸੀਪਲ ਅੰਜਨਾ ਸ਼ਰਮਾ ਆਦਿ ਹਾਜ਼ਰ ਸਨ। ਸੰਸਥਾ ਵੱਲੋਂ ਸਮੁੱਚੀ ਡਾਕਟਰੀ ਟੀਮ ਦਾ ਧੰਨਵਾਦ ਕੀਤਾ ਗਿਆ।



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ, ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਅਤੇ ਪ੍ਰਸ਼ਾਸਕ ਯੂਟੀ ਚੰਡੀਗੜ੍ਹ ਸ਼੍ਰੀ ਗੁਲਾਬ ਚੰਦ ਕਟਾਰੀਆ ਨਾਲ ਸ਼ਿਸ਼ਟਾਚਾਰ ਕਰਦੇ ਹੋਏ।

# ਨੌਜਵਾਨਾਂ ਦੇ ਹੁਨਰ ਵਿਕਾਸ ਲਈ ਕਰੀਅਰ ਕਾਊਂਸਲਿੰਗ ਸੈਸ਼ਨ



**ਸ਼ਾਹਬਾਦ ਮਾਰਕੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨਾਂ ਦੇ ਕਰੀਅਰ ਮਾਰਗਦਰਸ਼ਨ ਦੇ ਉਦੇਸ਼ ਨਾਲ ਅੱਜ 'ਮਹਾਤਮਾ ਜਯੋਤੀਬਾ ਫੂਲੇ ਇੰਟਰਨੈਸ਼ਨਲ ਸਕਿੱਲ ਸੈਂਟਰ' ਬਹਿਲੋਲਪੁਰ 'ਚ ਇਕ ਕਰੀਅਰ ਕਾਊਂਸਲਿੰਗ ਸੈਸ਼ਨ ਕਰਵਾਇਆ ਗਿਆ।

ਇਸ ਮੌਕੇ ਨਾ ਸਿਰਫ਼ ਸਕਿੱਲ ਸੈਂਟਰ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੇ ਹਿੱਸਾ ਲਿਆ ਸਗੋਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਮਾਪੇ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ। ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਬਦਲਦੇ ਸਮੇਂ ਦੀ ਮੰਗ ਅਨੁਸਾਰ ਹੁਨਰ ਆਧਾਰਿਤ ਸਿੱਖਿਆ ਅਤੇ ਸਿਖਲਾਈ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ। ਸੈਸ਼ਨ ਦੀ ਸ਼ੁਰੂਆਤ ਨਵੀਨ ਜਿੰਦਲ ਫਾਉਂਡੇਸ਼ਨ ਦੇ ਅਧਿਕਾਰੀ ਕ੍ਰਿਸ਼ਨਮਨ ਸੈਣੀ ਦੇ ਭਾਸ਼ਣ ਨਾਲ ਹੋਈ, ਜਿਸ ਵਿਚ ਉਨਾਂ ਕਿਹਾ ਕਿ ਇਹ ਕੇਂਦਰ ਨਾ ਸਿਰਫ ਤਕਨੀਕੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ ਸਗੋਂ ਵਿਦਿਆਰਥੀਆਂ ਨੂੰ ਸਵੈ ਨਿਰਭਰ ਅਤੇ ਰੁਜ਼ਗਾਰ ਮੁਖੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਿਹਾ ਹੈ।

ਉਨਾਂ ਕਿਹਾ ਕਿ ਇੱਥੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚਾਂ, ਅੰਤਰਰਾਸ਼ਟਰੀ ਮਿਆਰਾਂ ਦੀ ਸਿਖਲਾਈ, ਡਿਜੀਟਲ ਸਿਖਲਾਈ ਸਾਧਨ, ਵਿਹਾਰਕ ਆਧਾਰਿਤ ਸਿੱਖਿਆ ਅਤੇ ਪਲੇਸਮੈਂਟ ਸਹਾਇਤਾ ਵਰਗੀਆਂ ਕਈ ਸਹੂਲਤਾਂ ਪ੍ਰਦਾਨ ਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਕਾਊਂਸਲਿੰਗ ਸ਼ੈਸ਼ਨ ਦੌਰਾਨ ਵਿਸ਼ੇ ਮਾਹਿਰਾਂ ਨੇ ਵਿਦਿਆਰਥੀਆਂ ਨੂੰ ਆਈਟੀ, ਸਿਹਤ ਸੰਭਾਲ, ਵੈਲਡਿੰਗ, ਐਗਰੋ ਪ੍ਰੋਸੈਸਿੰਗ, ਫੈਸ਼ਨ ਡਿਜ਼ਾਇਨਿੰਗ ਤੇ ਹੋਰ ਵਰਗ ਦੇ ਖੇਤਰਾਂ ਬਾਰੇ ਜਾਣਕਾਰੀ ਦਿੱਤੀ।

# ਨੌਜਵਾਨਾਂ ਵੱਲੋਂ ਰੱਖੜੀ ਦੇ ਪਵਿੱਤਰ ਤਿਉਹਾਰ ਮੌਕੇ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਪ੍ਰਣ ਕਰਨਾ ਸ਼ਲਾਘਾਯੋਗ ਉਪਰਾਲਾ




**ਪਟਿਆਲਾ,13 ਅਗਸਤ/ ਪਰਮਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਐਸਟਿਟ ਡਾਇਰੈਕਟਰ ਯੂਥ ਸਰਵਿਸ ਵਿਭਾਗ ਪਟਿਆਲਾ ਮਲਕੀਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੀ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ,ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੌਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਐਨ ਐਸ ਐਸ ਪ੍ਰੋਗਰਾਮ ਕੋਆਰਡੀਨੇਟਰ ਸਰਕਾਰੀ ਆਈਂ ਟੀ ਆਈਂ ਲੜਕੇ ਨਾਭਾ ਰੋਡ ਪਟਿਆਲਾ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਵਿਸ਼ੇਸ਼ ਤੌਰ ਤੇ ਯੂਥ ਆਗੂ ਰੁਦਰਪ੍ਰਤਾਪ ਸਿੰਘ , ਗੁਰਜੀਤ ਸਿੰਘ ਲੱਕੀ ਹਰਦਾਸਪੁਰ ,ਹਰਮਨਜੀਤ ਸਿੰਘ ਰੰਧਾਵਾ , ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਕਿਹਾ ਕਿ ਪਿੰਡਾਂ ਦੇ ਨੌਜਵਾਨਾ ਵਲੋਂ ਰੱਖੜੀ ਦੇ ਪਵਿੱਤਰ ਤਿਉਹਾਰ ਮੌਕੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹਣ ਲਈ ਨੌਜਵਾਨ ਪੀੜ੍ਹੀ ਦਾ ਅੱਗੇ ਆਉਣਾ ਸਮੇ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵਿੱਚ ਹਰ ਪੰਜਾਬ ਵਾਸੀ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਨਸ਼ਿਆਂ ਵਿਰੁੱਧ ਲੜਾਈ ਲਈ ਇੱਕਜੁੱਟ ਹੋ ਕੇ ਅੱਗੇ ਆਉਣਾ ਚਾਹੀਦਾ ਹੈ ਤਾ ਹੀ ਅਸੀਂ ਆਪਣੇ ਨੌਜਵਾਨਾ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾ ਸਕਾਂਗੇ।ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵਲੋਂ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਡਰੱਗ ਫਰੀ ਵਲੱਡ ਕੈਲੀਫੋਰਨੀਆਂ ਵਲੋਂ ਕਿਤਾਬਾ ਵੀ ਵੰਡੀਆਂ ਗਈਆਂ।



ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਚੰਡੀਗੜ੍ਹ ਵਿੱਚ ਹਰਿਆਣਾ ਕੌਸ਼ਲ ਰੋਜ਼ਗਾਰ ਨਿਗਮ ਲਿਮਟਿਡ (HKRNL) ਦੀ 11ਵੀਂ ਬੋਰਡ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

# ਯੂਨੀਵਰਸਿਟੀ 'ਚ ਤਿੰਨ ਰੋਜ਼ਾ ਪੁਸਤਕ ਮੇਲਾ

**ਸ਼ਾਹਬਾਦ ਮਾਰਕੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕ੍ਰਿਸ਼ਨਾ ਆਯੂਸ਼ ਯੂਨੀਵਰਸਿਟੀ ਵਿਚ ਤਿੰਨ ਰੋਜ਼ਾ ਪੁਸਤਕ ਪ੍ਰਦਰਸ਼ਨੀ ਕਰਵਾਈ ਜਾ ਰਹੀ ਹੈ। ਇਸ ਦਾ ਉਦਘਾਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੈਦਿਆ ਕਰਤਾਰ ਸਿੰਘ ਧੀਮਾਨ ਨੇ ਕੀਤਾ। ਇਸ ਮੌਕੇ 'ਇੰਸਟੀਚਿਊਟ ਆਫ਼ ਆਯੁਰਵੇਦ ਸਟੱਡੀਜ਼ ਐਂਡ ਰਿਸਰਚ' ਦੇ ਪ੍ਰਿੰਸੀਪਲ ਸੋਮ ਆਸ਼ੀਸ਼ ਮਹਿਤਾ ਵੀ ਮੌਜੂਦ ਰਹੇ। ਵਾਈਸ ਚਾਂਸਲਰ ਨੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਬਾਰੇ ਜਾਗਰੂਕ ਕੀਤਾ।



ਚੰਡੀਗੜ੍ਹ ਵਿੱਚ ਇੱਕ ਡੀਬ੍ਰੀਫਿੰਗ ਸੈਸ਼ਨ ਦੌਰਾਨ ਤਨਜ਼ਾਨੀਆ ਦੇ 49ਵੇਂ ਦਾਰ-ਏ-ਸਲਾਮ ਅੰਤਰਰਾਸ਼ਟਰੀ ਵਪਾਰ ਮੇਲੇ ਤੋਂ ਵਾਪਸ ਆਏ ਹਰਿਆਣਾ ਦੇ ਉੱਚ ਪੱਧਰੀ ਵਫ਼ਦ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਜਾ ਰਿਹਾ ਹੈ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

# ਸਮਾਜ ਸੇਵੀ ਦੇ ਨੇਤਰ ਦਾਨ ਕੀਤੇ

**ਸ਼ਾਹਬਾਦ ਮਾਰਕੰਡਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇ ਮੌਤ ਤੋਂ ਬਾਅਦ ਕੁਝ ਸਮਾਂ ਰਹਿੰਦੇ ਹੀ ਅੱਖਾਂ ਦਾਨ ਕਰ ਦਿੱਤੀਆਂ ਜਾਣ ਤਾਂ ਨੇਤਰਹੀਨ ਵਿਅਕਤੀਆਂ ਨੂੰ ਦਾਨ ਕੀਤੀਆਂ ਅੱਖਾਂ ਨਾਲ ਦਿਸਣਾ ਸੰਭਵ ਹੋ ਸਕਦਾ ਹੈ।

ਉਹ ਇਸ ਦੁਨੀਆਂ ਨੂੰ ਦਾਨ ਕੀਤੀਆਂ ਗਈਆਂ ਅੱਖਾਂ ਰਾਹੀਂ ਦੇਖ ਸਕਦੇ ਹਨ। ਇਸ ਗੱਲ ਨੂੰ ਸ਼ਾਹਬਾਦ ਦੇ ਸਮਾਜ ਸੇਵੀ ਸੁਭਾਸ਼ ਚੰਦਰ ਸੇਠੀ ਨੇ ਸੱਚ ਕਰ ਦਿਖਾਇਆ ਹੈ। ਉਨ੍ਹਾਂ ਦੀ ਮੌਤ ਤੋਂ ਬਾਅਦ ਪਰਿਵਾਰ ਨੇ ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੀਆਂ ਅੱਖਾਂ ਦਾਨ ਕਰ ਦਿੱਤੀਆਂ।

ਸੇਠੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਦੇ ਮੰਗਤ ਸੇਠੀ ਨੇ ਅੱਖਾਂ ਦਾਨ ਕਰਨ ਬਾਰੇ ਸਬੰਧਤ ਐਸੋਸੀਏਸ਼ਨ ਨੂੰ ਸੰਪਰਕ ਕੀਤਾ। ਜਿਨ੍ਹਾਂ ਨੇ ਮਾਧਵ ਨੇਤਰ ਬੈਂਕ ਕਰਨਾਲ ਨੂੰ ਸੂਚਿਤ ਕੀਤਾ ਜਿਸ 'ਤੇ ਨੇਤਰ ਬੈਂਕ ਦੀ ਟੀਮ ਨੇ ਸ਼ਾਹਬਾਦ ਉਨ੍ਹਾਂ ਦੇ ਨਿਵਾਸ 'ਤੇ ਪਹੁੰਚ ਕੇ ਆਪਣੀ ਕਾਰਵਾਈ ਸਫ਼ਲਤਾਪੂਰਵਕ ਪੂਰੀ ਕੀਤੀ।

# ਐਸਡੀਐਮ ਨੇ ਨਾਜਾਇਜ਼ ਕਬਜ਼ੇ ਹਟਾਉਣ ਲਈ ਸ਼ੁਰੂ ਕੀਤੀ ਮੁਹਿੰਮ

**ਪਿਹੋਵਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸਡੀਐਮ ਅਭਿਨਵ ਸਿਵਾਚ ਆਈਏਐੱਸ ਨੇ ਕਿਹਾ ਕਿ ਪਿਹੋਵਾ ਅਤੇ ਇਸਮਾਈਲਾਬਾਦ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਪ੍ਰਸ਼ਾਸਨ ਨੂੰ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਅਤੇ ਸਮੱਸਿਆਵਾਂ ਨੂੰ ਸਾਹਮਣੇ ਲਿਆਉਣ ਲਈ ਮੀਡੀਆ ਦੇ ਸਹਿਯੋਗ ਦੀ ਵੀ ਲੋੜ ਹੈ। ਉਹ ਬੁੱਧਵਾਰ ਨੂੰ ਆਪਣੇ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਕਰ ਰਹੇ ਸਨ। ਐੱਸਡੀਐਮ ਅਭਿਨਵ ਸਿਵਾਚ ਨੇ ਕਿਹਾ ਕਿ ਸਾਡੇ ਸਮਾਜ ਦੇ ਚੌਥੇ ਥੰਮ ?ਹ ਮੀਡੀਆ ਦੀ ਬਹੁਤ ਲੋੜ ਹੈ। ਮੀਡੀਆ ਰਾਹੀਂ ਅਜਿਹੇ ਬਹੁਤ ਸਾਰੇ ਮੁੱਦੇ ਸਾਹਮਣੇ ਆਉਂਦੇ ਹਨ, ਜੋ ਕਿਸੇ ਕਾਰਨ ਕਰਕੇ ਸਾਹਮਣੇ ਨਹੀਂ ਆਉਂਦੇ। ਉਨ੍ਹਾਂ ਕਿਹਾ ਕਿ ਸਬ-ਡਿਵੀਜ਼ਨ ਵਿੱਚ ਰਹਿ ਗਏ ਵਿਕਾਸ ਕਾਰਜ ਜਲਦੀ ਹੀ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਬ-ਡਿਵੀਜ਼ਨ ਦੀਆਂ ਵਿਸ਼ੇਸ਼ ਸਮੱਸਿਆਵਾਂ ਜਿਵੇਂ ਕਿ ਲਾਵਾਰਸ ਪਸ਼ੂ, ਕਬਜ਼ੇ, ਆਵਾਜਾਈ, ਸੜਕਾਂ ਦੀ ਮੁਰੰਮਤ, ਸੀਵਰੇਜ ਸਿਸਟਮ, ਸੜਕਾਂ 'ਤੇ ਕੂੜਾ ਨਾ ਫੈਲਾਉਣਾ, ਸਬ-ਡਿਵੀਜ਼ਨ ਦੇ ਸਾਰੇ ਸਕੂਲਾਂ ਵਿੱਚ ਸਫਾਈ ਪ੍ਰਣਾਲੀ, ਕੂੜਾ ਸੁੱਟਣ ਦਾ ਪ੍ਰਬੰਧ, ਅਤੇ ਹੋਰ ਕਈ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਠੀਕ ਕੀਤਾ ਜਾਵੇਗਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਦਫ਼ਤਰ ਵਿੱਚ ਗਊਸ਼ਾਲਾ ਦੇ ਨੁਮਾਇੰਦਿਆਂ ਅਤੇ ਨਗਰ ਪਾਲਿਕਾ ਦਫ਼ਤਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਪਿਹੋਵਾ ਅਤੇ ਇਸਮਾਈਲਾਬਾਦ ਦੀਆਂ ਸੜਕਾਂ 'ਤੇ ਖੁੱਲ੍ਹੇਆਮ ਘੁੰਮ ਰਹੇ ਲਾਵਾਰਸ ਪਸ਼ੂਆਂ ਨੂੰ ਫੜ ਕੇ ਵੱਖ-ਵੱਖ ਗਊਸ਼ਾਲਾਵਾਂ ਵਿੱਚ ਭੇਜਿਆ ਜਾਵੇਗਾ। ਲਾਵਾਰਸ ਪਸ਼ੂਆਂ ਨੂੰ ਗਊਸ਼ਾਲਾ ਭੇਜਣ ਦੀ ਮੁਹਿੰਮ ਪਹਿਲੀ ਤੋਂ 31 ਅਗਸਤ ਤੱਕ ਚਲਾਈ ਜਾਵੇਗੀ। ਇਸ ਮੁਹਿੰਮ ਤਹਿਤ ਸਾਰੇ ਲਾਵਾਰਸ ਪਸ਼ੂਆਂ ਨੂੰ ਗਊਸ਼ਾਲਾ ਵਿੱਚ ਰੱਖਣ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਗਊਸ਼ਾਲਾ ਦੇ ਨੁਮਾਇੰਦਿਆਂ ਤੋਂ ਗਊਸ਼ਾਲਾ ਵਿੱਚ ਜਾਨਵਰਾਂ ਦੀ ਦੇਖਭਾਲ ਸਬੰਧੀ ਪੂਰੀ ਜਾਣਕਾਰੀ ਲਈ ਐੱਸਡੀਐੱਮ ਅਭਿਨਵ ਸਿਵਾਚ ਨੇ ਪਿਹੋਵਾ ਚੌਕ ਦਾ ਨਿਰੀਖਣ ਕੀਤਾ ਅਤੇ ਸਖ਼ਤ ਰਵੱਈਆ ਅਪਣਾਇਆ ਅਤੇ ਮੌਕੇ 'ਤੇ ਹੀ ਕਬਜ਼ੇ ਹਟਾਏ। ਇਸ ਮੌਕੇ ਸੜਕ ਦੇ ਵਿਚਕਾਰ ਖੜ੍ਹੇ ਵਾਹਨਾਂ ਦੇ ਚਲਾਨ ਕੀਤੇ ਗਏ। ਉਨ੍ਹਾਂ ਸਰਸਵਤੀ ਗੇਟ ਦੇ ਅੰਦਰ ਕਬਜ਼ਾ ਹਟਾਇਆ। ਇਸ ਤੋਂ ਇਲਾਵਾ, ਕੰਧਾਂ 'ਤੇ ਕਈ ਤਰ੍ਹਾਂ ਦੇ ਪੋਸਟਰ ਅਤੇ ਬੈਨਰ ਚਿਪਕਾਏ ਗਏ, ਜਿਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਹਟਾ ਦਿੱਤਾ ਗਿਆ। ਇਸ ਮੌਕੇ ਦੁਕਾਨਦਾਰਾਂ ਤੋਂ ਪਲਾਸਟਿਕ ਦੇ ਥੈਲੇ ਵੀ ਜ਼ਬਤ ਕੀਤੇ ਗਏ ਤਾਂ ਜੋ ਪਲਾਸਟਿਕ ਕਾਰਨ ਵਾਤਾਵਰਨ ਨੂੰ ਨੁਕਸਾਨ ਨਾ ਪਹੁੰਚੇ।

# ਯਾਦਵਿੰਦਰਾ ਪਬਲਿਕ ਸਕੂਲ ਦੇ 76ਵੇਂ ਸਲਾਨਾ ਅਕਾਦਮਿਕ ਦਿਵਸ ਮੌਕੇ ਸਿਹਤ ਮੰਤਰੀ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



**ਪਟਿਆਲਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਪਟਿਆਲਾ ਦੇ ਯਾਦਵਿੰਦਰਾ ਪਬਲਿਕ ਸਕੂਲ ਦੇ 76ਵੇਂ ਸਲਾਨਾ ਅਕਾਦਮਿਕ ਦਿਵਸ ਮੌਕੇ ਸਕੂਲ ਦੇ ਕੈਪਟਨ ਅਮਰਿੰਦਰ ਸਿੰਘ ਆਡੀਟੋਰੀਅਮ ਵਿਖੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਇਹ ਆਯੋਜਨ ਅਕਾਦਮਿਕ ਸਾਲ 2024-25 ਦੇ ਸਫਲ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸੀ। ਇਸ ਮੌਕੇ ਯਾਦਵਿੰਦਰਾ ਪਬਲਿਕ ਸਕੂਲ ਦੇ ਬੋਰਡ ਮੈਂਬਰ, ਪਟਿਆਲਾ ਜਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ, ਅਧਿਆਪਕ ਅਤੇ ਵਿਦਿਆਰਥੀਆਂ ਦੇ ਮਾਪੇ ਮੌਜੂਦ ਸਨ।

ਇਸ ਮੌਕੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਮਹਾਰਾਣੀ ਪ੍ਰਨੀਤ ਕੌਰ, ਲੈਫਟੀਨੈਂਟ ਜਨਰਲ ਚੇਤਿੰਦਰ ਸਿੰਘ, ਮੈਂਬਰ ਵਾਈਪੀਐਸ ਬੋਰਡ ਆਫ਼ ਗਵਰਨਰਜ਼, ਮੇਜਰ ਜਨਰਲ ਟੀਪੀਐਸ ਵੜੈਚ, ਡਾਇਰੈਕਟਰ, ਵਾਈਪੀਐਸ, ਮੋਹਾਲੀ ਅਤੇ ਮੈਂਬਰ ਵਾਈਪੀਐਸ, ਬੋਰਡ ਆਫ਼ ਗਵਰਨਰਜ ਵੀ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਦੀਪ ਪ੍ਰਜਵਲਿਤ ਕਰਕੇ ਅਤੇ ਗੁਰੂ ਵੰਦਨਾ ਨਾਲ ਕੀਤੀ ਗਈ।ਸਕੂਲ ਦੇ ਮੌਜੂਦਾ ਹੈਡ ਬੋਏ, ਕ੍ਰਿਤਿਕ ਜੈਨ ਅਤੇ ਹੇਡ ਗਰਲ, ਰੇਨੇ ਧਾਦਲੀ ਨੇ ਸੀਨੀਅਰ ਸਕੂਲ ਦੀ ਰਿਪੋਰਟ ਪੇਸ਼ ਕੀਤੀ। ਡਿਪਟੀ ਹੈਡ ਬੋਏ, ਹਰਮਨਮੀਤ ਸਿੰਘ ਬਤਰਾ ਅਤੇ ਡਿਪਟੀ ਹੇਡ ਗਰਲ, ਪਲਕਦੀਪ ਕੌਰ ਬ੍ਰਾਰ ਨੇ ਪ੍ਰੋਗ੍ਰਾਮ ਦੇ ਸੰਚਾਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਜੂਨੀਅਰ ਸਕੂਲ ਦੀ ਰਿਪੋਰਟ ਅਮਾਇਰਾ ਗੁਪਤਾ ਅਤੇ ਅੰਗਦਵੀਰ ਸਿੰਘ ਨੇ ਪੇਸ਼ ਕੀਤੀ, ਜਿਸ ਵਿੱਚ ਵਿਦਿਆਰਥੀਆਂ ਦੀ ਅਕਾਦਮਿਕ, ਖੇਡਾਂ ਅਤੇ ਕੋ-ਕਰਿਕੁਲਰ ਕਿਰਿਆਵਲੀਆਂ ਵਿੱਚ ਮਿਹਨਤ ਅਤੇ ਪ੍ਰਾਪਤੀਆਂ ਦਾ ਜਿਕਰ ਕੀਤਾ ਗਿਆ। ਯਾਦਵਿੰਦਰਾ ਪਬਲਿਕ ਸਕੂਲ ਦੇ ਹੈਡਮਾਸਟਰ ਸ਼੍ਰੀ ਨਵੀਨ ਕੁਮਾਰ ਦਿਕਸ਼ਿਤ ਨੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਇਸ ਮੌਕੇ ਸਿਹਤ ਮੰਤਰੀ ਵੱਲੋਂ ਵਿਦਿਆਰਥੀਆਂ ਨੂੰ ਸਕੂਲ ਇਨਾਮ, ਅਕਾਦਮਿਕ ਅਤੇ ਖੇਡਾਂ ਵਿੱਚ ਸਿਖਰ ਪ੍ਰਦਰਸ਼ਨ ਲਈ ਸੋਨੇ ਦੇ ਪਦਕ ਅਤੇ ਹੋਰ ਇਨਾਮ ਦਿੱਤੇ ਗਏ।

ਪਿਛਲੇ ਸਾਲ ਦੇ ਹੇਡ ਬੋਏ, ਮੱਲਿਕ ਅਰਜਨ ਅਹਲੂਵਾਲੀਆ, ਜੋ ਰਾਸ਼ਟਰੀ ਸਤਰ 'ਤੇ ਆਈ ਐਸ ਸੀ ਵਿੱਚ ਟੌਪਰ ਰਹੇ ਸਨ, ਨੂੰ ਐਚਿਸਨ ਯਾਦਵਿੰਦ੍ਰਿਅਨ ਓਲਡ ਸਟੂਡੈਂਟਸ ਮੇਡਲ, ਲੁਥਰਾ ਮੇਡਲ (ਆਰਥਿਕ ਸ਼ਾਸ਼ਤਰ ਵਿੱਚ ਸ੍ਰੇਸ਼ਠ ਨਤੀਜਾ) ਅਤੇ ਗੁਰਨਾਮ ਸਿੰਘ ਮੈਮੋਰੀਅਲ ਮੇਡਲ (ਮਾਨਵਿਕੀ ਵਿੱਚ ਉੱਤਮ ਨਤੀਜਾ) ਨਾਲ ਸਨਮਾਨਿਤ ਕੀਤਾ ਗਿਆ।

ਪਿਛਲੇ ਸਾਲ ਦੀ ਹੇਡ ਗਰਲ, ਦਿਵਰੂਪ ਕੌਰ ਸੰਧੂ ਨੇ ਸੱਤ ਇਨਾਮ ਜਿੱਤੇ, ਜਿਨ੍ਹਾਂ ਵਿੱਚ ਪ੍ਰਮੁੱਖ ਇਨਾਮ ਸਨ: ਸਰਦਾਰ ਹਰਨਾਮ ਸਿੰਘ ਬਲ ਗਣਿਤ ਜਿਨੀਅਸ ਇਨਾਮ, ਬੈਸਟ ਅਕਾਦਮਿਕ ਨਤੀਜਾ (ਸੀਨੀਅਰ ਸਕੂਲ), ਨਾਲਾਗੜ੍ਹ ਮੈਡਲ (ਆਈ ਸੀ ਐਸ ਸੀ ਵਿੱਚ ਵਿਗਿਆਨ ਅਤੇ ਗਣਿਤ ਵਿੱਚ ਸ੍ਰੇਸ਼ਠ ਔਸਤ) ਅਤੇ ਬੈਸਟ ਡਿਬੇਟਰ ਆਫ ਦਿ ਏਅਰ ਇਨਾਮ (ਸੀਨੀਅਰ ਸਕੂਲ)।ਯਾਦਵਿੰਦਰਾ ਗੋਲਡ ਮੇਡਲ ਅਤੇ ਡਾ. ਕਰਨਸ਼ੇਰ ਸਿੱਧੂ ਟ੍ਰੋਫੀ ਅਤੇ ਸਕਾਲਰਸ਼ਿਪ ਮੱਲਿਕ ਅਰਜਨ ਅਹਲੂਵਾਲੀਆ ਅਤੇ ਦਿਵਰੂਪ ਕੌਰ ਸੰਧੂ ਨੂੰ ਸਾਂਝੇ ਤੌਰ 'ਤੇ ਦਿੱਤੀ ਗਈ।ਸੁਹਾਣੀ ਸਿੰਗਲਾ ਨੂੰ ਆਈ ਐਸ ਸੀ (ਕੌਮਰਸ) ਵਿੱਚ ਪਹਿਲੇ ਸਥਾਨ ਲਈ ਸਰਦਾਰ ਹਰਮੀਤ ਸਿੰਘ ਬਤਰਾ ਗੋਲਡ ਮੇਡਲ ਮਿਲਿਆ।ਪਾਰਵਾਜ਼ ਸਿੰਘ ਸਾਹਰਨ ਨੂੰ ਆਈ ਐਸ ਸੀ (ਮੈਡੀਕਲ) ਵਿੱਚ ਉੱਤਮ ਨਤੀਜਆਂ ਲਈ ਗੁਰਨਾਮ ਸਿੰਘ ਮੈਮੋਰੀਅਲ ਮੇਡਲ ਪ੍ਰਾਪਤ ਹੋਇਆ। ਕ੍ਰਿਸ਼ਿਵ ਬੰਸਲ, ਜੋ ਜਿਲੇ ਵਿੱਚ ਆਈ ਸੀ ਐਸ ਸੀ ਵਿੱਚ ਟੌਪਰ ਰਹੇ, ਨੂੰ ਤਿੰਨ ਪ੍ਰਮੁੱਖ ਇਨਾਮ ਮਿਲੇ: ਐਚਿਸਨ ਯਾਦਵਿੰਦ੍ਰਿਅਨ ਓਲਡ ਬੋਇਜ਼ ਮੇਡਲ, ਡਾ. ਕਰਨਸ਼ੇਰ ਸਿੱਧੂ ਸਕਾਲਰਸ਼ਿਪ ਅਤੇ ਪ੍ਰੇਮ ਸਿੰਘ ਬਤਰਾ ਮੇਡਲ (ਆਈ ਸੀ ਐਸ ਸੀ ਵਿੱਚ ਵਿਗਿਆਨ ਅਤੇ ਗਣਿਤ ਵਿੱਚ ਉੱਤਮ ਔਸਤ)।ਜੂਨੀਅਰ ਸਕੂਲ ਦੀ ਉੱਤਮ ਆਲ-ਰਾਊਂਡ ਵਿਦਿਆਰਥੀ ਦਾ ਇਨਾਮ ਇਨਾਰਾ ਕੌਰ ਜਗੀਰਦਾਰ ਨੇ ਜਿੱਤਿਆ। ਫੂਲਕੀਆਨ ਹਾਊਸ ਨੇ ਸ੍ਰੇਸ਼ਠ ਆਲ-ਰਾਊਂਡ ਹਾਊਸ ਦਾ ਚੈਂਪੀਅਨ ਹਾਊਸ ਕਪ ਜਿੱਤਿਆ। ਮੁੱਖ ਮਹਿਮਾਨ ਡਾ. ਬਲਬੀਰ ਸਿੰਘ ਨੇ ਸਾਰੇ ਨੌਜਵਾਨ ਨੂੰ ਬਧਾਈ ਦਿੱਤੀ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋਗ੍ਰਾਮ ਵਿੱਚ ਇਕ ਸੰਗੀਤ ਪ੍ਰਸਤੁਤੀ ਅਤੇ ਜ਼ਿੰਦਗੀ ਭਰਪੂਰ ਨੱਚ ਨੇ ਦਰਸ਼ਕਾਂ ਨੂੰ ਮੰਤ੍ਰਮੁਗਧ ਕਰ ਦਿੱਤਾ। ਪ੍ਰੋਗ੍ਰਾਮ ਦਾ ਸਮਾਪਨ ਧੰਨਵਾਦ ਪ੍ਰਸਤਾਵ ਅਤੇ ਰਾਸ਼ਟਰੀ ਗੀਤ ਨਾਲ ਹੋਇਆ।

# ਮੋਹਿੰਦਰ ਭਗਤ ਨੇ ਪੰਜਾਬ ਨੂੰ ਵਿਕਸਿਤ ਅਤੇ ਖੁਸ਼ਹਾਲ ਰਾਜ ਬਣਾਉਣ ਲਈ ਮਾਨ ਸਰਕਾਰ ਦੀ ਵਚਬੱਧਤਾ ਦੁਹਰਾਈ

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਨੂੰ ਵਿਕਸਿਤ ਅਤੇ ਖੁਸ਼ਹਾਲ ਰਾਜ ਬਣਾਉਣ ਲਈ ਮਾਨ ਸਰਕਾਰ ਦੀ ਵਚਬੱਧਤਾ ਦੁਹਰਾਉਂਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਲਗਾਤਾਰ ਇਤਿਹਾਸਕ ਫੈਸਲੇ ਲਏ ਜਾ ਰਹੇ ਹਨ। ਜਨਤਾ ਨੂੰ ਸੁਵਿਧਾਵਾਂ ਮੁੱਹਈਆ ਕਰਵਾਉਣ ਤੋਂ ਇਲਾਵਾ ਪਾਰਦਰਸ਼ੀ ਤਰੀਕੇ ਨਾਲ ਵੱਖ-ਵੱਖ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਨੂੰ ਇੱਕ ਮਾਡਲ ਰਾਜ ਬਣਾਉਣ ਵੱਲ ਵਿਸ਼ੇਸ਼ ਕਦਮ ਪੁੱਟੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਨੇ ਇਨਫਰਾਸਟਰਕਚਰ, ਸਿਹਤ, ਸਿੱਖਿਆ, ਖੇਤੀਬਾੜੀ ਅਤੇ ਉਦਯੋਗ ਦੇ ਖੇਤਰ ਵਿੱਚ ਕਈ ਅਹਿਮ ਪ੍ਰੋਜੈਕਟ ਸ਼ੁਰੂ ਕੀਤੇ ਹਨ। ਰਾਜ ਦੇ ਹਰ ਹਿੱਸੇ ਵਿੱਚ ਸੜਕਾਂ ਦਾ ਨਿਰਮਾਣ, ਸਰਕਾਰੀ ਹਸਪਤਾਲਾਂ ਦੀ ਅਪਗ੍ਰੇਡੇਸ਼ਨ, ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਅਤੇ ਕਿਸਾਨਾਂ ਲਈ ਨਵੀਆਂ ਸਹੂਲਤਾਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਸਸਤੀ ਕਰਨਾ, ਭ੍ਰਿਸ਼ਟਾਚਾਰ 'ਤੇ ਕਾਰਵਾਈ, ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਤਿਆਰ ਕਰਨਾ ਸਰਕਾਰ ਦੀਆਂ ਅਹਿਮ ਪਹਿਲਦਮੀਆਂ ਹਨ। ਕੈਬਿਨਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮਾਨ ਸਰਕਾਰ ਦਾ ਹਰੇਕ ਫੈਸਲਾ ਪੰਜਾਬ ਦੀ ਬੇਹਤਰੀ ਅਤੇ ਲੋਕਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾਂਦਾ ਹੈ।

ਸ਼੍ਰੀ ਭਗਤ ਨੇ ਕਿਹਾ ਕਿ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਨਵੇਂ ਵਿਕਾਸ ਪ੍ਰੋਜੈਕਟਾਂ ਦੀ ਘੋਸ਼ਣਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹੈ ਕਿ ਹਰ ਪਿੰਡ ਅਤੇ ਸ਼ਹਿਰ ਵਿੱਚ ਆਧੁਨਿਕ ਸੁਵਿਧਾਵਾਂ ਪਹੁੰਚਾਈਆਂ ਜਾਣ।

# ਵਿਦਿਆ ਵੈਲੀ ਸਕੂਲ ਨਿਊ ਸੰਨੀ ਇਨਕਲੇਵ ਖਰੜ ਦੇ ਖਿਡਾਰੀਆਂ ਵਲੋਂ ਨੌਰਥ ਜੋਨ ਐਥਲੈਟਿਕਸ ਪ੍ਰਾਪਤੀਆਂ




**ਖਰੜ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆ ਵੈਲੀ ਸਕੂਲ ਨਿਊ ਸੰਨੀ ਇਨਕਲੇਵ ਖਰੜ ਵਲੋਂ ਸੀ.ਬੀ.ਐਸ.ਈ. ਨੌਰਥ ਜੋਨ ਐਥਲੇਟਿਕਸ ਮੀਟ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂ ਚਮਕਾਇਆ ਹੈ, ਸਕੂਲ ਦੀ ਵਿਦਿਆਰਥਣ ਗੀਤ ਵਲੋਂ ਇਕ ਸਟਾਰ ਐਥਲੀਟ ਵਜੋਂ ਉਭਰੀ ਉਸ ਨੇ 600,400 ਮੀਟਰ ਦੌੜ ਅੰਡਰ -14 ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਅੰਡਰ-14 ਲੜਕੀਆਂ ਰਿਲੇਅ ਟੀਮ ਵਿਚ ਆਧਿਆ ਠਾਕੁਰ, ਯੁਵਲੀਨ ਕੌਰ, ਲਾਵਣਿਆ ਸ਼ਰਮਾ, ਗੀਤ ਨੇ ਵੀ ਪਹਿਲਾਂ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਟੀਮ ਵਰਕ ਅਤੇ ਗਤੀ ਦਾ ਪ੍ਰਦਰਸ਼ਨ ਕੀਤਾ ਹੈ। ਸ਼ਾਟ ਪੁੱਟ ਅੰਡਰ-14 ਸਾਲ ਵਰਗ ਵਿਚ ਆਰਵੀ ਕੌਸ਼ਲ ਨੇ ਦੂਰਾ ਸਥਾਨ, ਲਾਵਣਿਆਂ ਸ਼ਰਮਾ ਨੇ 100 ਮੀਟਰ ਦੌੜ ਅੰਡਰ 14 ਵਿਚ ਤੀਜਾ ਸਥਾਨ ਪ੍ਰਾਪਤ ਕਰਕੇ ਇੱਕ ਹੋਰ ਖੰਭ ਜੋੜਿਆ।ਇਸ ਸ਼ਾਨਦਾਰ ਪ੍ਰਾਪਤੀਆਂ ਲਈ ਸਕੂਲ ਚੇਅਰਪਰਸਨ ਸੁਰਿੰਦਰ ਕੌਰ ਅਤੇ ਡਾਇਰੈਕਟਰ ਸਿਮਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਅਤੇ ਕੋਚਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਵਧਾਈ ਦਿੱਤੀ।ਸਕੂਲ ਦੀ ਪ੍ਰਿੰਸੀਪਲ ਡਾ. ਸੁਮਨ ਲਤਾ ਨੇ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਕੋਚਾਂ ਨੂੰ ਉਨ੍ਹਾਂ ਦੇ ਸਮਰਪਿਤਾ ਯਤਨਾਂ ਲਈ ਪ੍ਰਸ਼ੰਸਾ ਕੀਤੀ।

# ਪੰਜਾਬ ਦਾ ਵਿਕਾਸ ਅਤੇ ਤਰੱਕੀ ਹੀ ਆਪ ਸਰਕਾਰ ਦਾ ਮੁੱਖ ਮਕਸਦ : ਹਰਚੰਦ ਸਿੰਘ ਬਰਸਟ



**ਪਟਿਆਲਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਆਪਣੀ ਵਚਨਬੱਧਤਾ ਅਤੇ ਕਾਰਗੁਜਾਰੀ ਤਹਿਤ ਸੂਬੇ ਦੇ ਪਿੰਡਾਂ ਦਾ ਵਿਕਾਸ ਪਹਿਲ ਦੇ ਆਧਾਰ ਤੇ ਕਰ ਰਹੀ ਹੈ। ਇਹਨਾਂ ਵਿਚਾਰਾ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ। ਪਟਿਆਲਾ ਦਫ਼ਤਰ ਵਿਖੇ ਸ. ਹਰਚੰਦ ਸਿੰਘ ਬਰਸਟ ਵੱਲੋਂ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਦੌਰਾਨ ਸ. ਬਰਸਟ ਨੇ ਹਲਕਾ ਸਮਾਨਾ ਦੇ ਵੱਖ-ਵੱਖ ਪਿੰਡਾਂ ਤਰਖਾਣ ਮਾਜਰਾ, ਕੂਕਾ, ਸ਼ੇਰਮਾਜਰਾ, ਡਰੋਲਾ, ਮਾਲੋਮਾਜਰਾ ਅਤੇ ਇਲਾਕਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਪੰਚਾਇਤਾਂ ਸਮੇਤ ਆਮ ਲੋਕ ਵੀ ਪਹੁੰਚੇ, ਜਿਨ੍ਹਾਂ ਵੱਲੋਂ ਸ. ਬਰਸਟ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ। ਸ. ਬਰਸਟ ਨੇ ਹਰ ਇੱਕ ਵਿਅਕਤੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ ਅਤੇ ਮੌਕੇ ਤੇ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ।

ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਨਾ ਦੇ ਪਿੰਡ ਕੂਕਾ ਦੇ ਨਵੇਂ ਬਣੇ ਪੰਚਾਇਤ ਮੈਂਬਰ ਕਰਨੈਲ ਸਿੰਘ ਨੂੰ ਮੂੰਹ ਮਿੱਠਾ ਕਰਵਾਕੇ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਨਵੇਂ ਮੈਂਬਰ ਨੂੰ ਪਿੰਡ ਦੇ ਵਿਕਾਸ ਅਤੇ ਤਰੱਕੀ ਲਈ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਅਤੇ ਪਿੰਡ ਦੇ ਸਰਵੱਖੀ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਸ਼ਾਨਦਾਰ ਤਬਦੀਲੀਆਂ ਲਿਆਉਣ ਲਈ ਯਤਨਸ਼ੀਲ ਰਹਿਣ ਦੀ ਗੱਲ ਕਹਿ।

ਇਸਦੇ ਨਾਲ ਹੀ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਤਹਿਤ ਪਿੰਡ ਵਾਸੀਆਂ ਨੂੰ ਸਰਕਾਰ ਦਾ ਸਾਥ ਦੇਣ ਦੀ ਅਪੀਲ ਕੀਤੀ। ਪੰਜਾਬ ਸਰਕਾਰ ਵੱਲੋਂ ਸਰਹੱਦ ਪਾਰ ਤੋਂ ਹੋਣ ਵਾਲੀ ਨਸ਼ਾ ਤਸਕਰੀ ਨੂੰ ਰੋਕਣ ਲਈ ਅੰਤਰਰਾਸ਼ਟਰੀ ਸਰਹੱਦ ਤੇ ਐਂਟੀ-ਡਰੋਨ ਸਿਸਟਮ ਵੀ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਪੰਜਾਬ ਐਂਟੀ-ਡਰੋਨ ਸਿਸਟਮ ਵਾਲ਼ਾ ਦੇਸ਼ ਦਾ ਪਹਿਲਾ ਸੂਬਾ ਬਣਿਆ ਹੈ, ਜੋ ਆਪਣੀ 553 ਕਿ.ਮੀ. ਕੌਮਾਂਤਰੀ ਸਰਹੱਦ ਦੀ ਨਿਗਰਾਨੀ ਲਈ ਇਸ ਤਕਨੀਕ ਦੀ ਵਰਤੋਂ ਕਰੇਗਾ। ਹੁਣ ਨਸ਼ਿਆਂ ਅਤੇ ਅਸਲੇ ਦੀ ਤਸਕਰੀ ਨੂੰ ਤਕਨੀਕ ਦੀ ਵਰਤੋਂ ਨਾਲ਼ ਨੱਥ ਪਵੇਗੀ।

ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਲਈ ਮਹੱਤਵਪੂਰਨ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸੂਬੇ ਦਾ ਵਿਕਾਸ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਜਿੱਥੇ ਸਿੱਖਿਆ, ਸਿਹਤ ਅਤੇ ਰੋਜ਼ਗਾਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਉੱਥੇ ਹੀ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਦਾ ਸ਼ਾਨਦਾਰ ਵਿਕਾਸ ਕੀਤਾ ਗਿਆ ਹੈ। ਸਿਹਤ, ਸਿੱਖਿਆ, ਰੋਜਗਾਰ ਸਮੇਤ ਹਰ ਖੇਤਰ ਵਿੱਚ ਮਿਸਾਲੀ ਕਾਰਜ ਕੀਤੀ ਗਏ ਹਨ, ਜਿਨ੍ਹਾਂ ਤੋਂ ਲੋਕ ਬਹੁਤ ਖੁਸ਼ ਹਨ। ਲੋਕਾਂ ਨੂੰ ਚੰਗੀ ਸਿਹਤ ਸਹੂਲਤਾਂ ਦੇਣ ਦੇ ਉਦੇਸ਼ ਨਾਲ ਜਿੱਥੇ 881 ਆਮ ਆਦਮੀ ਕਲੀਨਿਕ ਸਥਾਪਿਤ ਹਨ, ਉੱਥੇ ਹੀ ਜਲਦ ਹੀ 200 ਹੋਰ ਨਵੇਂ ਆਮ ਆਦਮੀ ਕਲੀਨਿਕ ਖੋਲੇ ਜਾਣਗੇ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਯਾਦਵਿੰਦਰ ਸਿੰਘ ਪ੍ਰਧਾਨ ਕਿਸਾਨ ਯੂਨੀਅਨ ਕੂਕਾ, ਸੋਨੀ ਸਰਪੰਚ ਤਰਖਾਣ ਮਾਜਰਾ, ਨਿਰਮਲ ਸਿੰਘ ਪੰਚਾਇਤ ਮੈਂਬਰ, ਜਸਵਿੰਦਰ ਸਿੰਘ ਪੰਚਾਇਤ ਮੈਂਬਰ, ਨਿਧਾਨ ਸਿੰਘ, ਗੁਰਜੰਟ ਸਿੰਘ, ਭਜਨ ਸਿੰਘ, ਕੁਲਜੀਤ ਸਿੰਘ, ਸਤਨਾਮ ਸਿੰਘ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

# ਬਾਦਲ ਪਰਿਵਾਰ ਨੇ ਪੰਥ ਦੀ ਥਾਂ ਖੁਦ ਨੂੰ ਤਰਜੀਹ ਦਿੱਤੀ: ਰਵੀਇੰਦਰ ਸਿੰਘ

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਬਾਦਲ ਪਰਿਵਾਰ ਨੇ ਪੰਥ ਦੀ ਥਾਂ ਪਰਿਵਾਰਵਾਦ ਨੂੰ ਤਰਜੀਹ ਦਿੱਤੀ,ਜਿਸ ਦਾ ਖਮਿਆਜ਼ਾ ਸਮੁੱਚੀ ਸਿੱਖ ਕੌਮ ਭੁਗਤ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲਾਂ ਸਿੱਖੀ ਨਾਲ ਬਹੁਤ ਵੱਡਾ ਧੋਖਾ ਕਮਾਇਆ,ਇਹ ਪ੍ਰਗਟਾਵਾ ਰਵੀਇੰਦਰ ਸਿੰਘ ਨੇ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਪੰਜਾਬ ਦੇ ਹੱਕਾਂ ਦੀ ਆਵਾਜ਼ ਮੰਨੀ ਜਾਂਦੀ ਸੀ, ਅੱਜ ਲੋਕਾਂ ਦੇ ਭਰੋਸੇ ਨਾਲ ਸਭ ਤੋਂ ਵੱਡਾ ਧੋਖਾ ਕਰ ਰਿਹਾ ਹੈ। ਆਗੂ ਨੇ ਸਪੱਸ਼ਟ ਕੀਤਾ ਕਿ ਕੌਮੀ ਮਸਲੇ ਲਟਕੇ ਹਨ,ਪੰਥਕ ਮਸਲੇ ਠੰਡੇ ਬਸਤੇ ਚ ਪਏ ਹਨ। ਬਾਦਲ ਦਲ ਦਾ ਪਾਰਟੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖਤ ਸਾਹਿਬ ਤੇ ਕੰਟਰੋਲ ਹੋਣ ਕਰਕੇ,ਸਿੱਖ ਕੌਮ ਨਵੀਂ ਇਮਾਨਦਾਰ ,ਨਿਸ਼ਕਾਮ ਸੇਵਾ ਵਾਲੀ ਲੀਡਰਸ਼ਿਪ ਲੱਭ ਰਹੀ ਹੈ।

ਪਿਛਲੇ ਦਹਾਕੇ ਦੌਰਾਨ, ਅਕਾਲੀ ਦਲ ਨੇ ਨਾ ਸਿਰਫ ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕੀਤਾ, ਸਗੋਂ ਸਮਾਜਕ ਸਾਂਝ ਨੂੰ ਵੀ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਸਬੰਧੀ ਸ੍ਰੀ ਅਕਾਲ ? ਤਖ਼ਤ ਸਾਹਿਬ ਤੋਂ 2 ਦਸੰਬਰ ਨੂੰ ਜਾਰੀ ਹੁਕਮਨਾਮੇ ਅਨੁਸਾਰ ਅਕਾਲੀ ਦਲ ਦੀ ਨਵੀਂ ਭਰਤੀ ਮੁਹਿੰਮ ਤਹਿਤ ਅੱਜ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਸਿੱਖ ਪੰਥ ਦਾ ਇਤਿਹਾਸਕ ਡੈਲੀਗੇਟ ਸੈਸ਼ਨ ਕਰਵਾਉਣ ਜਾ ਰਹੀ ਹੈ।ਇਸ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਕੀਤੀ ਗਈ ਹੈ।

ਉਨ੍ਹਾਂ ਵੱਲੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਅਕਾਲੀ ਦਲ ਵਿੱਚ ਭਰਤੀ ਕੀਤਾ ਗਿਆ ਹੈ। ਜਦੋਂ ਤੋਂ ਅਕਾਲ ਤਖ਼ਤ ਸਾਹਿਬ ਤੋਂ ਕਿਹਾ ਗਿਆ ਸੀ 5 ਮੈਂਬਰੀ ਭਰਤੀ ਮੁਹਿੰਮ ਕਰਵਾਉਣ ਸਬੰਧੀ ਉਸ ਸਮੇਂ ਤੋਂ ਹੀ ਅਕਾਲੀ ਦਲ 1920 ਨੂੰ ਭੰਗ ਕਰਕੇ ਭਰਤੀ ਮੁਹਿੰਮ ਤਿਆਰੀਆਂ ਵਿੱਢ ਦਿੱਤੀਆਂ ਸੀ ,ਇਸ ਮੌਕੇ ਰਵੀਇੰਦਰ ਸਿੰਘ ਨਾਲ ਸਬੰਧਤ ਸਮੂਹ ਵਰਕਰਾਂ,ਪੰਥਕ ਦਰਦੀ 13 ਅਗਸਤ ਨੂੰ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਹੋਣ ਜਾ ਰਹੇ ਇਕੱਠ ਵਿੱਚ ਸ਼ਮੂਲੀਅਤ ਕਰਨਗੇ।

# 435 ਆਂਗਣਵਾੜੀ ਹੈਲਪਰਾਂ ਨੂੰ ਤਰੱਕੀ ਦੇ ਕੇ ਬਣਾਇਆ ਆਂਗਣਵਾੜੀ ਵਰਕਰ: ਡਾ. ਬਲਜੀਤ ਕੌਰ

**➢ ਦਸਵੀਂ ਪਾਸ ਆਂਗਣਵਾੜੀ ਹੈਲਪਰਾਂ ਨੂੰ ਵੀ ਜਲਦ ਮਿਲੇਗੀ ਤਰੱਕੀ ➢ ਸਤੰਬਰ ਤੋਂ 5000 ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਦੀਆਂ ਖਾਲੀ ਅਸਾਮੀਆਂ ਭਰਨ ਦੀ ਪ੍ਰਕਿਰਿਆ ਸ਼ੁਰੂ**

**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਰੱਖੜੀ ਦੇ ਪਵਿੱਤਰ ਮੌਕੇ 'ਤੇ ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਵਿਭਾਗ ਦੀਆਂ 435 ਆਂਗਣਵਾੜੀ ਹੈਲਪਰਾਂ ਨੂੰ ਤਰੱਕੀ ਦੇ ਕੇ ਆਂਗਣਵਾੜੀ ਵਰਕਰ ਬਣਾਇਆ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਪੁਰਾਣੇ ਸਮੇਂ ਤੋਂ ਸੇਵਾ ਨਿਭਾ ਰਹੀਆਂ 10ਵੀਂ ਪਾਸ ਆਂਗਣਵਾੜੀ ਹੈਲਪਰਾਂ, ਜਿਨ੍ਹਾਂ ਕੋਲ 10 ਸਾਲ ਦਾ ਤਜਰਬਾ ਹੈ ਨੂੰ ਵੀ ਬਤੌਰ ਵਰਕਰ ਤਰੱਕੀ ਦੇਣ ਲਈ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਗੰਭੀਰ ਹੈ। ਇਸ ਤਹਿਤ ਡਿਊਟੀ ਦੌਰਾਨ ਪੱਕੇ ਤੌਰ 'ਤੇ ਅਪੰਗ ਹੋਈਆਂ ਜਾਂ ਕਿਸੇ ਜਾਨਲੇਵਾ ਬਿਮਾਰੀ ਨਾਲ ਪੀੜਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਆਸ਼ਰਿਤਾਂ ਨੂੰ ਵਿਸ਼ੇਸ਼ ਮੌਕੇ ਤਹਿਤ ਨੌਕਰੀ ਦੇਣ ਲਈ ਪ੍ਰਕਿਰਿਆ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਸਬੰਧ ਵਿੱਚ ਸਾਰੇ ਜ਼ਿਲਾ ਪ੍ਰੋਗਰਾਮ ਅਧਿਕਾਰੀਆਂ ਨੂੰ 31 ਅਗਸਤ 2025 ਤੋਂ ਪਹਿਲਾਂ ਪੁਰਾਣੇ ਪੈਂਡਿੰਗ ਆਸ਼ਰਿਤ ਕੇਸਾਂ ਅਤੇ ਬਦਲੀਆਂ ਦੇ ਕੇਸਾਂ ਦਾ ਨਿਪਟਾਰਾ ਕਰਨ ਦੇ ਹੁਕਮ ਦਿੱਤੇ ਗਏ ਹਨ। ਮੰਤਰੀ ਨੇ ਕਿਹਾ ਕਿ ਲਗਭਗ 5000 ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਭਰਤੀ ਪ੍ਰਕਿਰਿਆ 1 ਸਤੰਬਰ 2025 ਤੋਂ ਸ਼ੁਰੂ ਕੀਤੀ ਜਾਵੇਗੀ, ਜੋ ਕਿ ਪਾਰਦਰਸ਼ੀ ਅਤੇ ਨਿਰੋਲ ਮੈਰਿਟ ਦੇ ਆਧਾਰ 'ਤੇ ਹੋਵੇਗੀ। ਸਾਰੇ ਜ਼ਿਲਾ ਅਧਿਕਾਰੀਆਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਭਰਤੀ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸ਼ਿਕਾਇਤ ਮਿਲਣ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਭਰਤੀ ਪ੍ਰਕਿਰਿਆ 30 ਸਤੰਬਰ ਤੋਂ ਪਹਿਲਾਂ ਮੁਕੰਮਲ ਕਰ ਲਈ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਮਹਿਲਾਵਾਂ ਨੂੰ ਸਸ਼ਕਤ ਬਣਾਉਣਾ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਹ ਤਰੱਕੀਆਂ ਇਸ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਲਗਾਤਾਰ ਉਪਰਾਲਿਆਂ ਨਾਲ ਮਹਿਲਾਵਾਂ ਨੂੰ ਆਰਥਿਕ ਤੇ ਸਮਾਜਿਕ ਮਜ਼ਬੂਤੀ ਮਿਲ ਰਹੀ ਹੈ, ਜਿਸ ਨਾਲ ਉਹ ਆਪਣੇ ਪਰਿਵਾਰ ਅਤੇ ਸਮਾਜ ਦੇ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ।

# ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਸ਼੍ਰੋਮਣੀ ਅਕਾਲੀ ਦਲ ਦੀ ਰੀੜ ਦੀ ਹੱਡੀ : ਭੂੰਦੜ



**ਚੰਡੀਗੜ੍ਹ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪ੍ਰਵਾਸੀ ਪੰਜਾਬੀਆਂ ਦੀ ਬਿਹਤਰੀ ਲਈ ਹੀ ਕੰਮ ਕੀਤਾ ਹੈ ਅਤੇ ਵਿਦੇਸ਼ਾਂ ਚ ਵੱਸਦੇ ਪੰਜਾਬੀ ਸ਼੍ਰੋਮਣੀ ਅਕਾਲੀ ਦਲ ਦੀ ਰੀੜ ਦੀ ਹੱਡੀ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਆਪਣੇ ਇਹਨਾਂ ਪ੍ਰਦੇਸੀਂ ਵਸਦੇ ਵੀਰਾਂ ਭੈਣਾਂ ਦੀ ਮਿਹਨਤ ਨੂੰ ਹਮੇਸ਼ਾਂ ਸਲਾਮ ਕਰਦਾ ਹੈ ।ਇਹ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸਰਦਾਰ ਬਲਵਿੰਦਰ ਸਿੰਘ ਭੂੰਦੜ ,ਜੋ ਕਿ ਅੱਜ ਕੱਲ ਕਨੇਡਾ ਦੌਰੇ ਤੇ ਹਨ ,ਨੇ ਕਨੇਡਾ ਦੇ ਸ਼ਹਿਰ ਬਰੈਮਟਨ ਵਿਖੇ ਹੋਏ ਵਿਸ਼ੇਸ਼ ਸਨਮਾਨ ਸਮਾਗਮ ਦੌਰਾਨ ਕਹੇ। ਉਨਟਾਰੀਓ ਸੂਬੇ ਦੇ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ ਨੇ ਆਪਣੇ ਦਫਤਰ ਬਰੈਮਪਟਨ ਵਿਖੇ ਸਰਦਾਰ ਬਲਵਿੰਦਰ ਸਿੰਘ ਭੂੰਦੜ ਦੇ ਸਨਮਾਨ ਵਿੱਚ ਰੱਖੇ ਗਏ ਵਿਸ਼ੇਸ਼ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਹਮੇਸ਼ਾ ਸਵਰਗਵਾਸੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਸ਼੍ਰੋਮਣੀ ਅਕਾਲੀ ਦਲ ਦੀ ਬੇਹਤਰੀ ਲਈ ਕੰਮ ਕੀਤਾ ਹੈ।

ਸਮਾਗਮ ਦੌਰਾਨ ਅਮਰਜੋਤ ਸਿੰਘ ਸੰਧੂ ਐਮ ਪੀ ਪੀ ,ਅਮਰਜੀਤ ਸਿੰਘ ਗਿੱਲ ਐਮਪੀ ,ਹਰਦੀਪ ਸਿੰਘ ਗਰੇਵਾਲ ਐਮਪੀਪੀ ,ਵੱਲੋਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਦੇ ਬੇਟੇ ਦਿਲਰਾਜ ਸਿੰਘ ਭੂੰਦੜ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ ।ਇਸ ਸਨਮਾਨ ਸਮਾਗਮ ਨੂੰ ਕਰਵਾਉਣ ਵਿੱਚ ਨਿਰਵੈਰ ਸਿੰਘ ਸੋਤਰਾਂ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ ਕਨੇਡਾ ਵੱਲੋਂ ਪੂਰਾ ਯੋਗਦਾਨ ਪਾਇਆ ਗਿਆ।

# ਸਿਹਤ ਮੰਤਰੀ ਵੱਲੋਂ ਲੁਧਿਆਣਾ ਦੇ ਲਾਰਡ ਮਹਾਵੀਰ ਸਿਵਲ ਹਸਪਤਾਲ 'ਚ ਆਧੁਨਿਕ ਥੈਲਸੀਮੀਆ ਵਾਰਡ ਦਾ ਉਦਘਾਟਨ

**ਲੁਧਿਆਣਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਸ਼ੇਸ਼ ਸਿਹਤ ਸੇਵਾਵਾਂ ਵੱਲ ਇੱਕ ਇਤਿਹਾਸਕ ਕਦਮ ਚੁੱਕਦਿਆਂ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਫ਼ਿਲੈਂਥਰਪੀ ਕਲੱਬ ਦੇ ਸਹਿਯੋਗ ਨਾਲ ਅੱਜ ਲੁਧਿਆਣਾ ਦੇ ਲਾਰਡ ਮਹਾਵੀਰ ਸਿਵਲ ਹਸਪਤਾਲ ਵਿੱਚ ਪੂਰੀ ਤਰ੍ਹਾਂ ਸਜਾਇਆ ਗਿਆ ਆਧੁਨਿਕ ਥੈਲਸੀਮੀਆ ਵਾਰਡ ਸ਼ੁਰੂ ਕੀਤਾ ਗਿਆ। ਇਹ ਵਾਰਡ ਲੁਧਿਆਣਾ ਅਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਦੇ ਸੈਂਕੜੇ ਮਰੀਜ਼ਾਂ ਨੂੰ ਨਿਯਮਿਤ ਖ਼ੂਨ ਚੜ੍ਹਾਉਣ, ਵਿਸ਼ੇਸ਼ ਕੌਂਸਲਿੰਗ ਅਤੇ ਆਧੁਨਿਕ ਇਲਾਜ ਦੀ ਸਹੂਲਤ ਪ੍ਰਦਾਨ ਕਰੇਗਾ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕਈ ਦੇਸ਼ਾਂ ਵਿੱਚ ਥੈਲਸੀਮੀਆ ਪੂਰੀ ਤਰ੍ਹਾਂ ਖਤਮ ਕੀਤਾ ਜਾ ਚੁੱਕਾ ਹੈ ਅਤੇ ਪੰਜਾਬ ਵੀ ਇਸੇ ਮੰਜ਼ਿਲ ਵੱਲ ਵਧ ਰਿਹਾ ਹੈ। ਇਸ ਮਿਸ਼ਨ ਤਹਿਤ, ਕੋਲ ਇੰਡੀਆ ਤੋਂ ਫੰਡ ਪ੍ਰਾਪਤ ਕਰਕੇ ਬੋਨ ਮੈਰੋ ਟ੍ਰਾਂਸਪਲਾਂਟ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਸੀ ਐਮ ਸੀ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਥੈਲਸੀਮੀਆ ਮਰੀਜ਼ਾਂ ਦੇ ਮੁਫ਼ਤ ਆਪਰੇਸ਼ਨ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਜ਼ੋਰ ਦਿੱਤਾ ਕਿ ਇਹ ਵਾਰਡ ਸਿਰਫ਼ ਇੱਕ ਮੈਡੀਕਲ ਸਹੂਲਤ ਨਹੀਂ, ਸਗੋਂ ਉਮੀਦ, ਦਇਆ ਅਤੇ ਤਰੱਕੀ ਦੀ ਨਿਸ਼ਾਨੀ ਹੈ। ਕੋਈ ਵੀ ਬੱਚਾ ਜਾਂ ਪਰਿਵਾਰ ਇਲਾਜ ਤੋਂ ਵਾਂਝਾ ਨਾ ਰਹਿ ਜਾਵੇ - ਇਹ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਪੰਜਾਬ ਸਰਕਾਰ ਆਧੁਨਿਕ ਸਿਹਤ ਢਾਂਚੇ, ਮਾਹਿਰ ਮੈਡੀਕਲ ਟੀਮਾਂ ਅਤੇ ਮਰੀਜ਼ ਸਹਾਇਤਾ ਸੇਵਾਵਾਂ ਵਿੱਚ ਨਿਰੰਤਰ ਨਿਵੇਸ਼ ਕਰਦੀ ਰਹੇਗੀ ਤਾਂ ਜੋ ਸਭ ਤੋਂ ਵਧੀਆ ਨਤੀਜੇ ਮਿਲ ਸਕਣ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਨਾਲ ਜੁੜਨ ਲਈ ਵੀ ਅਪੀਲ ਕੀਤੀ।

# ਫੂਡ ਸੇਫ਼ਟੀ ਟੀਮ ਵਲੋਂ ਨੋਟੋਰੀਅਸ ਕਲੱਬ ਦੀ ਜਾਂਚ, ਦੋ ਖਾਧ ਪਦਾਰਥਾਂ ਦੇ ਲਏ ਸੈਂਪਲ

**ਜਲੰਧਰ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਖਾਧ ਪਦਾਰਥਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਅੱਜ ਫੂਡ ਸੇਫ਼ਟੀ ਟੀਮ ਵਲੋਂ ਜਲੰਧਰ ਦੇ ਨੋਟੋਰੀਅਸ ਕਲੱਬ ਦੀ ਜਾਂਚ ਕੀਤੀ ਗਈ। ਇਹ ਜਾਂਚ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਵਿੰਦਰ ਸਿੰਘ ਦੀ ਨਿਗਰਾਨੀ ਹੇਠ ਫੂਡ ਸੇਫ਼ਟੀ ਅਫ਼ਸਰ ਮੁਕੁਲ ਗਿੱਲ ਅਤੇ ਫੀਲਡ ਵਰਕਰ ਅਨਿਲ ਕੁਮਾਰ ਵਲੋਂ ਕੀਤੀ ਗਈ।

ਜਾਂਚ ਦੌਰਾਨ ਟੀਮ ਵਲੋਂ ਕਲੱਬ ਦੇ ਵੱਖ ਵੱਖ ਹਿੱਸਿਆਂ ਤੋਂ ਇਲਾਵਾ ਰਸੋਈ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਇਕ ਚਿਕਨ ਕਰੀ ਅਤੇ ਇਕ ਵੈਜੀਟੇਬਲ ਗਰੇਵੀ ਦੇ ਦੋ ਸੈਂਪਲ ਲਏ ਗਏ। ਦੋਵੇਂ ਸੈਂਪਲ ਵਿਸਥਾਰਪੂਰਵਕ ਜਾਂਚ ਲਈ ਫੂਡ ਲੈਬਾਰਟਰੀ ਭੇਜ ਦਿੱਤੇ ਗਏ ਹਨ।

ਇਸ ਮੌਕੇ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਫੂਡ ਸੇਫ਼ਟੀ ਕਾਨੂੰਨ ਅਨੁਸਾਰ ਲੈਬਾਰਟੀ ਜਾਂਚ ਰਿਪੋਰਟਾਂ ਆਉਣ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਜਲੰਧਰ ਪ੍ਰਸ਼ਾਸਨ ਵਲੋਂ ਜ਼ਿਲ੍ਹਾ ਵਾਸੀਆਂ ਨੂੰ ਸਾਫ਼-ਸੁਥਰੇ ਤੇ ਮਿਲਾਵਟ ਰਹਿਤ ਖਾਧ ਪਦਾਰਥ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਤਹਿਤ ਇਹ ਜਾਂਚ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਨਿਰੀਖਣ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਮਿਲਾਵਟਖੋਰਾਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਖਾਧ ਪਦਾਰਥਾਂ ਵਿੱਚ ਮਿਲਾਵਟ ਕਰਨ ਸਬੰਧੀ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ, ਤਾਂ ਤੁਰੰਤ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਖੇਤਰਾਂ ਦੀ ਸਾ.ਫ ਸ.ਫਾਈ , ਸੜਕਾਂ ਦੀ ਹਾਲਤ ਅਤੇ ਸੀਵਰੇਜ ਦੀ ਅਚਨਚੇਤ ਚੈਕਿੰਗ

**ਡਿਪਟੀ ਮੇਅਰ ਨੂੰ ਵਾਰਡਾਂ 'ਚ ਕਮੇਟੀਆਂ ਬਣਾ ਕੇ ਗਿੱਲੇ ਤੇ ਸੁੱਕੇ ਕੂੜੇ ਲਈ ਯੋਜਨਾ ਬਣਾਉਣ ਦੇ ਦਿੱਤੇ ਨਿਰਦੇਸ਼**

**ਪਟਿਆਲਾ, 13 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**





ਪੰਜਾਬ ਸਰਕਾਰ ਦੀ ਰੰਗਲਾ ਪੰਜਾਬ ਮੁਹਿੰਮ ਤਹਿਤ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਤੜਕੇ ਪਟਿਆਲਾ ਦੇ ਕਈ ਦਿਹਾਤੀ ਖੇਤਰਾਂ 'ਚ ਅਚਨਚੇਤ ਦੌਰਾ ਕਰਦਿਆਂ ਵੱਖ-ਵੱਖ ਥਾਵਾਂ ਦੀ ਸਫ਼ਾਈ, ਸੜਕਾਂ ਦੀ ਹਾਲਤ, ਸੀਵਰੇਜ ਅਤੇ ਹੋਰ ਬੁਨਿਆਦੀ ਸੁਵਿਧਾਵਾਂ ਦੀ ਜਾਂਚ ਕੀਤੀ।

ਇਹ ਅਚਨਚੇਤ ਦੌਰਾ ਫੈਕਟਰੀ ਏਰੀਆ, ਪਰਾਂਠਾ ਮਾਰਕੀਟ, ਗੁਰਬਖ਼ਸ਼ ਕਾਲੋਨੀ, ਛੋਟੀ ਅਤੇ ਵੱਡੀ ਨਦੀ, ਝਿੱਲ, ਤ੍ਰਿਪੜੀ ਅਤੇ ਭਾਦਸੋਂ ਰੋਡ ਸਮੇਤ ਹੋਰ ਆਲੇ-ਦੁਆਲੇ ਦੇ ਇਲਾਕਿਆਂ 'ਚ ਕੀਤਾ ਗਿਆ। ਉਨ੍ਹਾਂ ਇਲਾਕੇ ਦੇ ਪਾਰਕਾਂ, ਮਾਰਕੀਟਾਂ ਅਤੇ ਨਿਵਾਸੀ ਇਲਾਕਿਆਂ ਦਾ ਵਿਸਥਾਰ ਵਿੱਚ ਮੁਆਇਨਾ ਕੀਤਾ ਅਤੇ ਲੋਕਾਂ ਨਾਲ ਰਾਬਤਾ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।

ਡਾ. ਬਲਬੀਰ ਸਿੰਘ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਇਲਾਕੇ 'ਚ ਸੜਕਾਂ ਦੀ ਮੁਰੰਮਤ, ਬਰਸਾਤੀ ਪਾਣੀ ਦੀ ਸੁਚੱਜੀ ਨਿਕਾਸੀ, ਪਾਰਕਾਂ ਦੀ ਸੰਭਾਲ ਅਤੇ ਸੀਵਰੇਜ ਸਿਸਟਮ ਦੀ ਠੀਕ ਦਿਸ਼ਾ 'ਚ ਕੰਮ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਨ ਉਪਲਬਧ ਕਰਵਾਉਣਾ ਸਰਕਾਰ ਦੀ ਪਹਿਲ ਹੈ।

ਸਿਹਤ ਮੰਤਰੀ ਨੇ ਇਹ ਵੀ ਦੱਸਿਆ ਕਿ ਇਹ ਤਰ੍ਹਾਂ ਦੀ ਚੈਕਿੰਗ ਹੁਣ ਹਰ ਹਫ਼ਤੇ ਕੀਤੀ ਜਾਵੇਗੀ ਤਾਂ ਜੋ ਜ਼ਮੀਨੀ ਹਕੀਕਤਾਂ ਦੀ ਨਿਗਰਾਨੀ ਨਿਰੰਤਰ ਚਲਦੀ ਰਹੇ। ਉਨ੍ਹਾਂ ਨੇ ਇਹ ਵੀ ਹੁਕਮ ਦਿੱਤਾ ਕਿ ਕਚਰੇ ਦੀ ਲਿਫਟਿੰਗ ਦਿਨ ਵਿੱਚ ਦੋ ਵਾਰ ਹੋਣੀ ਚਾਹੀਦੀ ਹੈ, ਤਾਂ ਜੋ ਕਚਰੇ ਦਾ ਜਮਾਵਾਂ ਨਾ ਹੋਵੇ ਅਤੇ ਬਿਮਾਰੀਆਂ ਫੈਲਣ ਤੋਂ ਰੋਕਿਆ ਜਾ ਸਕੇ।

ਡਾ. ਬਲਬੀਰ ਸਿੰਘ ਨੇ ਡਿਪਟੀ ਮੇਅਰ ਨੂੰ ਨਿਰਦੇਸ਼ ਦਿੱਤੇ ਕਿ ਵਾਰਡ ਅਧਾਰਤ ਕਮੇਟੀਆਂ ਬਣਾਈਆਂ ਜਾਣ ਜੋ ਕਿ ਗਿੱਲੇ ਅਤੇ ਸੁੱਕੇ ਕੂੜੇ ਦੀ ਵੱਖ-ਵੱਖ ਤਰੀਕੇ ਨਾਲ ਚੁਕਾਈ ਅਤੇ ਪ੍ਰਬੰਧਨ ਲਈ ਯੋਜਨਾ ਤਿਆਰ ਕਰਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਹਿਰ 'ਚ ਕੂੜਾ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਜਗਾ-ਜਗਾ ਗੰਦਗੀ ਦੇ ਢੇਰ ਲੱਗਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਲਾਕਿਆਂ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ, ਜੋ ਕਿ ਮੱਛਰਾਂ ਦੇ ਪੈਦਾ ਹੋਣ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਦੇ ਫੈਲਾਅ ਦਾ ਕਾਰਨ ਬਣ ਸਕਦਾ ਹੈ।

ਸਿਹਤ ਮੰਤਰੀ ਨੇ ਆਖ਼ਿਰ ਵਿੱਚ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਜਗ੍ਹਾ ਜਗ੍ਹਾ ਕੂੜਾ ਗੇਰਨ ਤੋਂ ਗੁਰੇਜ਼ ਕਰਨ । ਓਹਨਾ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਸਿਹਤਮੰਦ ਜੀਵਨ ਲਈ ਵਚਨਬੱਧ ਹੈ ਅਤੇ ਰੰਗਲਾ ਪੰਜਾਬ ਮੁਹਿੰਮ ਦੇ ਤਹਿਤ ਹਰ ਪੱਖੋਂ ਵਿਕਾਸ ਅਤੇ ਸਫਾਈ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਮੌਕੇ ਡਿਪਟੀ ਮੇਅਰ ਹਰਿੰਦਰ ਕੋਹਲੀ, ਸੁਰੇਸ਼ ਰਾਏ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

# ਡੀ. ਜੀ. ਪੀ. ਦੀ ਵੱਡੀ ਕਾਰਵਾਈ, ਪੰਜਾਬ 'ਚ ਉੱਚ-ਪੱਧਰੀ ਨਾਕੇ ਲਗਾਉਣ ਦੇ ਨਿਰਦੇਸ਼

ਕੌਮੀ ਪੱਤ੍ਰਿਕਾ

ਚੰਡੀਗੜ੍ਹ/ਅੰਮ੍ਰਿਤਸਰ/ਜਲੰਧਰ/ਲੁਧਿਆਣਾ13 ਅਗਸਤ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਹੁਕਮਾਂ ਅਨੁਸਾਰ ਸੁਤੰਤਰਤਾ ਦਿਵਸ-2025 ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਪੁਲਸ ਬਲ ਨੂੰ ਮੌਜੂਦਾ ਸੁਰੱਖਿਆ ਵਿਵਸਥਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਅੱਤਵਾਦ ਵਿਰੋਧੀ ਰਣਨੀਤੀਆਂ ਦੀ ਸਮੀਖਿਆ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਹੱਦੀ ਸੂਬੇ ਵਿਚ ਕਿਸੇ ਵੀ ਕਾਨੂੰਨ ਵਿਵਸਥਾ ਦੀ ਉਲੰਘਣਾ ਨੂੰ ਰੋਕਣ ਲਈ ਅੰਤਰ-ਜ਼ਿਲ੍ਹਾ ਤਾਲਮੇਲ, ਉੱਚ-ਪੱਧਰੀ ਨਾਕਿਆਂ ਅਤੇ ਹਰ ਸਮੇਂ ਨਿਗਰਾਨੀ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਡੀਜੀਪੀ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਕਮਿਸ਼ਨਰਾਂ ਅਤੇ ਪੁਲਸ ਰੇਂਜਾਂ - ਸਰਹੱਦੀ, ਜਲੰਧਰ, ਲੁਧਿਆਣਾ ਅਤੇ ਰੋਪੜ ਦੇ ਅਧਿਕਾਰੀਆਂ ਨਾਲ ਕਾਨੂੰਨ-ਵਿਵਸਥਾ ਸਬੰਧੀ ਸਮੀਖਿਆ ਮੀਟਿੰਗਾਂ ਅਤੇ ਆਊਟਰੀਚ ਸੈਸ਼ਨਾਂ ਦੀ ਪ੍ਰਧਾਨਗੀ ਕਰਨ ਲਈ ਦੌਰੇ 'ਤੇ ਸਨ। ਉਨ੍ਹਾਂ ਨੇ ਸੂਬੇ ਵਿਚ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਅਤੇ ਗੈਂਗਸਟਰਾਂ ਅਤੇ ਸੰਗਠਿਤ ਅਪਰਾਧ ਵਿਰੁੱਧ ਕਾਰਵਾਈ ਦਾ ਵੀ ਜਾਇਜ਼ਾ ਲਿਆ। ਨਸ਼ਿਆਂ ਖਿਲਾਫ ਜ਼ੀਰੋ-ਸਹਿਣਸ਼ੀਲਤਾ ਰਵੱਈਏ ਦੀ ਪੁਸ਼ਟੀ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਐੱਨਡੀਪੀਐੱਸ ਐਕਟ ਨੂੰ ਸਖ਼ਤ, ਪਾਰਦਰਸ਼ੀ ਅਤੇ ਬਿਨਾਂ ਕਿਸੇ ਸਮਝੌਤੇ ਦੇ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਪ੍ਰਗਤੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਸੂਬੇ ਵਿਚੋਂ ਨਸ਼ਿਆਂ ਦਾ ਜੜ੍ਹੋਂ ਖ਼ਾਤਮਾ ਕਰਨ ਲਈ ਨਸ਼ਾ ਵਿਰੋਧੀ ਮੁਹਿੰਮ ਨੂੰ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਐੱਨਡੀਪੀਐੱਸ ਐਕਟ ਦੀ ਧਾਰਾ 68-



ਐਫ ਤਹਿਤ ਵਿੱਤੀ ਢੰਗ ਨਾਲ ਜਾਂਚ ਕਰਨ ਅਤੇ ਹਵਾਲਾ ਸੰਚਾਲਕਾਂ ਵਿਰੁੱਧ ਕਾਰਵਾਈ ਕਰਕੇ ਨਸ਼ਾ ਤਸਕਰੀ ਦੇ ਸਮੁੱਚੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਵੀ ਕਿਹਾ। ਆਗਾਮੀ ਸੁਤੰਤਰਤਾ ਦਿਵਸ ਤੋਂ ਪਹਿਲਾਂ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡੀਜੀਪੀ ਗੌਰਵ ਯਾਦਵ ਨੇ ਸਾਰੇ ਸੀਪੀਜ਼/ਐੱਸਐੱਸਪੀਜ਼ ਨੂੰ ਸਾਰੀਆਂ ਮਹੱਤਵਪੂਰਨ ਥਾਵਾਂ 'ਤੇ ਪੁਲਸ ਦੀ ਮੌਜੂਦਗੀ ਨੂੰ ਯਕੀਨੀ ਬਣਾ ਕੇ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ, ਡੋਮੀਨੇਸ਼ਨ ਆਪਰੇਸ਼ਨਾਂ ਨੂੰ ਹੋਰ ਤੇਜ਼ ਕਰਨ ਅਤੇ ਹੋਰਨਾਂ ਰੋਕਥਾਮ ਅਤੇ ਜਾਸੂਸੀ ਉਪਾਵਾਂ ਨੂੰ ਵਧਾਉਣ ਦੇ ਨਿਰਦੇਸ਼ ਵੀ ਦਿੱਤੇ ਹਨ। ਡੀਜੀਪੀ ਨੇ ਕਿਹਾ ਕਿ ਇਸ ਕੜੀ ਸੁਰੱਖਿਆ ਨਾਲ ਪੁਲਸ ਕਰਮਚਾਰੀ ਕਿਸੇ ਵੀ ਸੰਭਾਵੀ ਖਤਰੇ ਜਾਂ ਗਤੀਵਿਧੀ ਨੂੰ ਰੋਕਣ ਲਈ ਖਾਸ ਕਰਕੇ ਰਾਤ ਨੂੰ ਨਿਯਮਤ ਤੌਰ 'ਤੇ ਗਸ਼ਤ ਅਤੇ ਚੈਕਿੰਗ ਕਰਨਗੇ। ਉਨ੍ਹਾਂ ਨੇ ਸੀਪੀਜ਼/ਐੱਸਐੱਸਪੀਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿਚ ਪੁਲਸ ਨਾਕਿਆਂ ਵਿਚ ਵਾਧਾ ਕਰਨ ਦੇ ਨਿਰਦੇਸ਼ ਵੀ ਦਿੱਤੇ ਅਤੇ ਭੀੜ ਵਾਲੇ ਖੇਤਰਾਂ, ਹੌਟਸਪੌਟਸ ਅਤੇ ਹੋਰ ਸੰਵੇਦਨਸ਼ੀਲ ਥਾਵਾਂ 'ਤੇ ਪੁਲਿਸ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਲਈ ਕਿਹਾ। ਇਸ ਦੌਰਾਨ, ਆਊਟਰੀਚ ਸੈਸ਼ਨ ਦੇ ਹਿੱਸੇ ਵਜੋਂ, ਡੀਜੀਪੀ ਪੰਜਾਬ ਨੇ ਸਟੇਸ਼ਨ ਹਾਊਸ ਅਫ਼ਸਰਾਂ (ਐੱਸਐੱਚਓਜ਼) ਸਮੇਤ ਸਾਰੇ ਰੈਂਕਾਂ ਦੇ ਅਧਿਕਾਰੀਆਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਅੰਤਰ-ਜ਼ਿਲ੍ਹਾ ਤਾਲਮੇਲ ਨੂੰ ਮਜ਼ਬੂਤ ਕਰਨ ਅਤੇ ਡਰੱਗ ਸਪਲਾਈ ਚੇਨਾਂ ਨੂੰ ਨਸ਼ਟ ਕਰਨ ਲਈ ਖੁੱਲ੍ਹੀ ਚਰਚਾ ਅਤੇ ਅਹਿਮ ਖੇਤਰੀ ਜਾਣਕਾਰੀ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕੀਤਾ। ਇਸ ਮੀਟਿੰਗ ਵਿਚ ਕਮਿਸ਼ਨਰ ਆਫ ਪੁਲਸ (ਸੀਪੀ) ਜਲੰਧਰ ਰੇਂਜ ਧਨਪ੍ਰੀਤ ਕੌਰ, ਸੀਪੀ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ, ਸੀਪੀ ਲੁਧਿਆਣਾ ਸਵਪਨ ਸ਼ਰਮਾ, ਡੀਆਈਜੀ ਜਲੰਧਰ ਰੇਂਜ ਨਵੀਨ ਸਿੰਗਲਾ, ਡੀਆਈਜੀ ਰੋਪੜ ਰੇਂਜ ਹਰਚਰਨ ਸਿੰਘ ਭੁੱਲਰ, ਡੀਆਈਜੀ ਬਾਰਡਰ ਰੇਂਜ ਨਾਨਕ ਸਿੰਘ, ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਐੱਸਐੱਸਪੀ ਗੁਰਦਾਸਪੁਰ ਅਦਿੱਤਿਆ, ਐੱਸਐੱਸਪੀ ਬਟਾਲਾ ਸੁਹੇਲ ਕਾਸਿਮ ਮੀਰ, ਐੱਸਐੱਸਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ, ਐੱਸਐੱਸਪੀ ਕਪੂਰਥਲਾ ਗੌਰਵ ਤੂਰਾ, ਐੱਸਐੱਸਪੀ ਹੁਸ਼ਿਆਰਪੁਰ ਸੰਦੀਪ ਮਲਿਕ, ਐੱਸਐੱਸਪੀ ਪਠਾਨਕੋਟ ਦਿਲਜਿੰਦਰ ਸਿੰਘ ਢਿੱਲੋਂ, ਐੱਸਐੱਸਪੀ ਐੱਸਬੀਐੱਸ ਨਗਰ ਮਹਿਤਾਬ ਸਿੰਘ, ਐੱਸਐੱਸਪੀ ਸਪੀ ਖੰਨਾ ਡਾ. ਜੋਤੀ ਯਾਦਵ, ਐੱਸਐੱਸਪੀ ਜਗਰਾਉਂ ਅੰਕੁਰ ਗੁਪਤਾ, ਐੱਸਐੱਸਪੀ ਰੂਪਨਗਰ ਗੁਲਨੀਤ ਸਿੰਘ ਖੁਰਾਣਾ, ਐੱਸਐੱਸਪੀ ਐੱਸਏਐੱਸ ਨਗਰ ਹਰਮਨਦੀਪ ਹੰਸ ਅਤੇ ਐੱਸਐੱਸਪੀ ਫਤਿਹਗੜ੍ਹ ਸਾਹਿਬ ਸੁਭਮ ਅਗਰਵਾਲ ਸਮੇਤ ਹੋਰ ਅਧਿਕਾਰੀ/ਕਰਮਚਾਰੀ ਸ਼ਾਮਲ ਸਨ।

## ਵਰ੍ਹਦੇ ਮੀਂਹ 'ਚ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸੀਸਗੰਜ ਸਾਹਿਬ 'ਚ ਸੇਵਾ ਕਰਨ ਪਹੁੰਚੇ ਹਰਜੋਤ ਬੈਂਸ

ਸ੍ਰੀ ਅਨੰਦਪੁਰ ਸਾਹਿਬ 13 ਅਗਸਤ। ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਪੰਜ ਸਿੰਘ ਸਾਹਿਬਾਨਾਂ ਦੀ ਇਕਤਰਤਾ ਵਿਚ ਹਰਜੋਤ ਬੈਂਸ ਨੂੰ ਬੀਤੇ ਦਿਨੀਂ ਧਾਰਮਿਕ ਸਜ਼ਾ ਲਗਾਈ ਗਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਿੰਘ ਸਾਹਿਬਾਨ ਦੀ ਹਾਜ਼ਰੀ ਵਿੱਚ ਹਰਜੋਤ ਬੈਂਸ ਨੂੰ ਧਾਰਮਿਕ ਸਜ਼ਾ ਵਿੱਚ ਗੁਰੂਘਰਾਂ ਦੇ ਜਾਂਦੇ ਰਸਤੇ ਸਾਫ਼ ਅਤੇ ਗੁਰੂ ਘਰ ਦੇ ਜੋੜੇ ਘਰ ਵਿੱਚ ਸੇਵਾ ਤੇ ਕੀਰਤਨ ਸਮੇਤ ਪਾਠ ਸਰਵਣ ਦੀ ਸੇਵਾ ਲਗਾਈ ਗਈ ਸੀ। ਧਾਰਮਿਕ ਸੇਵਾ ਦੌਰਾਨ ਹਰਜੋਤ ਬੈਂਸ ਦਿੱਲੀ ਦੇ ਸੀਸਗੰਜ ਸਾਹਿਬ ਵਿਚ ਸੇਵਾ ਕਰਨ ਮਗਰੋਂ ਸ੍ਰੀ ਅਨੰਦਪੁਰ ਸਾਹਿਬ ਦੇ ਸੀਸਗੰਜ ਵਿਚ ਸੇਵਾ ਨਿਭਾਉਣ ਪਹੁੰਚੇ। ਇਥੇ ਦੱਸ ਦੇਈਏ ਕਿ ਹਰਜੋਤ ਬੈਂਸ ਦੋ ਦਿਨ ਦੀ ਸੇਵਾ ਵਿੱਚੋਂ ਇਕ ਦਿਨ ਸੇਵਾ ਪਰਸੋ ਕਰ ਗਏ ਸਨ ਅਤੇ ਮੁੱਢ ਉਹ ਅੱਜ ਵਰ੍ਹਦੇ ਮੀਂਹ ਵਿੱਚ ਸੇਵਾ ਕਰਨ ਲਈ ਦੂਜੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਜੋੜਾ ਘਰ ਵਿੱਚ ਪਹੁੰਚੇ। ਸੇਵਾ ਕਰਨ ਤੋਂ ਪਹਿਲਾਂ ਹਰਜੋਤ ਬੈਂਸ ਨੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ, ਉੱਥੇ ਹੀ ਆਪਣੀ ਭੁੱਲ ਬਖ਼ਸ਼ਾਉਣ ਲਈ ਗੁਰੂ ਸਾਹਿਬ ਤੋਂ ਮੁਆਫ਼ੀ ਮੰਗੀ ਅਤੇ ਜੋੜਾ ਘਰ ਵਿੱਚ ਸੇਵਾ ਸ਼ੁਰੂ ਕਰ ਦਿੱਤੀ। ਗੌਰਤਲਬ ਹੈ ਕਿ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਧਾਰਮਿਕ ਸਜਾ ਸੁਣਾਈ ਗਈ ਸੀ। ਜਿਸ ਦੇ ਤਹਿਤ ਦੋ ਦਿਨ ਲਈ ਉਨ੍ਹਾਂ ਵੱਲੋਂ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਜੋੜੇ ਝਾੜਨ ਦੀ ਸੇਵਾ ਕਰਨੀ ਸੀ। ਇਸੇ ਪ੍ਰੋਗਰਾਮ ਤਹਿਤ ਅੱਜ ਮੰਤਰੀ ਹਰਜੋਤ ਬੈਂਸ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਪੁੱਜੇ । ਉਥੇ ਹੀ ਜੇਕਰ ਮਾਮਲੇ ਦੀ ਗੱਲ ਕੀਤੀ ਜਾਵੇ ਤਾਂ ਇਹ ਮਾਮਲਾ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਨਾਲ ਜੁੜਿਆ ਹੋਇਆ ਹੈ। ਸਰਕਾਰ ਵੱਲੋਂ ਕਰਵਾਏ ਗਏ ਪਹਿਲੇ ਪ੍ਰੋਗਰਾਮ ਵਿੱਚ ਗਾਇਕ ਵੀਰ ਸਿੰਘ ਵੱਲੋਂ ਗੀਤ ਗਾਇਆ ਗਿਆ, ਜਿਸ ਵਿੱਚ ਸ਼ਾਮਲ ਹੋਏ ਕੁਝ ਲੋਕਾਂ ਵੱਲੋਂ ਉਨ੍ਹਾਂ ਗੀਤਾਂ 'ਤੇ ਨਾਚ ਗਾਣਾ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਬੈਂਸ ਮੌਜੂਦ ਸਨ ਕਿਉਂਕਿ ਇਹ ਸਾਰਾ ਪ੍ਰੋਗਰਾਮ ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਕਰਵਾਇਆ ਗਿਆ ਸੀ, ਜੋਕਿ ਮੰਤਰੀ ਹਰਜੋਤ ਬੈਂਸ ਦੇ ਅਧੀਨ ਆਉਂਦਾ ਹੈ। ਜਿਸ ਦੇ ਚਲਦਿਆਂ ਮੰਤਰੀ ਹਰਜੋਤ ਬੈਂਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਗਿਆ ਅਤੇ ਉਨ੍ਹਾਂ ਨੂੰ ਧਾਰਮਿਕ ਸਜ਼ਾ ਸੁਣਾਈ ਗਈ। ਉਸ ਸਜ਼ਾ ਨੂੰ ਪੂਰਾ ਕਰਦੇ ਹੋਇਆ ਮੰਤਰੀ ਹਰਜੋਤ ਬੈਂਸ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਸੇਵਾ ਕਰਨ ਪਹੁੰਚੇ।

## ਰੜਾ ਮੰਡ ਇਲਾਕੇ ਦੇ ਪਿੰਡਾਂ ਦੇ ਖੇਤਾਂ 'ਚ ਵੜਿਆ ਬਿਆਸ ਦਰਿਆ ਦਾ ਪਾਣੀ, ਡੁੱਬੀ ਹਜ਼ਾਰਾਂ ਏਕੜ ਫਸਲ

ਏਜੰਸੀਆਂ

ਟਾਂਡਾ ਉੜਮੁੜ 13 ਅਗਸਤ। ਪੌਂਡ ਡੈਮ ਤੋਂ ਲਗਾਤਾਰ ਛੱਡੇ ਜਾ ਰਹੇ ਪਾਣੀ ਦੇ ਚਲਦਿਆਂ ਬਿਆਸ ਦਰਿਆ ਦਾ ਪਾਣੀ ਓਵਰਫਲੋਅ ਹੋ ਕੇ ਮੰਡ ਇਲਾਕੇ ਦੇ ਅਨੇਕਾਂ ਪਿੰਡਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਨੂੰ ਡੁਬੋ ਚੁੱਕਾ ਹੈ। ਹਾਲਾਂਕਿ ਫਿਲਹਾਲ ਪਿੰਡਾਂ ਦੇ ਨੀਵੇ ਇਲਾਕੇ ਦੇ ਖੇਤਾਂ ਵਿਚ ਦਾਖ਼ਲ ਹੋ ਗਿਆ। ਜਿਸ ਕਾਰਨ ਜਿੱਥੇ ਹਜ਼ਾਰਾਂ ਏਕੜ ਰਕਬੇ ਵਿਚ ਬੀਜਿਆ ਝੋਨਾ, ਗੰਨਾ ਅਤੇ ਹੋਰ ਫਸਲਾਂ ਪਾਣੀ ਵਿਚ ਡੁੱਬ ਗਈਆਂ। ਇਸ ਦੇ ਨਾਲ ਹੀ ਇਨ੍ਹਾਂ ਪਿੰਡਾਂ ਵਿਚ ਕਿਸਾਨਾਂ ਵੱਲੋਂ ਮੋਟਰਾਂ 'ਤੇ ਲਾਏ ਸੋਲਰ ਸਿਸਟਮ ਅਤੇ



ਹਲਾਤ ਕੰਟਰੋਲ ਵਿਚ ਹਨ। ਬੀਤੀ ਰਾਤ ਤੋਂ ਹੀ ਬਿਆਸ ਦਰਿਆ ਵਿਚ ਬੀ .ਬੀ. ਐੱਮ. ਬੀ. ਵੱਲੋਂ ਛੱਡੇ ਪਾਣੀ ਕਾਰਨ ਦਰਿਆ ਦੇ ਪਾਣੀ ਦਾ ਪੱਧਰ ਲਗਾਤਾਰ ਵਧਿਆ ਹੈ। ਅੱਜ ਸਵੇਰ ਤੱਕ ਬਿਆਸ ਦਰਿਆ ਦਾ ਪਾਣੀ ਬਿਆਸ ਦਰਿਆ ਦੇ ਕੰਢੇ ਵੱਸੇ ਪਿੰਡਾਂ ਗੰਧੋਵਾਲ, ਰੜਾ ਮੰਡ, ਟਾਹਲੀ ਮੰਡ, ਅਬਦੁੱਲਾਪੁਰ, ਮੇਵਾ ਮਿਆਣੀ, ਫੱਤਾ ਕੁੱਲਾ ਆਦਿ ਮੋਟਰਾਂ ਨੂੰ ਨੁਕਸਾਨ ਪਹੁੰਚਿਆ ਹੈ। ਕਈ ਪਿੰਡਾਂ ਨਜ਼ਦੀਕ ਤਾਂ ਦਰਿਆ ਦਾ ਪਾਣੀ ਧੁੱਸੀ ਬੰਨ੍ਹ ਨੇੜੇ ਪਹੁੰਚ ਚੁੱਕਾ ਹੈ। ਇਸ ਦੌਰਾਨ ਅੱਜ ਸਵੇਰੇ ਪਿੰਡ ਗੰਧੋਵਾਲ ਨੇੜੇ ਕਿਸਾਨ ਉਸ ਵੇਲੇ ਬੇਹੱਦ ਫ਼ਿਕਰਮੰਦ ਹੋ ਗਏ ਜਦੋਂ ਪਿੰਡ ਅਤੇ ਜ਼ਮੀਨਾਂ ਨੂੰ ਦਰਿਆ ਦੇ ਪਾਣੀ ਤੋਂ ਬਚਾਉਣ ਲਈ ਬਣਾਇਆ ਅਡਵਾਂਸ ਛੋਟਾ ਬੰਨ੍ਹ ਨੁਕਸਾਨਿਆ ਗਿਆ। ਸੂਚਨਾ ਮਿਲਣ 'ਤੇ ਪਿੰਡ ਰੜਾ ਵਾਸੀ ਚਰਨਜੀਤ ਸਿੰਘ ਸੰਧੂ ਸਰਪੰਚ ਆਪਣੀ ਜੇ. ਸੀ. ਬੀ. ਮਸ਼ੀਨ ਲੈ ਕੇ ਮੌਕੇ 'ਤੇ ਪਹੁੰਚਿਆ ਅਤੇ ਪਿੰਡ ਵਾਸੀਆਂ ਦੀ ਮਦਦ ਨਾਲ ਨੁਕਸਾਨੇ ਗਏ ਬੰਨ੍ਹ ਨੂੰ ਮਜ਼ਬੂਤ ਕੀਤਾ। ਮੰਡ ਇਲਾਕੇ ਵਿਚ ਛੋਟੇ ਬੰਨ੍ਹ ਨੂੰ ਨੁਕਸਾਨ ਪਹੁੰਚਣ ਦੀ ਸੂਚਨਾ ਮਿਲਣ 'ਤੇ ਰੜਾ ਮੰਡ ਪਹੁੰਚੇ ਵਿਧਾਇਕ ਜਸਵੀਰ ਸਿੰਘ ਰਾਜਾ, ਐੱਸ. ਡੀ. ਐੱਮ. ਕੰਵਲਜੀਤ ਸਿੰਘ, ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਨੇ ਸੁਰੱਖਿਆ ਪ੍ਰਬੰਧਾਂ ਜਾਇਜ਼ਾ ਲਿਆ। ਵਿਧਾਇਕ ਰਾਜਾ ਨੇ ਪ੍ਰਸ਼ਾਸਨ ਨੂੰ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਜਿੱਥੇ ਵੀ ਕੋਈ ਬੰਨ੍ਹ ਕਮਜ਼ੋਰ ਹੈ, ਉਸ ਨੂੰ ਮਜ਼ਬੂਤ ਕੀਤਾ ਜਾਵੇ। ਬਾਅਦ ਵਿਚ ਪ੍ਰਸ਼ਾਸਨ ਨੇ ਗੰਧੋਵਾਲ ਨੇੜੇ ਨੁਕਸਾਨੇ ਗਏ ਬੰਨ੍ਹ ਨੂੰ ਮਜ਼ਬੂਤ ਕੀਤਾ, ਬਿਆਸ ਦਰਿਆ ਵਿਚ ਪਾਣੀ ਵਿਚ ਲਗਾਤਾਰ ਵੱਧ ਰਹੇ ਪਾਣੀ ਦੇ ਚਲਦਿਆ ਮੰਡ ਇਲਾਕੇ ਵਿਚ ਨੀਵੇ ਇਲਾਕਿਆਂ ਤੋਂ ਪ੍ਰਵਾਸੀ ਖੇਤ ਮਜ਼ਦੂਰ ਆਪਣਾ ਸਾਮਾਨ ਲੈ ਕੇ ਉੱਚੇ ਸਥਾਨਾਂ 'ਤੇ ਆ ਰਹੇ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਜੇਕਰ ਡੈਮ ਵਿੱਚੋਂ ਲਗਾਤਾਰ ਹੋਰ ਪਾਣੀ ਛੱਡਿਆ ਗਿਆ ਤਾਂ ਪਾਣੀ ਅਬਦੁੱਲਾਪੁਰ, ਫੱਤਾ ਕੁੱਲਾ, ਗੰਧੋਵਾਲ ਪਿੰਡਾਂ ਦੀਆਂ ਬਰੂਹਾਂ ਤੱਕ ਪਹੁੰਚ ਸਕਦਾ ਹੈ।

## ਨਿਗਮ 'ਚ ਭ੍ਰਿਸ਼ਟਾਚਾਰ ਦਾ ਕਾਕਟੇਲ ਇਕ ਵਾਰ ਫਿਰ ਸੁਰਖੀਆਂ 'ਚ, 10 ਕਰੋੜ ਦੇ ਟੈਂਡਰਾਂ 'ਚ ਹੋਈ ਵੱਡੀ ਖੇਡ

ਕੌਮੀ ਪੱਤ੍ਰਿਕਾ

ਜਲੰਧਰ 13 ਅਗਸਤ। ਨਗਰ ਨਿਗਮ ਜਲੰਧਰ ਵਿਚ ਭ੍ਰਿਸ਼ਟਾਚਾਰ ਦਾ ਕਾਕਟੇਲ ਇਕ ਵਾਰ ਫਿਰ ਸੁਰਖੀਆਂ ਵਿਚ ਹੈ। ਪੱਛਮੀ ਵਿਧਾਨ ਸਭਾ ਹਲਕੇ ਵਿਚ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ 60-62 ਟੈਂਡਰ, ਜਿਨ੍ਹਾਂ ਦੀ ਕੁੱਲ੍ਹ ਕੀਮਤ 10 ਕਰੋੜ ਰੁਪਏ ਤੋਂ ਵੱਧ ਹੈ, ਕਥਿਤ ਤੌਰ 'ਤੇ ਪੂਲ ਗੇਮ ਵਿਚ ਫਸ ਗਏ। ਜੇਕਰ ਇਹ ਖੇਡ ਸਫਲ ਹੋ ਜਾਂਦੀ, ਤਾਂ ਨਿਗਮ ਨੂੰ ਸਿੱਧੇ ਤੌਰ 'ਤੇ 3 ਕਰੋੜ ਰੁਪਏ ਦਾ ਚੂਨਾ ਲੱਗਣਾ ਤੈਅ ਸੀ ਅਤੇ ਇਸ ਦਾ ਸਿੱਧਾ ਲਾਭ ਨਗਰ ਨਿਗਮ ਵਿਚ ਚੱਲ ਰਹੇ ਅਧਿਕਾਰੀਆਂ, ਠੇਕੇਦਾਰਾਂ ਅਤੇ ਸਿਆਸਤਦਾਨਾਂ ਦੇ ਗਠਜੋੜ ਨੂੰ ਹੁੰਦਾ। ਸੂਤਰਾਂ ਅਨੁਸਾਰ ਲਗਭਗ 12-14 ਪੁਰਾਣੇ ਠੇਕੇਦਾਰਾਂ ਨੇ ਆਪਸ ਵਿਚ ਗੁਪਤ ਮੀਟਿੰਗ ਕਰਕੇ ਮਾਮੂਲੀ 2-4 ਫ਼ੀਸਦੀ 'ਤੇ ਵਧੇਰੇ ਟੈਂਡਰਾਂ ਦਾ ਡਿਸਕਾਊਂਟ ਭਰਿਆ, ਜਦੋਂ ਅਜਿਹੇ ਕੰਮਾਂ ਵਿਚ ਇਹ ਠੇਕੇਦਾਰ ਪਹਿਲਾਂ 30-40 ਫ਼ੀਸਦੀ ਤੱਕ ਦੀ ਛੋਟ ਆਰਾਮ ਨਾਲ ਦਿੰਦੇ ਰਹੇ ਹਨ। ਹੋਰ ਤਾਂ ਹੋਰ ਇਸ ਸੈਟਿੰਗ ਵਿਚ ਨਿਗਮ ਦੇ ਬੀ. ਐਂਡ ਆਰ. ਵਿਭਾਗ ਦੇ ਦੋ ਅਧਿਕਾਰੀਆਂ ਦੀ ਵੀ ਸ਼ਮੂਲੀਅਤ ਦੇ ਦੋਸ਼ ਹਨ, ਜਿਨ੍ਹਾਂ ਨੇ ਕਥਿਤ ਤੌਰ 'ਤੇ 'ਸੈਟਿੰਗ' ਨੂੰ ਅੰਤਿਮ ਰੂਪ ਦਿੱਤਾ ਪਰ ਚਲਾਕੀ ਦੀ ਇਹ ਡੀਲ ਉਦੋਂ ਵਿਗੜ ਗਈ, ਜਦੋਂ ਕੁਝ ਠੇਕੇਦਾਰਾਂ ਨੇ ਪੂਲ ਤੋਂ ਬਾਹਰ ਰਹਿ ਕੇ ਆਜ਼ਾਦ ਤੌਰ 'ਤੇ ਟੈਂਡਰ ਭਰ ਦਿੱਤੇ। ਇਹ ਮਾਮਲਾ 'ਜਗ ਬਾਣੀ' ਦੀਆਂ ਸੁਰਖੀਆਂ ਵਿਚ ਆਉਂਦੇ ਹੀ ਮੇਅਰ ਵਨੀਤ ਧੀਰ ਨੇ ਟੈਂਡਰ ਸੈੱਲ ਤੋਂ ਕੰਪੈਰੇਟਿਵ ਸਟੇਟਮੈਂਟ ਮੰਗਵਾਈ। ਸ਼ਾਮ ਤਕ ਖੁੱਲ੍ਹ ਚੁੱਕੇ 30-35 ਟੈਂਡਰਾਂ ਦੀ ਲਿਸਟ ਵਿਚ ਕਈ ਥਾਂ ਪੂਲ ਦੀ ਖੇਡ ਸਾਫ ਦਿਸ ਗਈ। ਬਾਕੀ ਟੈਂਡਰਾਂ ਵਿਚ ਗੜਬੜੀ ਸੋਮਵਾਰ ਨੂੰ ਸਾਹਮਣੇ ਆਉਣੀ ਹੈ। ਮੇਅਰ ਨੇ ਤੁਰੰਤ ਹੁਕਮ ਦਿੱਤੇ ਕਿ ਪੂਲ ਵਿਚ ਸ਼ਾਮਲ ਠੇਕੇਦਾਰਾਂ ਦੇ ਡਿਸਕਾਊਂਟ ਪੈਟਰਨ ਦੀ ਜਾਂਚ ਕਰੋ ਅਤੇ ਸ਼ੋਅਕਾਜ਼ ਨੋਟਿਸ ਫੜਾ ਦੇਵੋ। ਸੂਤਰ ਦੱਸਦੇ ਹਨ ਕਿ ਮਾਮਲਾ ਹੁਣ ਲੋਕਲ ਬਾਡੀਜ਼ ਦੇ ਚੰਡੀਗੜ੍ਹ ਬੈਠੇ ਆਲਾ ਅਧਿਕਾਰੀਆਂ ਤਕ ਪਹੁੰਚ ਚੁੱਕਾ ਹੈ। ਆਮ ਆਦਮੀ ਪਾਰਟੀ ਸਰਕਾਰ ਦੇ ਸਾਢੇ 3 ਸਾਲਾਂ ਵਿਚ ਇਹ ਨਗਰ ਨਿਗਮ ਵਿਚ ਦੂਜਾ ਵੱਡਾ ਓਪਨ ਕੁਰੱਪਸ਼ਨ ਕੇਸ ਹੈ। ਪਹਿਲੇ ਕੇਸ ਵਿਚ 'ਆਪ' ਵਿਧਾਇਕ ਰਮਨ ਅਰੋੜਾ 'ਤੇ ਗਾਜ ਡਿੱਗੀ ਸੀ। ਹੁਣ ਦੇਖਣਾ ਹੈ ਕਿ ਨਿਗਮ ਵਿਚ ਪੈਦਾ ਇਸ ਨੈਕਸਸ ਵਿਚ ਕਿਨ੍ਹਾਂ-ਕਿਨ੍ਹਾਂ 'ਤੇ ਬਿਜਲੀ ਡਿੱਗਦੀ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਜੇਕਰ ਠੇਕੇਦਾਰ ਬਲਰਾਮ ਮੋਂਗਾ, ਆਸ਼ੂ ਸ਼ਰਮਾ ਅਤੇ 1-2 ਹੋਰ ਠੇਕੇਦਾਰਾਂ ਦੇ ਟੈਂਡਰ ਛੱਡ ਕੇ ਬਾਕੀ ਟੈਂਡਰ ਚੈੱਕ ਕੀਤੇ ਜਾਣ ਤਾਂ ਪੂਲ 100 ਫ਼ੀਸਦੀ ਸਾਬਤ ਹੋ ਜਾਵੇਗਾ। ਸਵਾਲ ਇਹ ਹੈ ਕਿ ਕੀ ਨਿਗਮ ਪ੍ਰਸ਼ਾਸਨ ਸਖ਼ਤ ਐਕਸ਼ਨ ਲਵੇਗਾ ਜਾਂ ਫਿਰ ਕੁਝ ਅਫਸਰਾਂ ਦੀ ਮਿਲੀਭੁਗਤ 'ਤੇ ਪਰਦਾ ਪਾਇਆ ਜਾਵੇਗਾ। ਉਂਝ ਇਸ ਕੇਸ ਦੀ ਇੰਟਰਨਲ ਜਾਂਚ ਸ਼ੁਰੂ ਹੋ ਚੁੱਕੀ ਹੈ ਪਰ ਮਾਮਲਾ ਸਟੇਟ ਵਿਜੀਲੈਂਸ ਅਤੇ ਲੋਕਲ ਬਾਡੀਜ਼ ਦੇ ਸੀ. ਵੀ. ਓ. ਤਕ ਜਾਣ ਦੇ ਪੂਰੇ ਆਸਾਰ ਹਨ, ਜਿਨ੍ਹਾਂ ਦੀ ਜਾਂਚ ਨਾਲ ਹੀ ਅਫਸਰਾਂ, ਠੇਕੇਦਾਰਾਂ ਅਤੇ ਸਿਆਸੀ ਆਗੂਆਂ ਦੇ ਗੱਠਜੋੜ ਦਾ ਪਰਦਾਫਾਸ਼ ਹੋਵੇਗਾ।

## ਲੈਂਡ ਪੂਲਿੰਗ ਸਕੀਮ ਵਾਪਸ ਲਏ ਜਾਣ 'ਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸੌਂਦ ਦਾ ਵੱਡਾ ਬਿਆਨ

ਖੰਨਾ 13 ਅਗਸਤ। ਕੈਬਨਿਟ ਮੰਤਰੀ ਤਰੁਣਪ੍ਰੀਤ ਸੌਂਦ ਨੇ ਲੈਂਡ ਪੂਲਿੰਗ ਸਕੀਮ ਵਾਪਸ ਲਏ ਜਾਣ 'ਤੇ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸਾਡੇ ਸਿਰ ਦੇ ਤਾਜ ਹਨ। ਉਨ੍ਹਾਂ ਨੂੰ ਇਹ ਸਕੀਮ ਚੰਗੀ ਨਹੀਂ ਲੱਗੀ ਤਾਂ ਪੰਜਾਬ ਸਰਕਾਰ ਨੇ ਇਕ ਪਰਿਵਾਰ ਵਾਂਗ ਇਸ ਨੂੰ ਵਾਪਸ ਲੈ ਲਿਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਹੈ। ਉਹ ਇੱਥੇ ਖੰਨਾ ਦੀ ਮਾਰਕੀਟ ਕਮੇਟੀ 'ਚ ਕਿਸਾਨ ਵਿੰਗ ਖੰਨਾ ਦੇ ਪ੍ਰਧਾਨ ਅਤੇ ਜਰਨਲ ਸਕੱਤਰ ਨਿਯੁਕਤੀ ਕਰਨ ਲਈ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਦੋਵੇਂ ਸੁਪਰੀਮ ਲੀਡਰਾਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੀ ਕਿਸਾਨੀ ਪ੍ਰਤੀ ਸਭ ਤੋਂ ਸੰਵੇਦਨਸ਼ੀਲ ਸੋਚ ਹੈ। ਕੇਂਦਰ ਵੱਲੋਂ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਹੋਏ ਕਿਸਾਨ ਅੰਦੋਲਨ ਦੌਰਾਨ ਆਮ ਆਦਮੀ ਪਾਰਟੀ ਨੇ ਡਟ ਕੇ ਕਿਸਾਨਾਂ ਦੀ ਹਮਾਇਤ ਕੀਤੀ ਸੀ। ਉਨ੍ਹਾਂ ਕਿਹਾ ਕਿ ਜਦੋਂ ਸਾਨੂੰ ਲੱਗਿਆ ਕਿ ਕਿਸਾਨ ਸਾਡੇ ਸਿਰ ਦੇ ਤਾਜ ਹਨ। ਉਨ੍ਹਾਂ ਨੂੰ ਜੇ ਇਹ ਯੋਜਨਾ ਚੰਗੀ ਨਹੀਂ ਲੱਗੀ ਤਾਂ ਇਸ ਨੂੰ ਵਾਪਸ ਲੈ ਲਿਆ ਹੈ। ਜਿਵੇਂ ਪਰਿਵਾਰ ਵਿਚ ਕਿਸੇ ਨੂੰ ਕੋਈ ਫ਼ੈਸਲਾ ਪਸੰਦ ਨਾ ਆਵੇ ਤਾਂ ਉਸ ਬਾਰੇ ਦੁਬਾਰਾ ਸੋਚਿਆ ਜਾਂਦਾ ਹੈ। ਉਨ੍ਹਾਂ ਨੇ ਇਸ ਫ਼ੈਸਲੇ ਲਈ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੀ ਹੈ।

## ਨਵਜੰਮੇ ਬੱਚੇ ਦੀ ਮੌਤ ਤੋਂ ਬਾਅਦ ਹੰਗਾਮਾ, ਪੀੜਤ ਪਰਿਵਾਰ ਨੇ ਕੀਤਾ ਪ੍ਰਦਰਸ਼ਨ

ਲੁਧਿਆਣਾ 13 ਅਗਸਤ। ਟਿੱਬਾ ਰੋਡ ਦੇ ਇਕ ਨਿੱਜੀ ਹਸਪਤਾਲ 'ਚ ਸ਼ੁੱਕਰਵਾਰ ਦੀ ਦੁਪਹਿਰ ਨੂੰ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਇਕ ਨਵਜੰਮੇ ਬੱਚੇ ਦੀ ਮੌਤ ਹੋ ਗਈ। ਇਸ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੇ ਰਿਸ਼ਤੇਦਾਰਾਂ ਨਾਲ ਮਿਲ ਕੇ ਹਸਪਤਾਲ ਦੇ ਬਾਹਰ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਨਵਜੰਮੇ ਬੱਚੇ ਦੀ ਮੌਤ ਲਈ ਹਸਪਤਾਲ ਦੇ ਡਾਕਟਰ ਨੂੰ ਜ਼ਿੰਮੇਵਾਰ ਠਹਿਰਾਇਆ। ਸੂਚਨਾ ਮਿਲਣ ਤੋਂ ਬਾਅਦ ਟਿੱਬਾ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਕਿਸੇ ਤਰ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕੀਤਾ, ਜਿਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਡਾਕਟਰ ਖ਼?ਲਾਫ਼ ਕਾਰਵਾਈ ਦੀ ਮੰਗ ਕੀਤੀ ਤਾਂ ਪੁਲਸ ਨੇ ਜਾਂਚ ਤੋਂ ਬਾਅਦ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਜਾਣਕਾਰੀ ਦਿੰਦੇ ਹੋਏ ਆਸ਼ੂ ਨੇ ਦੱਸਿਆ ਕਿ ਉਸ ਦਾ ਕੁੱਝ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ



ਉਸ ਦੀ ਪਤਨੀ ਪਾਇਲ ਗਰਭਵਤੀ ਸੀ। ਇਲਾਕੇ ਦੇ ਹੀ ਹਸਪਤਾਲ 'ਚ ਇਲਾਜ ਚੱਲ ਰਿਹਾ ਸੀ। ਬੁੱਧਵਾਰ ਸਵੇਰੇ ਡਾਕਟਰਾਂ ਨੇ ਉਸ ਦੀ ਡਿਲਵਰੀ ਕਰਵਾਈ। ਇਸ ਦੌਰਾਨ ਡਾਕਟਰਾਂ ਨੇ ਦੱਸਿਆ ਕਿ ਔਰਤ ਨੇ ਇਕ ਮ੍ਰਿਤਕ ਬੱਚੇ ਨੂੰ ਜਨਮ ਦਿੱਤਾ ਹੈ। ਜਦੋਂ ਉਹ ਬੱਚੇ ਨੂੰ ਦਫਨਾਉਣ ਗਏ ਤਾਂ ਬੱਚਾ ਅਜੇ ਵੀ ਸਾਹ ਲੈ ਰਿਹਾ ਸੀ। ਜਦੋਂ ਉਹ ਬੱਚੇ ਨੂੰ ਲੈ ਕੇ ਹਸਪਤਾਲ ਪਹੁੰਚੇ ਤਾਂ ਡਾਕਟਰ ਨੇ ਫਿਰ ਕਿਹਾ ਕਿ ਬੱਚੇ ਦੀ ਮੌਤ ਹੋ ਚੁੱਕੀ ਹੈ। ਆਸ਼ੂ ਨੇ ਆਪਣੇ ਮਾਲਕ ਰਾਜੇਸ਼ ਗੁਪਤਾ ਨੂੰ ਫੋਨ ਕਰ ਕੇ ਬੁਲਾਇਆ ਅਤੇ ਬੱਚੇ ਨੂੰ ਇਲਾਜ ਲਈ ਸਿਵਲ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਬੱਚਾ ਅਜੇ ਵੀ ਜ਼ਿੰਦਾ ਹੈ ਅਤੇ ਸਾਹ ਲੈ ਰਿਹਾ ਹੈ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਤੁਰੰਤ ਬੱਚੇ ਦਾ ਇਲਾਜ ਸ਼ੁਰੂ ਕਰ ਦਿੱਤਾ ਪਰ ਅੱਧੇ ਘੰਟੇ ਬਾਅਦ ਬੱਚੇ ਦੀ ਮੌਤ ਹੋ ਗਈ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਕਿਹਾ ਕਿ ਜੇਕਰ ਬੱਚੇ ਨੂੰ ਸਮੇਂ ਸਿਰ ਇਲਾਜ ਮਿਲਦਾ ਤਾਂ ਉਸ ਦੀ ਜਾਨ ਬਚਾਈ ਜਾ ਸਕਦੀ ਸੀ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਉਨ੍ਹਾਂ ਦੇ ਬੱਚੇ ਦੀ ਮੌਤ ਨਿੱਜੀ ਹਸਪਤਾਲ ਦੇ ਡਾਕਟਰ ਦੀ ਲਾਪਰਵਾਹੀ ਕਾਰਨ ਹੋਈ ਹੈ। ਇਸ ਲਈ ਉਨ੍ਹਾਂ ਨੇ ਹੰਗਾਮਾ ਕੀਤਾ ਅਤੇ ਸੜਕ ਜਾਮ ਕਰ ਦਿੱਤੀ, ਜਿਸ ਤੋਂ ਬਾਅਦ ਪੁਲਸ ਉੱਥੇ ਪਹੁੰਚ ਗਈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਹੈ ਕਿ ਹਸਪਤਾਲ ਖ਼?ਲਾਫ਼ ਸਖ਼ਤ ਕਾਰਵਾਈ ਦੀ ਕੀਤੀ ਜਾਵੇ। ਥਾਣ ਟਿੱਬਾ 'ਚ ਤਾਇਨਾਤ ਸਬ-ਇੰਸਪੈਕਟਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਆਸ਼ੂ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਹੈ ਅਤੇ ਹਸਪਤਾਲ ਖ਼?ਲਾਫ਼ ਦੋਸ਼ ਲਗਾਏ ਹਨ। ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਜੇਕਰ ਇਲਾਜ ਦੌਰਾਨ ਕੋਈ ਲਾਪਰਵਾਹੀ ਸਾਹਮਣੇ ਆਈ ਤਾਂ ਹਸਪਤਾਲ ਪ੍ਰਸ਼ਾਸਨ ਖ਼?ਲਾਫ਼ ਕਾਰਵਾਈ ਕੀਤੀ ਜਾਵੇਗੀ।

## ਪਿੰਡ ਸੇਖੂਪਰਾ ਤੇ ਕਲਾਨੌਰ ਵਿਖੇ ਬਣੀਆਂ ਅਣ-ਅਧਿਕਾਰਤ ਕਲੋਨੀਆਂ 'ਤੇ ਚਲਾਇਆ ਪੀਲਾ ਪੰਜਾ

ਕੌਮੀ ਪੱਤ੍ਰਿਕਾ

ਗੁਰਦਾਸਪੁਰ 13 ਅਗਸਤ। ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਣ-ਅਧਿਕਾਰਤ ਕਲੋਨੀਆਂ ਨੂੰ ਸਮੇਂ-ਸਮੇਂ 'ਤੇ ਪਾਪਰਾ ਐਕਟ 1995 ਦੀ ਉਲੰਘਣਾ ਤਹਿਤ ਨੋਟਿਸ ਜਾਰੀ ਕੀਤੇ ਗਏ ਅਤੇ ਸਮੇਂ-ਸਮੇਂ ਤੇ ਡਿਮੋਲਿਸ ਕੀਤਾ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਜਿੰਦਰ ਸਿੰਘ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਗੁਰਵਿੰਦਰ ਸਿੰਘ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਗੀਤਿਕਾ ਅਰੋੜਾ ਜ਼ਿਲ੍ਹਾ ਨਗਰ ਯੋਜਨਾਕਾਰ, ਪੁਨੀਤ ਡਿਗਰਾ ਸਹਾਇਕ ਨਗਰ ਯੋਜਨਾਕਾਰ, ਪ੍ਰਭਜੋਤ ਸਿੰਘ ਸਹਾਇਕ ਨਗਰ ਯੋਜਨਾਕਾਰ, ਦਿਨੇਸ਼ ਕੁਮਾਰ ਜੂਨੀਅਰ ਇੰਜੀਨੀਅਰ ਅਤੇ ਜ਼ਿਲ੍ਹਾ ਪ੍ਰਸ਼ਾਸਨ/ ਰੈਗੂਲੇਟਰੀ ਟੀਮ ਵੱਲੋਂ ਅੱਜ ਵੱਡੀ ਕਾਰਵਾਈ ਕਰਦਿਆਂ ਪਿੰਡ ਸੇਖੂਪਰਾ ਅਤੇ ਕਲਾਨੌਰ ਵਿਖੇ ਪਾਪਰਾ ਐਕਟ 1995 ਦੀ ਉਲੰਘਣਾ ਕਰਦੇ ਹੋਏ ਹੋਂਦ ਵਿੱਚ ਲਿਆਂਦੀਆਂ ਅਣ-ਅਧਿਕਾਰਤ ਕਲੋਨੀਆਂ ਨੂੰ ਢਾਹ ਦਿੱਤਾ ਗਿਆ। ਵਧੀਕ ਡਿਪਟੀ ਕਮਿਸ਼ਨਰ (ਜ) ਹਰਜਿੰਦਰ ਸਿੰਘ ਜੀ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਸੇਖੂਪਰਾ ਅਤੇ ਕਲਾਨੌਰ ਵਿਖੇ ਵਿਕਸਿਤ ਕੀਤੀ ਗਈ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਿਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਿਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਸਰਕਾਰ ਤੋਂ ਮਨਜ਼ੂਰਸ਼ੁਦਾ ਨਹੀਂ ਹਨ, ਉਨ੍ਹਾਂ ਵਿੱਚ ਪਲਾਟ ਨਾ ਖ਼ਰੀਦਿਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਕਲੋਨੀ ਵਿੱਚ ਪਲਾਟ ਖ਼ਰੀਦਣ ਤੋਂ ਪਹਿਲਾਂ ਸਰਕਾਰ ਦੀ ਮਨਜ਼ੂਰੀ ਦੀ ਮੰਗ ਜ਼ਰੂਰ ਕੀਤੀ ਜਾਵੇ ਤਾਂ ਜੋ ਉਨ੍ਹਾਂ ਦੇ ਧੰਨ-ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਪੁੱਡਾ ਦੇ ਖੇਤਰ ਵਿੱਚ 19 ਮਾਰਚ 2018 ਤੋਂ ਪਹਿਲਾਂ ਦੀਆਂ ਜੋ ਵੀ ਅਣ-ਅਧਿਕਾਰਤ ਕਲੋਨੀਆਂ ਅਪਲਾਈਡ ਹਨ, ਉਹ ਕਲੋਨਾਈਜ਼ਰ ਲੋੜੀਂਦੇ ਦਸਤਾਵੇਜ਼ ਜਮਾਂ ਕਰਵਾਉਂਦੇ ਹੋਏ ਤੁਰੰਤ ਆਪਣੀਆਂ ਕਲੋਨੀਆਂ ਨੂੰ ਰੈਗੂਲਰ ਕਰਵਾਉਣ ਨਹੀਂ ਤਾਂ ਉਨ੍ਹਾਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਲੋਨਾਈਜ਼ਰ/ ਪ੍ਰਮੋਟਰ ਵਿਭਾਗ ਦੀ ਬਿਨਾਂ ਪ੍ਰਵਾਨਗੀ ਲਏ ਕੋਈ ਉਸਾਰੀ ਕਰਦਾ ਹੈ ਤਾਂ ਉਨ੍ਹਾਂ ਖ਼?ਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਭਾਰਤੀ ਸੇਨਾ ਦੀ ਬਹਾਦਰੀ ਅਤੇ ਸਨਮਾਨ ਵਿੱਚ ਕੱਡੀ ਗਈ ਤਿਰੰਗਾ ਯਾਤਰਾ

ਚੰਡੀਗੜ੍ਹ, 13 ਅਗਸਤ: ਹਰਿਆਣਾ ਦੇ ਸਹਿਕਾਰਤਾ, ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬੇ ਵਿੱਚ ਤਿਰੰਗਾ ਯਾਤਰਾਵਾਂ ਦਾ ਆਯੋਜਨ ਹੋ ਰਿਹਾ ਹੈ। ਦੇਸ਼ ਦੀ ਸੇਨਾ ਨੇ ਆਪਰੇਸ਼ਨ ਸਿੰਦੂਰ ਅਤੇ ਇਸ ਦੇ ਬਾਅਦ ਪਾਕਿਸਤਾਨ ਦੇ ਘਰ ਵਿੱਚ ਘੁਸ ਕੇ ਜੋ ਸਬਕ ਸਿਖਾਇਆ ਹੈ, ਉਸ ਨਾਲ ਪੂਰੀ ਦੁਨਿਆ ਵਿੱਚ ਭਾਰਤ ਦਾ ਮਾਨ ਸਨਮਾਨ ਵਧਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਤਿਰੰਗਾ ਯਾਤਰਾ ਰਾਹੀਂ ਹਜ਼ਾਰਾਂ ਨਾਗਰਿਕਾਂ ਵਿੱਚ ਕੌਮੀ ਏਕਤਾ, ਭਾਈਚਾਰਾ, ਪ੍ਰੇਮ ਅਤੇ ਦੇਸ਼ ਨੂੰ ਅੱਗੇ ਵਧਾਉਣ ਦੀ ਸੋਚ ਮਜਬੂਤ ਹੋ ਰਹੀ ਹੈ। ਸੋਮਵਾਰ ਨੂੰ ਗੋਹਾਨਾ ਵਿੱਚ ਆਯੋਜਿਤ ਤਿਰੰਗਾ ਯਾਤਰਾ ਦੀ ਅਗਵਾਈ ਕਰਦੇ ਹੋਏ ਡਾ. ਅਰਵਿੰਦ ਸ਼ਰਮਾ ਨੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੀ ਮੂਰਤੀ 'ਤੇ ਫੁੱਲਾਂ ਦਾ ਹਾਰ ਪਾਇਆ ਅਤੇ ਸ਼ਹੀਦ ਸਮਾਰਕ ਤੱਕ ਹਜ਼ਾਰਾਂ ਕਾਰਜ ਕਰਤਾਵਾਂ ਅਤੇ ਸਕੂਲੀ ਬੱਚਿਆਂ ਨਾਲ ਪੈਦਲ ਯਾਤਰਾ ਕਰਦੇ ਹੋਏ ਤਿਰੰਗਾ ਯਾਤਰਾ ਕੱਡੀ। ਇਸ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕੈਬੀਨੇਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਅੱਜ ਚੌਣ ਕਮੀਸ਼ਨ ਦੀ ਨਿਸ਼ਪੱਖਤਾ 'ਤੇ ਸੁਆਲ ਉਹੀ ਲੋਕ ਚੁੱਕ ਰਹੇ ਹਨ ਜਿਨ੍ਹਾਂ ਦਾ ਇਤਿਹਾਸ ਬੂਥ ਲੂਟਣ ਅਤੇ ਫਰਜੀ ਵੋਟਿੰਗ ਦਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗ੍ਰੇਸ ਨੈਰੇਟਿਵ ਸੇਟ ਕਰਨ ਵਿੱਚ ਮਾਹਿਰ ਹੈ। ਲੋਕਸਭਾ ਚੌਣ ਵਿੱਚ ਵੀ ਸੰਵਿਧਾਨ ਨੂੰ ਬਦਲਣ ਦਾ ਭ੍ਰਮ ਫੈਲਾਇਆ ਗਿਆ, ਜਦੋਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਡੀਐਨਏ ਸਰਕਾਰ ਸੰਵਿਧਾਨ ਨੂੰ ਮਜਬੂਤੀ ਦੇ ਰਹੀ ਹੈ ਅਤੇ ਭਾਰਤ ਨੂੰ ਦੁਨਿਆਵੀ ਪਛਾਣ ਦਿਲਾ ਰਿਹਾ ਹੈ। ਰਾਹੁਲ ਗਾਂਧੀ ਦੇ ਆਰੋਪਾਂ 'ਤੇ ਉਨ੍ਹਾਂ ਨੇ ਕਿਹਾ ਕਿ ਦੇਸ਼ ਕਾਂਗ੍ਰੇਸ-ਮੁਕਤ ਭਾਰਤ ਵੱਲ ਵੱਧ ਰਿਹਾ ਹੈ ਜਿਸ ਨਾਲ ਕਾਂਗ੍ਰੇਸ ਬੌਖਲਾ ਗਈ ਹੈ।

## ਹੜ੍ਹ ਦੇ ਖਤਰੇ 'ਚ ਪੰਜਾਬ, ਪੌਂਗ ਡੈਮ ਤੇ ਚੱਕੀ ਦਰਿਆ ਤੋਂ ਲਗਾਤਾਰ...

ਕੌਮੀ ਪੱਤ੍ਰਿਕਾ

ਗੁਰਦਾਸਪੁਰ 13 ਅਗਸਤ। ਪਿਛਲੇ ਕੁਝ ਦਿਨਾਂ ਤੋਂ ਪੈ ਰਹੇ ਮੋਹਲੇਧਾਰ ਮੀਂਹ ਕਾਰਨ ਬਿਆਸ 'ਚ ਇੱਕ ਵਾਰ ਫਿਰ ਪਾਣੀ ਦਾ ਉਛਾਲ ਆਇਆ ਹੈ। ਕੁਝ ਥਾਈਂ ਦਰਿਆ ਬਿਆਸ ਦਾ ਪਾਣੀ ਆਪਣੇ ਕਿਨਾਰਿਆਂ ਨੂੰ ਲੰਘਦਾ ਹੋਇਆ ਧੁੱਸੀ ਬੰਨ੍ਹ ਅੰਦਰਲੇ ਖੇਤਾਂ ਵਿੱਚ ਬੀਜੀਆਂ ਹੋਈਆਂ ਫਸਲਾਂ ਵਿੱਚ ਦਾਖਲ ਹੋ ਗਿਆ ਹੈ, ਜਿਸ ਕਾਰਨ ਕਈ ਡੂੰਘੇ ਥਾਵਾਂ 'ਤੇ ਫਸਲਾਂ ਪਾਣੀ 'ਚ ਡੁੱਬ ਰਹੀਆਂ ਹਨ। ਇਹ ਪਾਣੀ ਲਗਾਤਾਰ ਧੁੱਸੀ ਬੰਨ੍ਹ ਵੱਲ ਵਧ ਰਿਹਾ ਹੈ। ਭਾਵੇਂ ਕਿ ਅਜੇ ਪਾਣੀ ਧੁੱਸੀ ਬੰਨ੍ਹ ਦੇ ਨਾਲ ਨਹੀਂ ਲੱਗਾ ਪਰ ਮੌਸਮ ਵਿਭਾਗ ਵੱਲੋਂ ਬਰਸਾਤ ਬਾਰੇ ਕੀਤੀ ਪੇਸ਼ਨਗੋਈ ਅਨੁਸਾਰ ਜੇਕਰ ਪਹਾੜੀ ਖੇਤਰ 'ਚ ਬਰਸਾਤ ਜਾਰੀ ਰਹੀ ਤਾਂ ਡੈਮ 'ਚ ਪਾਣੀ ਦਾ ਪੱਧਰ ਵਧਣ ਤੋਂ ਬਾਅਦ ਦਰਿਆ ਬਿਆਸ 'ਚ ਪਾਣੀ ਛੱਡਿਆ ਜਾ ਸਕਦਾ ਹੈ, ਨਾਲ ਹੀ ਚੱਕੀ ਦਰਿਆ ਦਾ ਪਾਣੀ ਵੀ ਦਰਿਆ ਬਿਆਸ ਵਿੱਚ ਮਿਲਣ ਕਾਰਨ 2023 ਵਾਂਗ ਇੱਕ ਵਾਰ ਫਿਰ ਹੜ੍ਹਾਂ ਵਰਗੇ ਹਾਲਾਤ ਬਣ ਸਕਦੇ ਹਨ। 2023 ਵਿੱਚ ਧੁੱਸੀ ਬੰਨ ਚ ਪਾੜ ਪੂਰਨ ਵਾਲੇ ਕੰਵਲਪਰੀਤ ਸਿੰਘ ਕਾਕੀ ਅਤੇ ਉਨ੍ਹਾਂ ਦੇ ਸਾਥੀਆਂ ਤੋਂ ਇਲਾਵਾ ਕਿਸਾਨ ਅਤੇ ਕਿਸਾਨ ਆਗੂਆਂ ਨੇ ਪਿੰਡ ਜਗਤਪੁਰ ਦਾ ਦੌਰਾ ਕੀਤਾ। ਗੱਲਬਾਤ ਕਰਦੇ ਹੋਏ ਕੰਵਲਪ੍ਰੀਤ ਸਿੰਘ ਕਾਕੀ ਕਿਸਾਨ ਆਗੂ ਬਲਜਿੰਦਰ ਸਿੰਘ ਅਤੇ ਮਾਰਕੀਟ ਕਮੇਟੀ ਦੀਨਾਨਗਰ ਦੇ ਚੇਅਰਮੈਨ ਬਲਜੀਤ ਸਿੰਘ ਖਾਲਸਾ ਨੇ ਕਿਹਾ ਕਿ ਦਰਿਆ ਬਿਆਸ 'ਚ ਜੇਕਰ ਪਾਣੀ ਦਾ ਪੱਧਰ ਵਧਿਆ ਤਾਂ ਵੱਡਾ ਖਤਰਾ ਹੋ ਸਕਦਾ ਹੈ। ਇਸ ਮੌਕੇ ਕੰਵਲ ਪ੍ਰੀਤ ਸਿੰਘ ਕਾਕੀ ਨੇ ਕਿਹਾ ਕਿ ਉਨ੍ਹਾਂ ਦੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਪੀਡਬਲਡੀ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਹੋ ਚੁੱਕੀ ਹੈ। ਉਨ੍ਹਾਂ ਵੱਲੋਂ ਤਿੰਨ ਸਾਲ ਪਹਿਲਾਂ ਟੁੱਟੇ ਹੋਏ ਸਪਰ ਨੂੰ ਮੁਰੰਮਤ ਕਰਨ ਦਾ ਭਰੋਸਾ



ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਭਾਗ ਕੋਈ ਕਾਰਵਾਈ ਨਹੀਂ ਕਰਦਾ ਤਾਂ ਉਹ ਆਪਣੀਆਂ ਟੀਮਾਂ ਨਾਲ ਇਹ ਸੇਵਾ ਨਿਭਾਉਣਗੇ। ਇਸ ਮੌਕੇ ਕਿਸਾਨ ਆਗੂ ਬਲਜਿੰਦਰ ਸਿੰਘ ਨੇ ਕਿਹਾ ਹੈ ਕਿ 2023 ਵਾਂਗ ਲੋਕਾਂ ਵਿੱਚ ਇੱਕ ਵਾਰੀ ਸਹਿਮ ਦਾ ਮਾਹੌਲ ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਲ 2023 'ਚ ਲੋਕਾਂ ਦੀ ਲੱਖਾਂ ਰੁਪਏ ਦੀ ਫਸਲ ਹੜ੍ਹ ਦੇ ਪਾਣੀ ਨਾਲ ਬਰਬਾਦ ਹੋ ਗਈ ਸੀ। ਇਸ ਤੋਂ ਇਲਾਵਾ ਸੜਕਾਂ ਅਤੇ ਪੁਲਾਂ ਦੀ ਵੀ ਬਰਬਾਦੀ ਹੋਈ ਸੀ। ਇਸ ਲਈ ਸਰਕਾਰ ਨੂੰ ਤੁਰੰਤ ਹੜ ਰੋਕਣ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਅਤੇ ਡਰੇਨ ਵਿਭਾਗ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਇਸ ਸਮੱਸਿਆ ਨਾਲ ਨਜਿਠਣ ਲਈ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸਪਰ ਦੀ ਸਮਾਂ ਰਹਿੰਦਿਆਂ ਹੀ ਮੁਰੰਮਤ ਕਰ ਦਿੱਤੀ ਜਾਵੇਗੀ, ਲੋਕਾਂ ਨੂੰ ਕਿਸੇ ਤਰ੍ਹਾਂ ਦੀ ਵੀ ਘਬਰਾਹਟ 'ਚ ਆਉਣ ਦੀ ਲੋੜ ਨਹੀਂ ਹੈ।